
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 14
July 12, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





**ਫਰਿਜ਼ਨੋ ਏਰੀਏ ਦੀ ਸਿੱਖ ਸੰਗਤ ਦੀ ਗੋਰਿਆਂ ਦੇ ਸਮਾਗਮਾਂ ''ਚ ਸਮੂਲੀਅਤ, ਸਿੱਖ ਪਹਿਚਾਣ ਲਈ ਮੀਲ ਪੱਥਰ ਸਾਬਤ ਹੋਈ।**
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 24 'ਤੇ)



**ਖਿਡਾਰੀ ਤੋਂ ਬਿਜ਼ਨਸਮੈਨ ਤੋਂ ਮੇਅਰ–** ਲਾਸ ਮੋਲੀਨਸ ਦੇ ਹਰਦੀਪ ਸਿੰਘ ਬਣੇ ਮੇਅਰ। (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12-13 'ਤੇ)

# ਐਸ ਵਾਈ ਐਲ ਮੁੱਦੇ ਨੇ ਵਧਾਈ ਕੈਪਟਨ ਅਮਰਿੰਦਰ ਲਈ ਪ੍ਰੇਸ਼ਾਨੀ

**ਚੰਡੀਗੜ੍ਹ (ਬਿਊਰੋ)–** ਸੁਪਰੀਮ ਕੋਰਟ ਵੱਲੋਂ ਸਤਲੁਜ-ਯਮੁਨਾ ਲਿੰਕ (ਐਸ ਵਾਈ ਐਲ) ਨਹਿਰ ਦੇ ਨਿਰਮਾਣ ਦਾ ਫੈਸਲਾ ਲਾਗੂ ਕਰਾਉਣ ਲਈ ਕੀਤੀ ਜਾ ਰਹੀ ਸਖ਼ਤੀ ਕਾਰਨ ਪੰਜਾਬ 'ਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਮੁੱਖ ਮੰਤਰੀ ਵਜੋਂ ਕੈਪਟਨ ਨੇ ਆਪਣੀ ਪਹਿਲੀ ਪਾਰੀ ਦੌਰਾਨ ਪਾਣੀ ਬਾਰੇ ਸਾਰੇ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ-2004 ਪਾਸ ਕੀਤਾ ਸੀ, ਜਿਸ ਕਾਰਨ ਲਗਪਗ 13 ਸਾਲ ਤਕ ਨਿਰਮਾਣ ਟਲਿਆ ਰਿਹਾ ਪਰ ਹੁਣ ਫਿਰ ਇਹ ਮੁੱਦਾ ਸਿਰਦਰਦੀ ਬਣਦਾ ਜਾ ਰਿਹਾ ਹੈ। ਸੁਪਰੀਮ ਕੋਰਟ ਵੱਲੋਂ ਅਗਲੀ ਸੁਣਵਾਈ 7 ਸਤੰਬਰ ਤੈਅ ਕੀਤੇ ਜਾਣ ਕਾਰਨ ਪੰਜਾਬ ਸਰਕਾਰ ਨੇ ਦੋ ਮਹੀਨੇ ਹੋਰ ਮਿਲਣ ਉੱਤੇ ਰਾਹਤ ਮਹਿਸੂਸ ਕੀਤੀ ਹੈ। ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਐਸਵਾਈਐਲ ਦੀ



ਡੀ-ਨੋਟੀਫਾਈ ਕੀਤੀ ਜ਼ਮੀਨ ਬਾਰੇ ਫਿਲਹਾਲ ਸੁਪਰੀਮ ਕੋਰਟ ਨੇ ਕੋਈ ਫੈਸਲਾ ਨਹੀਂ ਦਿੱਤਾ ਹੈ। ਇਸ ਕਰਕੇ ਪੰਜਾਬ ਨੂੰ ਦੋ ਮਹੀਨੇ ਦੀ ਰਾਹਤ ਮਿਲ ਗਈ ਹੈ ਪਰ ਨਹਿਰ ਨਿਰਮਾਣ ਦਾ ਸੰਕਟ ਟਲਿਆ ਨਹੀਂ ਹੈ। ਪੰਜਾਬ ਸਰਕਾਰ ਪਹਿਲਾਂ ਪਾਣੀ ਦੀ ਮਾਤਰਾ ਨਿਸ਼ਚਿਤ ਕਰਨ ਉੱਤੇ ਜ਼ੋਰ ਦੇ ਰਹੀ ਹੈ। ਸਰਬਉੱਚ ਅਦਾਲਤ ਸਾਹਮਣੇ ਰੱਖੇ ਤੱਥਾਂ ਅਨੁਸਾਰ 1981-2013 ਦੀ ਜਲ ਵਹਾਅ ਸੀਰੀਜ਼ ਅਨੁਸਾਰ ਪੰਜਾਬ ਕੋਲ ਪਹਿਲਾਂ ਦੇ 17.17 ਮਿਲੀਅਨ ਏਕੜ ਫੁੱਟ (ਐਮ.ਏ.ਐਫ.) ਪਾਣੀ ਦੇ ਮੁਕਾਬਲੇ 13.38 ਐਮ.ਏ.ਐਫ. ਪਾਣੀ ਹੀ ਰਹਿ ਗਿਆ ਹੈ। ਪੰਜਾਬ ਦਾ ਪੱਖ ਹੈ ਕਿ ਜੇਕਰ ਇਹ ਸਾਬਤ ਹੋ ਗਿਆ ਕਿ ਪਾਣੀ ਹੀ ਘੱਟ ਹੈ ਤਾਂ ਫਿਰ ਨਹਿਰ ਬਣਾਉਣ ਦੀ ਕੋਈ ਤੁਕ ਨਹੀਂ ਰਹੇਗੀ। ਪਰ ਹਰਿਆਣਾ ਸਰਕਾਰ ਤੁਰੰਤ ਫੈਸਲਾ ਲਾਗੂ ਕਰਵਾਉਣ ਉੱਤੇ ਜ਼ੋਰ ਦੇ ਰਹੀ ਹੈ।

**(ਬਾਕੀ ਸਫਾ 9 'ਤੇ)**

# ਐਚ.ਐਸ. ਫੂਲਕਾ ਨੇ ਵਿਰੋਧੀ ਧਿਰ ਦੇ ਆਗੂ ਦਾ ਰੁਤਬਾ ਤਿਆਗਿਆ

**ਚੰਡੀਗੜ੍ਹ (ਬਿਊਰੋ)–** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਇਕ ਐਚ.ਐਸ. ਫੂਲਕਾ ਨੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਵਜੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਆਪਣਾ ਅਸਤੀਫ਼ਾ ਸਪੀਕਰ ਰਾਣਾ ਕੇਪੀ ਸਿੰਘ ਨੂੰ ਸੌਂਪਿਆ। ਸਪੀਕਰ ਨੇ ਫਿਲਹਾਲ ਅਸਤੀਫ਼ਾ ਮਨਜ਼ੂਰ ਨਹੀਂ ਕੀਤਾ ਅਤੇ ਵਿਚਾਰ ਲਈ ਰੱਖ ਲਿਆ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ 'ਚ ਵਿਧਾਇਕ ਦਲ ਦੇ ਆਗੂ ਦੀ ਚੋਣ ਲਈ 13 ਜੁਲਾਈ ਨੂੰ ਵਿਧਾਇਕਾਂ ਦੀ ਮੀਟਿੰਗ ਸੱਦ ਲਈ ਹੈ। ਪਾਰਟੀ ਹਾਈ ਕਮਾਂਡ ਨੇ ਵਿਧਾਇਕਾਂ ਨੂੰ ਮੀਟਿੰਗ ਦੇ ਸੁਨੇਹੇ ਲਾ ਦਿੱਤੇ ਹਨ, ਪਰ ਅਜੇ ਸਮਾਂ ਅਤੇ ਸਥਾਨ ਨਹੀਂ ਦੱਸਿਆ ਹੈ।

ਸ਼੍ਰੀ ਫੂਲਕਾ ਵੱਲੋਂ ਦਿੱਤੇ ਅਸਤੀਫ਼ੇ ਨਾਲ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਦਾ ਅਹੁਦਾ ਖ਼ਾਲੀ ਹੋ ਗਿਆ ਹੈ। ਸਰਕਾਰ ਵੱਲੋਂ ਲਏ ਜਾਣ ਵਾਲੇ ਕਈ ਅਹਿਮ ਫ਼ੈਸਲਿਆਂ ਵਿੱਚ ਵਿਰੋਧੀ ਧਿਰ ਦੇ ਆਗੂ ਦੀ ਲੋੜ



ਪੈਂਦੀ ਹੈ ਅਤੇ ਕਈ ਸਰਕਾਰੀ ਕਮੇਟੀਆਂ ਲਈ ਮੈਂਬਰੀ ਵੀ ਲਾਜ਼ਮੀ ਕੀਤੀ ਗਈ ਹੈ, ਪਰ ਆਗੂ ਦੀ ਗ਼ੈਰਹਾਜ਼ਰੀ ਵਿੱਚ ਵੀ ਕੰਮ ਰੂਟੀਨ ਵਾਂਗ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਯਾਦ ਰਹੇ ਕਿ ਫੂਲਕਾ ਨੇ ਦਿੱਲੀ ਬਾਰ ਕੌਂਸਲ ਨਾਲ ਦੰਗਾ ਪੀੜਤਾਂ ਦਾ ਕੇਸ ਲੜਨ ਨੂੰ ਜਾਰੀ ਰੱਖਣ ਦਰਮਿਆਨ ਅਹੁਦਾ ਛੱਡਣ ਬਾਰੇ ਆਪਣੇ ਫੈਸਲੇ ਦੀ ਜਾਣਕਾਰੀ ਪਹਿਲਾਂ ਹੀ ਪਾਰਟੀ ਹਾਈ ਕਮਾਂਡ ਨੂੰ ਦੇ ਦਿੱਤੀ ਸੀ ਅਤੇ 9 ਜੁਲਾਈ

**(ਬਾਕੀ ਸਫਾ 9 'ਤੇ)**



MANDEEP SANDHU
SANDHU IMMIGRATION CONSULTANT
ਇਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)


Bhupinder Kaur, CPA
BKG Accounting & Tax Services
"Committed to your success"
ਆਪਣੇ ਕਾਰੋਬਾਰ ਸਬੰਧੀ ਪੇਪਰਵਰਕ ਲਈ ਘਰ ਬੈਠਿਆਂ ਸਾਡੀਆ ਸੇਵਾਵਾਂ ਪ੍ਰਾਪਤ ਕਰੋ
*Accounting Services :* Bookkeeping, Day to day transactions, Bank reconciloation and IRS assistance.
*Tax Prep Services :* Individual, Partnerships, S-Corporations and LLCs.
*Payroll Services :* Payroll, 1099 (Independent Contractors), Quarterly Payroll taxes estimated payments.
Specialize in Truck Driving business
(IFTA, Weight Distance Tax Returns, Form 2290)
30% discount on remote Bookkeeping & Accounting Services

Kulvinder Singh, M.S. Commerce
(209)-261-0682, (209)-233-4573
E-mail: cpabkg@gmail.com
Website: www.cpabkg.com
Facebook: www.facebook.com/cpabkguru


ELITE REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828

BAGGA JEWELERS
SINCE 1996
916-912-8842,
916-329-8772
jewelers.Bagga@gmail.com
GRAND OPENING
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

# Raja SWEETS & CATERING



AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ    ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-338-5511
Email: IndiaMarketRoseville@gmail.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS

## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA BAZAAR



Jai Ram Gaught    Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

### ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਵਲੋਂ

# ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਗਰਾਂ ਨੂੰ ਸਮਰਪਿਤ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲਿਆਂ ਦਾ ਐਲਾਨ

**ਫਰਿਜ਼ਨੋ (ਬਿਊਰੋ)–** ਪਿਛਲੇ ਹਫਤੇ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਵਲੋਂ ਇਕ ਪਰਿਵਾਰਕ ਪਿਕਨਿਕ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਸਮੂਹ ਮੈਂਬਰਾਂ ਅਤੇ ਹਮਦਰਦਾ ਨੇ ਪਰਿਵਾਰਾਂ ਸਮੇਤ ਹਿਸਾ ਲਿਆ। ਫਰਿਜ਼ਨੋ ਦੇ ਇਤਿਹਾਸਿਕ ਕਰਨੀ ਪਾਰਕ ਦੇ ਵਿਸ਼ਾਲ ਵਿਹੜੇ ਵਿਚ ਉੱਚੇ ਸ਼ਾਨਾਮੱਤੇ ਦਰਖਤਾਂ ਦੀ ਠੰਢੀ ਛਾਂ ਵਿਚ ਹੋਈ ਇਸ ਪਿਕਨਿਕ ਦਾ ਸਭਨਾਂ ਦੇ ਭਰਪੂਰ ਅਨੰਦ ਮਾਣਿਆ। ਸਾਰਿਆ ਪਰਿਵਾਰਾਂ ਵਲੋਂ ਬਣਾ ਕੇ ਲਿਆਂਦੀਆਂ ਸਵਾਦੀ ਖਾਣ ਦੀਆਂ ਵਸਤਾਂ ਨੂੰ ਸਾਰਿਆ ਨੇ ਵੰਡ ਕੇ ਛਕਿਆ ਅਤੇ ਖੂਬ ਲੁਤਫ਼ ਉਠਾਇਆ। ਹਲਕੀਆਂ ਫੁਲਕੀਆ ਗੱਲਾ, ਲਤੀਫਿਆਂ ਅਤੇ ਕਵਿਤਾਵਾਂ ਤੋ ਇਲਾਵਾ ਕੁਝ ਗੰਭੀਰ ਮਸਲਿਆ ਤੇ ਵੀ ਵਿਚਾਰ ਚਰਚਾ ਹੋਈ।



ਇਸੇ ਵਕਤ ਪਿਛਲੇ ਦਿਨੀਂ ਕੀਤੇ ਫੈਸਲੇ ਨੂੰ ਦਰਿੜ ਕਰਦਿਆਂ ਸ਼ਹੀਦ ਊਧਮ ਸਿੰਘ ਸੁਨਾਮ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ 13 ਅਗਸਤ 2017 ਦਿਨ ਐਤਵਾਰ ਨੂੰ ਇੰਡੀਆ ਓਵਨ, ਫਰਿਜਨੋ ਦੇ ਹਾਲ ਮਨਾਉਣ ਦਾ ਫੈਸਲਾ ਲਿਆ। ਇਸ ਪ੍ਰੋਗਰਾਮ ਵਿਚ ਮੁੱਖ ਤੌਰ ਤੇ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲੇ ਕਰਵਾਏ ਜਾਣਗੇ। ਇਹ ਮੁਕਾਬਲੇ 1 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਹੋਣਗੇ। ਇਸ ਵਿਚ ਹਰ ਉਮਰ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ ਅਤੇ ਵਿਦਿਆਰਥੀਆਂ ਨੂੰ ਸਕੂਲ ਦੀ ਕਲਾਸ ਦੇ ਅਧਾਰ ਤੇ ਚਾਰ ਗਰੁੱਪਾਂ ਵਿਚ ਵੰਡਿਆ ਗਿਆ ਹੈ।

ਗਰੁੱਪ ਏ ਵਿਚ ਪਹਿਲੀ ਤੋਂ ਛੇਵੀਂ ਜਮਾਤ ਦੇ ਵਿਦਿਆਰਥੀ ਸ਼ਾਮਲ ਹੋਣਗੇ। ਇਸ ਗਰੁੱਪ ਨੂੰ ਸ਼ਹੀਦ ਊਧਮ ਸਿੰਘ, ਸ਼ਹੀਦ ਮਦਨ ਲਾਲ ਢੀਂਗਰਾਂ ਜਾ ਭਾਰਤ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਹੋਰ ਦੇਸ਼ ਭਗਤਾ ਦੀਆਂ ਜੀਵਨੀਆਂ ਤੇ ਅਧਾਰਤ ਕਵਿਤਾ, ਗੀਤ ਜਾਂ ਭਾਸ਼ਨ ਪੇਸ਼ ਕਰਨ ਦੀ ਖੁੱਲ ਹੋਵੇਗੀ। ਗਰੁੱਪ ਬੀ ਵਿਚ ਸਤਵੀਂ ਅਤੇ ਅਠਵੀਂ ਕਲਾਸ ਦੇ ਵਿਦਿਆਰਥੀ ਸ਼ਾਮਲ ਹੋਣਗੇ ਅਤੇ ਉਹ ਭਾਰਤ ਦੀ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦੀ ਦੀ ਜੱਦੋ ਜਹਿਦ, ਗਦਰ ਪਾਰਟੀ ਮੂਵਮੈਟ ਜਾਂ ਆਈ ਐਨ ਏ ਮੂਵਮੈਟ ਤੇ ਆਪਣਾ ਭਾਸ਼ਨ ਪੇਸ਼ ਕਰਨਗੇ।

ਗਰੁੱਪ ਸੀ ਵਿਚ ਹਾਈ ਸਕੂਲ ਦੇ ਵਿਦਿਆਰਥੀ ਹੋਣਗੇ ਅਤੇ ਉਨ੍ਹਾਂ ਦੇ ਭਾਸ਼ਨ ਦਾ ਵਿਸ਼ਾ 'ਅਮਰੀਕਾ ਅਤੇ ਇੰਮੀਗਰੇਸ਼ਨ' ਹੋਵੇਗਾ ਜਿਸ ਵਿਚ ਵਿਦਿਆਰਥੀ ਅਮੈਰੀਕਨ ਇੰਮੀਗਰੇਸਨ ਦੇ ਇਤਿਹਾਸ ਨੂੰ ਦੇਖਦੇ ਹੋਏ ਅੱਜ ਦੇ ਸੰਦਰਭ ਵਿਚ ਇੰਮੀਗਰੇਸ਼ਨ ਨਾਲ ਸਬੰਧਤ ਮਸਲਿਆ ਬਾਰੇ ਆਪਣੇ ਵਿਚਰ ਰੱਖਣਗੇ। ਗਰੁੱਪ ਡੀ ਵਿਚ ਕਾਲਜ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਸ਼ਾਮਲ ਹੋਣਗੇ ਅਤੇ ਉਨ੍ਹਾਂ ਦੇ ਭਾਸ਼ਨ ਦਾ ਵਿਸ਼ਾ 'ਸਮਾਜ ਵਿਚ ਮੀਡੀਏ ਦੀ ਭੂਮਿਕਾ' ਤੇ ਹੋਵੇਗਾ। ਇਸ ਵਿਸ਼ੇ ਤਹਿਤ ਦੇਸ਼ ਦੀ ਆਜ਼ਾਦੀ ਦੀ ਲੜਾਈ ਸਮੇਂ 'ਗਦਰ ਦੀ ਗੂੰਜ' ਅਤੇ ਹੋਰ ਅਖ਼ਬਾਰਾਂ ਵਲੋਂ ਪਾਏ ਯੋਗਦਾਨ ਬਾਰੇ ਵੀ ਗਲ ਹੋ ਸਕਦੀ ਹੈ।

ਸਾਰੇ ਗਰੁੱਪਾਂ ਨੂੰ ਪੰਜਾਬੀ ਹਿੰਦੀ ਜਾਂ ਅੰਗਰੇਜ਼ੀ ਵਿਚ ਭਾਸ਼ਨ ਕਰਨ ਦੀ ਖੁੱਲ ਹੋਵੇਗੀ। ਭਾਸ਼ਨ ਦਾ ਸਮਾਂ 3 ਮਿੰਟ ਤੋਂ 6 ਮਿੰਟ ਤੱਕ ਹੋਵੇਗਾ।ਗਰੁੱਪ ਏ ਅਤੇ ਬੀ ਚੋਂ ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂਆਂ ਨੂੰ 150, 100 ਤੇ 75 ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਗਰੁੱਪ ਸੀ ਅਤੇ ਡੀ ਵਿਚੋਂ ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂਆਂ ਨੂੰ 200, 150 ਅਤੇ 100 ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਇਨ੍ਹਾਂ ਮੁਕਾਬਲਿਆ ਲਈ ਆਪਣਾ ਨਾਂ ਰਜਿਸਟਰ ਕਰਵਾਉਣ ਅਤੇ ਨਿਯਮਾਂ ਦੀ ਕਾਪੀ ਲੈਣ ਲਈ ਅਤੇ ਫੋਰਮ ਦੀ ਈਮੇਲ ੀਓਿਂਰੁਮ@ਘਮਅਲਿ।ਛੋਮ ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ ਨਾਲ 559-618-0156 ਸੰਪਰਕ ਕਰ ਸਕਦੇ ਹੋ।

ਫੋਰਮ ਨੇ ਸਾਰੇ ਭਾਈਚਾਰੇ ਨੂੰ ਆਪਣੇ ਬੱਚਿਆ ਨੂੰ ਇਨ੍ਹਾਂ ਮੁਕਾਬਲਿਆਂ ਲਈ ਪ੍ਰੇਰਤ ਕਰਨ ਦੀ ਅਪੀਲ ਕੀਤੀ ਹੈ। ਇਸ ਤਰਾਂ ਦੇ ਮੁਕਾਬਲੇ ਕਰਵਾ ਕੇ ਫੋਰਮ ਸਾਡੇ ਬੱਚਿਆ ਨੂੰ ਚੰਗੇ ਸ਼ਹਿਰੀ ਅਤੇ ਵਧੀਆਂ ਲੀਡਰ ਬਣਨ ਵਿਚ ਆਪਣਾ ਹਿਸਾ ਪਾਉਣਾ ਚਾਹੁੰਦਾ ਹੈ।

# ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਵੱਲੋਂ ਬੱਚਿਆਂ ਲਈ ਲਾਏ ਜਾਂਦੇ ਕੈਂਪਾਂ ਵਿਚ ਬੇਮਿਸਾਲ ਹੁੰਗਾਰਾ

**ਫਰਿਜ਼ਨੋ ਕੈਲੇਫੋਰਨੀਆ–** ਜੀ. ਐਚ. ਜੀ. ਅਕੈਡਮੀ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਸਾਹਿਬਾਨ ਵੱਲੋਂ ਜੁਲਾਈ 9 ਐਤਵਾਰ ਨੂੰ ਫਰਿਜ਼ਨੋ ਪੰਜਾਬੀ ਸਕੂਲ ਵਿਖੇ 14 ਜੁਲਾਈ ਨੂੰ ਸ਼ੁਰੂ ਹੋਣ ਵਾਲੇ ਸਾਲਾਨਾ ਕੈਂਪਾਂ ਪ੍ਰਤੀ ਬੱਚਿਆਂ ਦੀ ਪ੍ਰੀ-ਰਜਿਸਟ੍ਰੇਸ਼ਨ ਕੀਤੀ ਗਈ। ਜਿਸ ਵਿਚ ਬੱਚਿਆਂ ਅਤੇ ਮਾਪਿਆਂ ਵਿਚ ਭਾਰੀ ਉਤਸ਼ਾਹ ਪਾਇਆ ਗਿਆ। 400 ਤੋਂ ਵਧੇਰੇ ਬੱਚਿਆਂ ਨੇ ਆਪਣੇ ਫਾਰਮ ਭਰ ਕੇ ਕੈਂਪਾਂ ਵਿਚ ਆਪਣੀ ਜਗ੍ਹਾ ਪੱਕੀ ਕੀਤੀ। ਇਹ ਕੈਂਪ 14 ਜੁਲਾਈ ਦਿਨ ਸ਼ੁੱਕਰਵਾਰ ਨੂੰ ਠੀਕ ਸ਼ਾਮ ਦੇ ਪੰਜ ਵਜੇ ਪੰਜਾਬੀ ਸਕੂਲ ਦੀਆ ਗਰਾਊਂਡਾਂ ਵਿਖੇ ਸ਼ੁਰੂ ਹੋ ਜਾਣਗੇ। ਉਸ ਦਿਨ ਦਾਖਲਾ ਫਾਰਮ ਵੀ ਲਏ ਜਾਣਗੇ। ਸਮੁੱਚੇ ਪੰਜਾਬੀ ਭਾਈਚਾਰੇ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚ ਕੇ ਆਪਣੇ ਬੱਚਿਆਂ ਨੂੰ ਇਸ ਕੈਂਪ ਦਾ ਹਿੱਸਾ ਬਣਾਓ। ਸਾਰੇ ਪ੍ਰਬੰਧ ਮੁਕੰਮਲ ਹੋ ਚੁੱਕੇ ਹਨ। ਰਜਿਸਟ੍ਰੇਸ਼ਨ ਸਮੇਂ ਬੱਚਿਆਂ ਦੇ ਮਾਪਿਆਂ ਨੇ ਅਕੈਡਮੀ ਦੇ ਇਸ ਉਤਮ ਕਾਰਜ ਦੀ ਸ਼ਲਾਘਾ ਕੀਤੀ ਅਤੇ ਦਿਲ ਖੋਲ੍ਹ ਕੇ ਵਿੱਤੀ ਸਹਾਇਤਾ ਦਿੱਤੀ। 14 ਜੁਲਾਈ ਤੋਂ 28 ਜੁਲਾਈ ਤੱਕ ਲਾਏ ਜਾਣ ਵਾਲੇ ਕੈਂਪਾਂ ਵਿਚ ਬੱਚਿਆਂ ਨੂੰ ਕਲਾ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਉਣ ਲਈ ਡਾ. ਦਲਜਿੰਦਰ ਸਿੰਘ ਸੋਹਲ ਦੀ ਅਗਵਾਈ ਹੇਠ ਅੰਤਰ ਰਾਸ਼ਟਰੀ ਕੋਚਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ।



ਇਹਨਾਂ ਕੈਂਪਾਂ ਦਾ ਸਮੁੱਚਾ ਪ੍ਰਬੰਧ ਹਰ ਸਾਲ ਅਕੈਡਮੀ ਦੇ ਯੂਥ ਵਿੰਗ ਵੱਲੋਂ ਕੀਤਾ ਜਾਂਦਾ ਹੈ, ਜੋ ਕਿ ਬੜਾ ਹੀ ਉਸਾਰੂ ਅਗਾਂਹਵਧੂ ਕਦਮ ਹੈ। 50 ਕੋਚਾਂ ਦਾ ਕਾਫਲਾ ਪੂਰੀ ਟਰੇਨਿੰਗ ਸਹਿਤ ਬੱਚਿਆਂ ਨੂੰ ਆਪਣੀ ਮਾਂ-ਬੋਲੀ ਅਤੇ ਸਭਿਆਚਾਰ ਨਾਲ ਵਾਕਫ ਕਰਨ ਲਈ ਬਿਲਕੁਲ ਤਿਆਰ ਹੈ। ਮਾਪਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ 14 ਜੁਲਾਈ ਠੀਕ ਪੰਜ ਵਜੇ ਪਹੁੰਚ ਕੇ ਆਪਣੇ ਬੱਚਿਆਂ ਨੂੰ ਦਾਖਲ ਕਰਾ ਸਕਦੇ ਹੋ।

ਇਹਨਾਂ ਕੈਂਪਾਂ ਦੀ ਸਮਾਪਤੀ ਤੋਂ ਬਾਅਦ 29 ਜੁਲਾਈ ਨੂੰ ਅੰਤਰ ਰਾਸ਼ਟਰੀ ਯੁਵਕ ਮੇਲਾ ਹੋਵੇਗਾ,ਜਿਸ ਵਿਚ ਸਾਰੇ ਸਿੱਖਿਆ ਪ੍ਰਾਪਤ ਵਿਦਿਆਰਥੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ ਅਤੇ ਅੰਤਰ ਰਾਸ਼ਟਰੀ ਜੂਨੀਅਰ ਭੰਗੜਾ ਮੁਕਾਬਲੇ ਦੌਰਾਨ ਚਖੋਟੀ ਦੀਆਂ 15 ਟੀਮਾਂ ਕੈਨੇਡਾ ਅਤੇ ਅਮਰੀਕਾ ਦੇ ਵੱਖੋ-ਵੱਖ ਸ਼ਹਿਰਾਂ ਵਿਚ ਇਕ-ਦੂਜੇ ਨਾਲ ਗਹਿਗੱਚ ਮੁਕਾਬਲੇ ਦੌਰਾਨ ਆਪਣੀ ਜ਼ੋਰ ਅਜ਼ਮਾਈ ਕਰਨਗੀਆਂ। ਪ੍ਰਬੰਧਕਾਂ ਵੱਲੋਂ ਸਮੁੱਚੇ ਪ੍ਰਵਾਸੀ ਪੰਜਾਬੀ ਪਰਿਵਾਰਾਂ ਨੂੰ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਆਓ ਆਪਾਂ ਰਲ ਕੇ ਸਾਰੇ ਇਹਨਾਂ ਕੈਂਪਾਂ ਅਤੇ ਅੰਤਰ ਰਾਸ਼ਟਰੀ ਯੁਵਕ ਮੇਲੇ ਦਾ ਹਿੱਸਾ ਬਣੀਏ ਅਤੇ ਬੱਚਿਆਂ ਨੂੰ ਆਸ਼ੀਰਵਾਦ ਦੇਈਏ। ਕੈਂਪਾਂ ਦੌਰਾਨ ਬੱਚਿਆਂ ਨੂੰ ਪੌਸ਼ਟਿਕ ਭੋਜਨ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਦੌਰਾਨ ਹਦਵਾਣਿਆਂ ਦੀ ਸੇਵਾ ਸ. ਗੁਰਦੀਪ ਸਿੰਘ ਬਿਲਨ ਵੱਲੋਂ ਕੀਤੀ ਜਾਂਦੀ ਹੈ ਅਤੇ ਵੱਖੋ ਵੱਖ ਪਰਿਵਾਰਾਂ ਵੱਲੋਂ ਕੈਂਪਾਂ ਦੌਰਾਨ ਲੰਗਰਾਂ ਦੀ ਸੇਵਾ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਗੁਰਦੀਪ ਸ਼ੇਰਗਿਲ ਨਾਲ 559-349-1481 ਜਾਂ ਪਰਮਜੀਤ ਧਾਲੀਵਾਲ ਨਾਲ 559-351-9465 ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਰਿਪੋਰਟ- ਪਰਮਜੀਤ ਸਿੰਘ ਧਾਲੀਵਾਲ**
**(554-351-9465)**

# ਲਾਈਵਓਕ ਦੀਆਂ ਤੀਆਂ 'ਚ ਬੀਬੀਆਂ ਨੂੰ ਮਿਸ ਪੂਜਾ ਨੇ ਨਚਾਇਆ

**ਲਾਈਵਓਕ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਹਰ ਵਰ੍ਹੇ ਯੂਬਾ ਸਿਟੀ ਦੇ ਲਾਗਲੇ ਸ਼ਹਿਰ ਲਾਈਵਓਕ ਦੀਆਂ ਤੀਆਂ ਵਿਚ ਜਿੱਥੇ ਵੱਖ-ਵੱਖ ਸਭਿਅਕ ਵੰਨਗੀਆਂ ਦੇਖਣ ਨੂੰ ਮਿਲਦੀਆਂ ਰਹੀਆਂ ਹਨ ਤੇ ਐਤਕਾਂ ਪ੍ਰੋਗਰਾਮ 'ਚ ਹੋਰ ਵਾਧਾ ਕਰਦਿਆਂ ਪ੍ਰਬੰਧਕਾਂ ਵੱਲੋਂ ਮਿਸ ਪੂਜਾ ਨੂੰ ਦਰਸ਼ਕ ਬੀਬੀਆਂ ਦਾ ਮਨੋਰੰਜਨ ਕਰਨ ਲਈ ਬੁਲਾਇਆ ਗਿਆ, ਜਿਸਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਬੀਬੀਆਂ ਦਾ ਖੂਬ ਮਨੋਰੰਜਨ ਕੀਤਾ। ਲਾਈਵ ਓਕ ਤੇ ਗਰਿਡਲੀ ਦੀਆਂ ਸਾਂਝੀਆਂ ਤੀਆਂ ਵਿਚ ਬੀਬੀਆਂ ਨੇ ਮਿਸ ਪੂਜਾ ਦੇ ਗੀਤਾਂ ਤੇ ਖੂਬ ਧਮਾਲ ਪਾਈ। ਗਰਮੀ ਦੇ ਬਾਵਜੂਦ ਬੀਬੀਆਂ ਨੇ ਅੰਤ ਤੱਕ ਸਾਰੀਆਂ




ਆਈਟਮਾਂ ਦਾ ਆਨੰਦ ਮਾਣਿਆ। ਇਸ ਤੀਆਂ ਦੇ ਮੇਲੇ ਵਿਚ ਵੱਖ-ਵੱਖ ਸ਼ਹਿਰਾਂ ਦੀਆਂ ਤੀਆਂ ਦੇ ਮੇਲਿਆਂ ਦੀਆਂ ਪ੍ਰਬੰਧਕਾਂ ਨੇ ਹੀ ਪੂਰਾ ਯੋਗਦਾਨ ਦਿੱਤਾ। ਮੁੱਖ ਪ੍ਰਬੰਧਕ ਜਸਮਿੰਦਰ ਮੱਟੂ ਨੇ ਦੱਸਿਆ ਕਿ ਪਹਿਲੇ ਸਾਲਾਂ ਨਾਲੋਂ ਗਰਮੀ ਦੇ ਬਾਵਜੂਦ ਬੀਬੀਆਂ ਦੀ ਰਿਕਾਰਡਤੋੜ ਆਮਦ ਰਹੀ, ਉਹਨਾਂ ਇਸ ਮੌਕੇ ਸਾਰੇ ਸਪਾਂਸਰਾਂ ਦਾ ਮਾਲੀ ਤੌਰ ਤੇ ਮਦਦ ਕਰਨ ਦਾ ਧੰਨਵਾਦ ਵੀ ਕੀਤਾ। ਸਟੇਜ ਦੀ ਕਾਰਵਾਈ ਬੀਬੀ ਆਸ਼ਾ ਸ਼ਰਮਾ ਨੇ ਬਾਖੂਬੀ ਨਿਭਾਈ। ਇਸ ਪ੍ਰੋਗਰਾਮ ਵਿਚ ਬੀਬੀਆਂ ਦਾ ਗਿੱਧਾ, ਬੱਚਿਆਂ ਦਾ ਗਿੱਧਾ, ਭੰਗੜੇ ਤੋਂ ਇਲਾਵਾ ਬੀਬੀਆਂ ਦੀਆਂ ਖੁੱਲ੍ਹੀਆਂ ਬੋਲੀਆਂ ਆਕਰਸ਼ਿਤ ਰਹੀਆਂ। ਬੀਬੀਆਂ ਨ ਅਖੀਰ ਵਿਚ ਪਿੜ ਮੱਲ ਲਿਆ ਅਤੇ ਖੂਬ ਧਮਾਲ ਪਾਈ। ਇਸ ਮੌਕੇ ਬਖਸ਼ਿੰਦਰ ਖਿਆੜਾ ਤੇ ਪ੍ਰਬੰਧਕਾਂ ਵੱਲੋਂ ਮਿਸ ਪੂਜਾ ਨੂੰ ਪਲੈਕ ਦੇ ਕੇ ਸਨਮਾਨਿਤ ਵੀ ਕੀਤਾ।

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੇ ਮਨਾਈ ਗੁਰੂ ਘਰ ਦੀ 32ਵੀਂ ਵਰ੍ਹੇਗੰਢ

**ਪਿਟਸਬਰਗ (ਕੈਲੇਫੋਰਨੀਆ)** – ਬੀਤੇ ਦਿਨੀ. ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸ-ਬਰਗ ਵਿਖੇ ਗੁਰੂ ਘਰ ਦੀ 32ਵੀਂ ਵਰ੍ਹੇਗੰਢ ਮੌਕੇ ਤੇ ਜਿੱਥੇ ਵਿਸ਼ੇਸ਼ ਦੀਵਾਨ ਸਜਾਏ ਗਏ, ਉਥੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵੀ 'ਗੁਰਦੁਆਰਾ' ਦੀ ਮਹੱਤਤਾ ਅਤੇ ਇਤਿਹਾਸ ਨੂੰ ਸਮਰਪਿਤ ਧਾਰਮਿਕ ਕਵੀ-ਦਰਬਾਰ ਸ਼ਰਧਾ ਭਾਵਨਾ ਨਾਲ ਸਜਾਏ ਗਏ। ਪ੍ਰਵਾਨਾ ਵੱਲੋਂ ਦਰਸਾਇਆ ਗਿਆ ਕਿ 'ਗੁਰਦੁਆਰਾ' ਸਿੱਖ ਪੰਥ ਦਾ ਧੁਰਾ ਹੈ।



ਇਹ ਇਕ ਧਾਰਮਿਕ ਕੇਂਦਰ ਹੀ ਨਹੀਂ ਸਗੋਂ ਇਹ ਰੂਹਾਨੀ, ਭਾਈਚਾਰਕ, ਵਿਦਿਅਕ ਅਤੇ ਧਰਮ ਤੇ ਸਮਾਜ ਉਸਾਰੀ ਕੇਂਦਰ ਵੀ ਹੈ। ਵਿਦੇਸ਼ਾਂ ਵਿਚ ਵੀ ਜਿੱਥੇ ਸਿੱਖ ਸੰਗਤ ਜਾ ਵੱਸੀ ਹੈ, ਗੁਰਦੁਆਰਾ ਬਣਦਾ ਜਾ ਰਹੇ ਹਨ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਹੋਏ ਤਰਸੇਮ ਸਿੰਘ 'ਸੁੰਮਨ', ਗੁਰਦਿਆਲ ਸਿੰਘ 'ਨੂਰਪੁਰੀ', ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਮਹਿੰਦਰਪਾਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ।

*****

# ਦੇਸ਼ ਧਰੋਹ ਦਾ ਕੇਸ ਦਰਜ ਕਰਨ ਲਈ ਸਿਖਸ ਫਾਰ ਜਸਟਿਸ ਨੇ ਕੈਪਟਨ ਅਮਰਿੰਦਰ ਦਾ ਮਜਾਕ ਉਡਾਇਆ

## ਰਿਫਰੈਂਡਮ 2020 ਲਹਿਰ ਨੂੰ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟਾਈ

**ਵਸ਼ਿੰਗਟਨ (ਹੁਸਨ ਲੜੋਆ ਬੰਗਾ)**- ਸਿਖਸ ਫਾਰ ਜਸਟਿਸ ਦੇ ਅਮਰੀਕਾ ਸਥਿਤ ਮਨੁੱਖੀ ਅਧਿਕਾਰ ਕਾਰਕੁੰਨਾਂ ਖਿਲਾਫ ਦੇਸ਼ ਧਰੋਹ ਦਾ ਕੇਸ ਦਰਜ ਕਰਨ ਤੋਂ ਇਕ ਦਿਨ ਬਾਅਦ ਮਨੁੱਖੀ ਅਧਿਕਾਰ ਸੰਗਠਨ ਨੇ ਕਿਹਾ ਕਿ ਇਹ ਕੇਸ ਕੈਪਟਨ ਅਮਰਿੰਦਰ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਵਿਚ ਦਹਿਸ਼ਤ ਫੈਲਾਉਣ ਦਾ ਯਤਨ ਹੈ ਜਿਨਾਂ ਨੇ ਰਿਫਰੈਂਡਮ 2020 ਲਹਿਰ ਦਾ ਹਾਂ ਪੱਖੀ ਹੁੰਗਾਰਾ ਭਰਿਆ ਅਤੇ ਨਾਲ ਹੀ ਸਿਖ ਰਾਜ ਖਾਲਿਸਤਾਨ ਦੀ ਸਥਾਪਤੀ ਲਈ ਸ਼ਾਂਤੀਪੂਰਨ ਆਜ਼ਾਦੀ ਲਹਿਰ ਜਾਰੀ ਰੱਖਣ ਦੀ ਆਪਣੀ ਵਚਨਬੱਧਤਾ ਦੁਹਰਾਈ। ਕੈਪਟਨ ਅਮਰਿੰਦਰ ਨੂੰ ਇਕ ਚੁਣੌਤੀ ਭਰਪੂਰ ਪੱਤਰ ਲਿਖਕੇ ਸਿਖਸ ਫਾਰ ਜਸਟਿਸ ਨੇ ਕਿਹਾ ਕਿ ਇਹ ਗਲ ਭਲੀਭਾਂਤ ਸਭ ਜਾਣਦੇ ਹਨ ਅਤੇ ਸਚਾਈ ਹੈ ਕਿ ਸਿਖਸ ਫਾਰ ਜਸਟਿਸ ਦੀ ਰਿਫਰੈਂਡਮ ਲਹਿਰ ਦਾ ਨਿਸ਼ਾਨਾ ਪੰਜਾਬ ਨੂੰ ਭਾਰਤੀ ਕਬਜੇ 'ਚੋਂ ਆਜ਼ਾਦ ਕਰਵਾਉਣਾ ਹੈ। ਅਸੀ ਭਾਰਤ ਸਰਕਾਰ ਅਤੇ ਉਸ ਦੇ ਸਵਿਧਾਨ ਨੂੰ ਨਹੀਂ ਮੰਨਦੇ ਇਸ ਲਈ ਤੁਹਾਡੀ ਸਰਕਾਰ ਵਲੋਂ ਮੇਰੇ ਅਤੇ ਮੇਰੇ ਸਾਥੀਆਂ ਖਿਲਾਫ ਲਾਏ ਗਏ ਦੇਸ਼ ਧਰੋਹ ਦੇ ਦੋਸ਼ ਸਾਡੇ ਲਈ ਬਾਹਰੀ ਤੇ ਉਪਰੇ ਹਨ।

ਪੱਤਰ ਵਿਚ ਕਿਹਾ ਗਿਆ ਹੈ ਕਿ ਜਿਥੇ ਇਕ ਪਾਸੇ ਤੁਸੀ 1994 ਦੇ 'ਅੰਮ੍ਰਿਤਸਰ ਐਲਾਨਨਾਮੇ' 'ਤੇ ਹਸਤਾਖਰੀ ਹੋ ਜਿਸ ਵਿਚ ਸਿੱਖਾਂ ਲਈ ਖੁਦਮੁਖਤਿਆਰੀ ਦੇ ਅਧਿਕਾਰ ਦੀ ਮੰਗ ਕੀਤੀ ਗਈ ਹੈ ਉਥੇ ਦੂਜੇ ਪਾਸੇ ਸੱਤਾ ਵਿਚ ਆਉਣ ਤੋਂ ਬਾਅਦ ਤੁਸੀ ਇਕ ਰਾਸ਼ਟਰਵਾਦੀ ਬਣ ਗਏ ਹੋ ਜੋ ਕਿ ਭਾਰਤ ਦੀ ਏਕਤਾ ਵਿਚ ਯਕੀਨ ਰਖਦੇ ਹੋ ਅਤੇ ਭਾਰਤ ਦੇ ਸਿੱਖ ਰਾਜ ਪੰਜਾਬ 'ਤੇ ਕਬਜੇ ਦਾ ਸਮਰਥਨ ਕਰਦੇ ਹੋ। ਦੇਸ਼ ਧਰੋਹ ਦੇ ਦੋਸ਼ਾਂ ਨੂੰ ਸਿਖ ਰਾਸ਼ਟਰਵਾਦੀਆਂ ਨੂੰ ਡਰਾਉਣ ਲਈ ਇਕ ਯਤਨ ਕਰਾਰ ਦਿੰਦਿਆਂ ਅਤੇ ਕੈਪਟਨ ਅਮਰਿੰਦਰ ਨੂੰ ਬਿਅੰਤ ਸਿੰਘ, ਜਿਸ ਨੇ 1990 ਵਿਆਂ ਵਿਚ ਸਿਖਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰ ਮੁਕਾਇਆ ਸੀ, ਦਾ ਦੂਜਾ ਰੂਪ ਦਸਦਿਆਂ ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਇੰਡੀਪੈਂਡੈਂਸ ਰਿਫਰੈਂਡਮ 2020 ਯੂ ਐਨ ਚਾਰਟਰ, ਇੰਟਰਨੈਸ਼ਨਲ ਲਾਅਜ਼ ਅਤੇ ਸੰਧੀਆਂ ਤਹਿਤ ਇਕ ਸ਼ਾਂਤਮਈ, ਹਿੰਸਾ ਰਹਿਤ ਅਤੇ ਜਮਹੂਰੀ ਲਹਿਰ ਹੈ। ਇੰਟਰਨੈਸ਼ਨਲ ਕੋਵਨੈਂਟ ਆਨ ਸਿਵਲ ਐਂਡ ਪੋਲਿਟਿਕਲ ਰਾਈਟਸ ਅਤੇ ਇੰਟਰਨੈਸ਼ਨਲ ਕੋਵਨੈਂਟ ਆਨ ਇਕੋਨਾਮਿਕ ਸੋਸ਼ਲ ਐਂਡ ਕਲਚਰਲ ਰਾਈਟਸ ਦੀ ਧਾਰਾ 1 ਅਤੇ ਯੂ ਐਨ ਚਾਰਟਰ ਤਹਿਤ ਸਾਰੇ ਲੋਕਾਂ ਲਈ ਖੁਦਮੁਖਤਿਆਰੀ ਦਾ ਅਧਿਕਾਰ ਲਾਜ਼ਮੀ ਕਰਾਰ ਦਿੱਤਾ ਹੋਇਆ ਹੈ।

ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਦੇਸ਼ ਧਰੋਹ ਦੇ ਦੋਸ਼ਾਂ ਨਾਲ ਸਾਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਅਸੀ ਨਿਊਯਾਰਕ ਸਥਿਤ ਕੇਂਦਰੀ ਦਫਤਰ ਤੋਂ ਸਿੱਖ ਅਧਿਕਾਰ ਸੰਗਠਨਾਂ ਰਾਹੀਂ ਪੰਜਾਬ ਵਿਚ ਰਿਫਰੈਂਡਮ 2020 ਦੀ ਲਹਿਰ ਜਾਰੀ ਰੱਖਾਂਗੇ। ਇਸ ਰਿਫਰੈਂਡਮ ਤਹਿਤ ਪੰਜਾਬ ਦੇ ਲੋਕਾਂ ਨੂੰ ਇਕ ਗੱਲ 'ਤੇ ਉਨਾਂ ਨੂੰ ਆਪਣੀ ਰਾਏ ਪ੍ਰਗਟਾਉਣ ਲਈ ਕਿਹਾ ਜਾਵੇਗਾ ਕਿ 'ਮੈਂ ਭਾਰਤੀ ਕਬਜੇ ਵਾਲੇ ਪੰਜਾਬ ਵਿਚ ਇਕ ਆਜ਼ਾਦ ਤੇ ਪ੍ਰਭੁਸੱਤਾ ਪ੍ਰਾਪਤ ਦੇਸ਼ ਸਥਾਪਿਤ ਕਰਨ ਦੀ ਇੱਛਾ ਰੱਖਦਾ ਹਾਂ ਇਸ ਆਧਾਰ 'ਤੇ ਕਿ ਸਿੱਖ ਪੰਜਾਬ ਦੇ ਮੂਲ ਵਾਸੀ ਹਨ, ਉਨਾਂ ਦੀ ਆਪਣੀ ਇਤਿਹਾਸਕ ਮਾਤਭੂਮੀ ਹੈ, ਵੱਖਰਾ ਧਰਮ ਹੈ ਅਤੇ ਇਸ ਨੂੰ ਖੁਦਮੁਖਤਿਆਰੀ ਦਾ ਅਧਿਕਾਰ ਹੈ।

ਸਿਖਸ ਫਾਰ ਜਸਟਿਸ ਦੇ ਉਕਤ ਪੱਤਰ ਵਿਚ ਅਖੀਰ ਵਿਚ ਕਿਹਾ ਗਿਆ ਹੈ ਕਿ ਕੈਪਟਨ ਅਮਰਿੰਦਰ ਜਦੋਂ ਤੇ ਜੇਕਰ ਤੁਸੀ ਆਪਣੀ ਵਾਧੂ ਦੀ ਅਣਜਾਣਤਾ, ਅੜੀਅਲ ਰਵਈਏ ਅਤੇ ਵਿਪਰੀਤ ਬੁੱਧੀ ਤੋਂ ਬਾਹਰ ਆਉਗੇ ਤਾਂ ਤੁਸੀ ਮੂਲ, ਬੁਨਿਆਦੀ ਸਚਾਈ ਨੂੰ ਜਾਣੋਗੇ ਕਿ ਭਾਰਤੀ ਕਬਜੇ ਵਾਲਾ ਪੰਜਾਬ ਸਿਖਾਂ ਦਾ ਹੈ। ਪੰਜਾਬ 'ਤੇ ਭਾਰਤ ਦਾ ਕਬਜਾ ਖਤਮ ਹੋਣਾ ਚਾਹੀਦਾ ਹੈ ਅਤੇ ਇਸ ਤੋਂ ਵੱਧ ਕੁਝ ਨਹੀਂ ਨਾ ਹੀ ਇਸ ਤੋਂ ਘੱਟ।

# ਸੂਫ਼ੀ ਗਾਇਕਾ ਡਾ ਮਮਤਾ ਜੋਸ਼ੀ ਦਾ ਅਮਰੀਕਾ ਦੇ ਬੌਸਟਨ ਸ਼ਹਿਰ ਵਿਖੇ ਸੁਪਰ ਇੰਟਰਟੇਨਮੈਂਟ ਵਲੋਂ ਪ੍ਰੋਗਰਾਮ ਕਰਵਾਇਆ ਗਿਆ

**ਬੋਸਟਨ, (ਹੁਸਨ ਲੜੋਆ ਬੰਗਾ)** ਸੁਪਰ ਇਨਟਰਟੇਨਮੈਂਟ ਅਤੇ ਬ.ਲਵਿੰਦਰ ਸਿੰਘ ਬਾਜਵਾ ਵੱਲੋਂ ਡਾ ਮਮਤਾ ਜੋਸ਼ੀ ਸੂਫ਼ੀ ਗਾਇਕਾ ਦੇ ਅਮਰੀਕਾ ਦੇ ਦੌਰੇ ਦਾ ਬੌਸਟਨ ਵਿਖੇ ਰੀਜੇਂਟ ਥਿਏਟਰ ਵਿਚ ਕਾਮਯਾਬ ਸ਼ੋ ਕਰਵਾਇਆ ਗਿਆ, ਅਮਰੀਕਾ ਦੇ 2017 ਸ਼ੋਅ ਟੂਰ ਦੇ ਇਸ ਆਖਰੀ ਸ਼ੋਅ ਵਿੱਚ ਵੱਡੀ ਗਿਣਤੀ ਵਿੱਚ ਸਰੋਤਿਆਂ ਨੂੰ ਸੂਫ਼ੀ ਕਲਾਮਾਂ,ਗ਼ਜ਼ਲਾਂ ਅਤੇ ਅੱਜ ਦੇ ਦੌਰ ਦੀ ਸ਼ਾਇਰੀ ਨੇ ਸਭ ਨੂੰ ਸੂਫੀ ਸੁਰ ਨਾਲ ਜੋੜ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮਮਤਾ ਜੋਸ਼ੀ ਨੇ ਸ਼ਾਇਰਾਨਾ ਅੰਦਾਜ਼ ਵਿੱਚ ਅੱਜ ਦੇ ਮਾਹੌਲ ਦੀ ਗੱਲ, ਸਰੋਤਿਆਂ ਨਾਲ ਸਾਂਝੀ ਕੀਤੀ। ਡਾ ਮਮਤਾ ਜੋਸ਼ੀ ਜੋ ਕਿ ਆਪਣੀ ਸਾਰੀ ਟੀਮ ਨਾਲ ਫਰਿਜਨੋ ਤੋਂ ਪਹਿਲੇ ਸ਼ੋਅ ਦੇ ਨਾਲ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਖੇ ਸ਼ੋਅ ਕਰਕੇ ਬੋਸਟਨ ਵਿਖੇ ਇਸ ਟੂਰ ਦਾ ਆਖਰੀ ਸ਼ੋ ਕਰਕੇ ਜੁਲਾਈ ਦੂਜੇ ਹਫ਼ਤੇ ਭਾਰਤ ਪਹੁੰਚਣਗੇ । ਇਹਨਾਂ ਸਾਰੇ ਸ਼ੋਆਂ ਵਿੱਚ ਖ਼ਾਸ ਕਰਕੇ ਵੱਡੀ ਗਿਣਤੀ ਵਿੱਚ ਪੰਜਾਬੀ, ਹਿੰਦੀ, ਉਰਦੂ ਦਰਸ਼ਕਾਂ ਨੇ ਹਿੱਸਾ ਲਿਆ ਸੀ। ਡਾ ਮਮਤਾ ਜੋਸ਼ੀ ਸੂਫ਼ੀ ਕਲਾਮ, ਸ਼ਿਵ ਬਟਾਲਵੀ, ਬਾਬਾ ਬੁੱਲੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਹੁਸੈਨ, ਹਜ਼ਰਤ ਅਮੀਰ ਖੁਸਰੋ, ਮਿਰਜ਼ਾ ਗਾਲਿਬ ਅਤੇ ਪਾਕਿਸਤਾਨੀ ਸ਼ਾਇਰਾਂ ਦੇ ਕਲਾਮ, ਗੀਤ ਗਾ ਕੇ ਕਾਫ਼ੀ ਪ੍ਰਭਾਵਪੂਰਣ ਪ੍ਰੋਗਰਾਮ ਕਰਕੇ, ਸਾਫ਼-ਸੁਥਰੀ



ਗਾਇਕੀ ਦੀਆਂ ਯਾਦਾਂ ਛੱਡੀਆਂ। ਇਹਨਾਂ ਦੀ ਟੀਮ ਦੇ ਸੰਗੀਤਕਾਰ ਸੰਗੀਤ ਦੀ ਉੱਚ ਵਿੱਦਿਆ ਹਾਸਲ ਕੀਤੇ ਹੋਏ ਕਲਾਕਾਰ ਹਨ ਅਤੇ ਵੱਖ ਵੱਖ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਾ ਰਹੇ ਹਨ ਅਤੇ ਉਹਨਾਂ ਦੇ ਸਾਥ ਨਾਲ ਗਾਇਕੀ ਦਾ ਮਾਹੌਲ ਹੋਰ ਵੀ ਸੰਗੀਤਕ ਬਣ ਜਾਂਦਾ ਰਿਹਾ। ਅਖੀਰ ਵਿੱਚ ਵੱਖ ਵੱਖ ਸੋਸਾਇਟੀਆਂ,ਆਫੀਸ਼ਿਅਲ ਮੈਂਬਰਾਂ ਵੱਲੋਂ ਡਾ ਮਮਤਾ ਜੋਸ਼ੀ ਨੂੰ ਸਨਮਾਨਿਤ ਕੀਤਾ ਗਿਆ। ਸਾਡੀ ਸਾਰੀ ਟੀਮ,ਬਲਵਿੰਦਰ ਸਿੰਘ ਬਾਜਵਾ ਵੱਲੋਂ ਸਾਰੇ ਦਰਸ਼ਕਾਂ, ਪ੍ਰਬੰਧਕਾਂ, ਸਪੌਂਸਰਸ, ਮੀਡੀਆ ਦਾ ਧੰਨਵਾਦ ਕੀਤਾ ਜਾਂਦਾ ਹੈ ਜਿਹਨਾਂ ਨੇ ਬੜਾ ਹੀ ਸਹਿਯੋਗ ਦੇ ਕੇ ਸਾਬਤ ਕਰ ਦਿੱਤਾ ਕਿ ਅੱਜ ਵੀ ਤੁਸੀਂ ਪਰਦੇਸਾਂ ਵਿੱਚ ਚੰਗੀ ਗਾਇਕੀ ਨੂੰ ਮਾਣ ਦੇਂਦੇ ਹੋ। ਇਨਾਂ ਵੱਖ ਵੱਖ ਪ੍ਰੋਗਰਾਮਾਂ ਵਿੱਚ ਸ਼ੋਆਂ ਦੇ ਪ੍ਰਬੰਧਕ ਬ.ਲਵਿੰਦਰ ਸਿੰਘ ਬਾਜਵਾ ਵੱਲੋਂ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ।

# 'ਅਜਾਦੀ ਪਰੇਡ' 'ਚ ਸਿਖਸ ਫਾਰ ਅਮੈਰਿਕਾ ਦਾ ਫਲੋਟ ਦਾ ਸਵਾਗਤ, ਸਿੱਖਾਂ ਨੂੰ ਮਿਲੀ ਵੱਡੀ ਪਹਿਚਾਣ






**ਵਾਸ਼ਿੰਗਟਨ ਡੀ.ਸੀ (ਬਿਊਰੋ)**- ਅਮਰੀਕਾ ਦਾ 4 ਜੁਲਾਈ ਅਜਾਦੀ ਦਾ ਦਿਹਾੜਾ ਬਹੁਤ ਹੀ ਅਹਿਮ ਸਥਾਨ ਰੱਖਦਾ ਹੈ ਕਿਉਕਿ ਅਮਰੀਕਾ ਨੇ ਬਿਟ੍ਰੇਨ ਤੋ 4 ਜੁਲਾਈ ਸੰਨ 1776 ਨੂੰ ਅਜਾਦੀ ਪ੍ਰਾਪਤ ਕੀਤੀ ਸੀ। ਵਾਸ਼ਿੰਗਟਨ ਡੀਸੀ ਦੇ ਕੈਪੀਟਲ ਹਿੱਲ ਵਿਚ ਹਰ ਸਾਲ ਇਕ ਪਰੇਡ ਕੱਢੀ ਜਾਂਦੀ ਹੈ। ਇਸ ਅਜਾਦੀ ਪਰੇਡ ਵਿਚ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਅਤੇ ਉਹਨਾਂ ਦੇ ਸਾਥੀਆਂ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ,ਸਿੱਖ ਫਲੋਟ ਸ਼ਾਮਿਲ ਕੀਤਾ ਗਿਆ ਸਿੱਖੀ ਪਹਿਚਾਣ ਨੂੰ ਉਭਾਰਨ ਲਈ 400 ਸਿੱਖਾਂ ਨੇ ਆਪਦੀ ਪਹਿਚਾਣ ਤੋ ਅਮਰੀਕੀਆਂ ਨੂੰ ਜਾਣੂ ਕਰਵਾਉਣ ਲਈ ਹਿੱਸਾ ਲਿਆ ਅਤੇ ਸਿੱਖ ਫਲੋਟ ਨੂੰ 59 ਵੇਂ ਨੰਬਰ ਵਿਚ ਸ਼ਾਮਿਲ ਕੀਤਾ ਗਿਆ ਸੀ।

ਅਮਰੀਕਨ ਆਰਮੀ ਵੱਲੋਂ ਅਫਗਾਨਿਸਤਾਨ ਵਿਚ ਜੁਝਾਰੂ ਸੇਵਾਵਾਂ ਨਿਭਾਉਣ ਵਾਲੇ ਫੌਜੀ ਕਮਲ ਕਲਸੀ ਆਪਣੇ ਸਾਥੀਆਂ ਸਮੇਟ ਇਸ ਫਲੋਟ ਦੀ ਅਗਵਾਈ ਕਰ ਰਹੇ ਸਨ ਅਤੇ ਪਹਿਲੀ ਕਤਾਰ ਵਿਚ ਗੈਸਟ ਆਫ ਆਨਰ ਵਜੋ ਹਰਵਿੰਦਰ ਸਿੰਘ ਰਿਆੜ ਕਰ ਰਹੇ ਸਨ।

ਇਥੇ ਇਹ ਵੀ ਦੱਸਣਯੋਗ ਹੈ ਕਿ ਸਿੱਖ ਫਲੋਟ ਇਕ ਰੌਚਕ ਫਲੋਟ ਸੀ ਜਿਸ ਲਈ ਲੋਕ ਦੋ ਮੀਲ ਦੇ ਏਰੀਏ ਵਿਚ ਤਾੜੀਆਂ ਮਾਰ ਕੇ ਸਵਾਗਤ ਕਰਦੇ ਰਹੇ। ਵੱਡੀ ਗਿਣਤੀ ਵਿਚ ਆਏ ਹੋਏ ਲੋਕਾਂ ਨੇ ਦੇਸ਼ ਪ੍ਰਤੀ ਇਕਜੁੱਟਤਾ ਅਤੇ ਇਮਾਨਦਾਰੀ ਦਾ ਪ੍ਰਣ ਕੀਤਾ।

ਪੁਲਸ ਵਿਭਾਗ ਦੇ ਪਰਮਜੀਤ ਸਿੰਘ ਬੇਦੀ ,ਉਘੇ ਬਿਜਨਸਮੈਨ ਦਲਜੀਤ ਸਿੰਘ ਸੰਧੂ, ਡਾਂ ਸੁਰਿੰਦਰ ਗਿੱਲ, ਅਡੱਪਾ ਪ੍ਰਸ਼ਾਦ, ਬਲਜਿੰਦਰ ਸਿੰਘ ਸੰਮੀ, ਬਖਸ਼ੀਸ਼ ਸਿੰਘ, ਚੱਤਰ ਸਿੰਘ, ਸੁਰਿੰਦਰ ਸਿੰਘ ਰਹੇਜਾ, ਦਰਸ਼ਨ ਸਿੰਘ ਸਲੂਜਾ, ਹੇਮਾ ਸਿੱਧੂ, ਮਨਜੀਤ ਸਿੰਘ ਕੈਂਰੋ, ਦਵਿੰਦਰ ਸਿੰਘ ਦਿਓ, ਮਾਸਟਰ ਧਰਮਪਾਲ ਵੀ ਇਸ ਪਰੇਡ ਵਿਚ ਸ਼ਾਮਿਲ ਹੋਏ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਅਖੰਡ ਪਾਠ ਸਾਹਿਬ 14 ਤੋਂ 16 ਜੁਲਾਈ ਨੂੰ



**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 14, 15, 16 ਜੁਲਾਈ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਕਰਵਾਏ ਜਾ ਰਹੇ ਹਨ, ਜਿਸ ਵਿਚ ਗੁਰੂ ਘਰ ਵਿਖੇ 14 ਜੁਲਾਈ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 16 ਜੁਲਾਈ ਦਿਨ ਐਤਵਾਰ ਨੂੰ ਪਾਏ ਜਾਣਗੇ। ਜਿਹਨਾਂ ਦੀ ਸੇਵਾ ਗੁਰੂ ਘਰ ਦੇ ਸ਼ਰਧਾਲੂ ਸ੍ਰੀ ਰਮੇਸ਼ ਲਾਲ ਜੀ ਅਤੇ ਬੀਬੀ ਸੁਰਜੀਤ ਕੌਰ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ। ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿਚ ਪਰਿਵਾਰ ਸਹਿਤ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ 16 ਜੁਲਾਈ ਦਿਨ ਐਤਵਾਰ ਨੂੰ ਮਨਾਈ ਜਾ ਰਹੀ ਹੈ। ਪ੍ਰਬੰਧਕ ਕਮੇਟੀ ਵੱਲੋਂ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਪਾਵਨ ਦਿਹਾੜੇ ਮੌਕੇ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ।

ਇਹਨਾਂ ਸਮਾਗਮ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ 530-674-2564 ਤੇ ਸੰਪਰਕ ਕਰ ਸਕਦਾ ਹੈ।

# ਉੱਘੇ ਦੇਸ਼ ਭਗਤ ਜਗਤ ਸਿੰਘ ਨੂੰ ਸ਼ਰਧਾਂਜ਼ਲੀ



**ਜਲੰਧਰ (ਤਰਸੇਮ ਜਲੰਧਰੀ–** ਉੱਘੇ ਸੰਗਰਾਮੀਏਂ, ਦੇਸ਼ ਭਗਤ, ਸਮੇਂ ਸਮੇਂ ਚੱਲੀਆਂ ਲੋਕ ਲਹਿਰਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ ਕਾਮਰੇਡ ਬਾਬੂ ਜਗਤ ਸਿੰਘ ਦੇ ਅਚ-ਨਚੇਤ ਵਿਛੋੜੇ 'ਤੇ ਪਰਿਵਾਰ ਅਤੇ ਸਾਕ ਸਬੰਧੀਆਂ ਨਾਲ ਗਹਿਰਾ ਦੁੱਖ ਸਾਂਝਾ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਬਾਬੂ ਜਗਤ ਸਿੰਘ ਵੱਲੋਂ ਲੋਕ-ਮੁਕਤੀ ਕਾਜ਼ 'ਚ ਪਾਏ ਯੋਗਦਾਨ ਨੂੰ ਯਾਦ ਕੀਤਾ।

ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਹੰਗਾਮੀ ਸ਼ੋਕ ਇਕੱਤਰਤਾ ਵਿੱਚ ਬੋਲਦਿਆਂ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਚਰੰਜੀ ਲਾਲ ਕੰਗਣੀਵਾਲ ਅਤੇ ਦੇਵ ਰਾਜ ਨਯੀਅਰ ਨੇ ਕਿਹਾ ਕਿ ਜਗਤ ਸਿੰਘ 95 ਵਰ੍ਹਿਆਂ ਦੇ ਹੋ ਕੇ ਵੀ ਭਰ ਜੁਆਨੀ ਦੀ ਉਮਰ ਵਾਂਗ ਲੋਕਾਂ ਨੂੰ ਆਪਣੇ ਹੱਕਾਂ ਅਤੇ ਮੁਕਤੀ ਲਈ ਜਾਗਰੂਕ ਕਰਨ ਵਾਸਤੇ ਸੰਘਰਸ਼ਸ਼ੀਲ ਸਨ। ਉਹਨਾਂ ਕਿਹਾ ਕਿ ਅਜੋਕੇ ਸਮੇਂ ਜਦੋਂ ਮਿਹਨਤਕਸ਼ ਲੋਕਾਂ ਉਪਰ ਨਿੱਤ ਨਵੇਂ ਆਰਥਕ ਬੋਝ ਦੀਆਂ ਪੰਡਾਂ ਲੱਦੀਆਂ ਜਾ ਰਹੀਆਂ ਹਨ, ਜਦੋਂ ਜਾਤ-ਪਾਤ, ਧਰਮ, ਫ਼ਿਰਕੇ ਦੇ ਨਾਂਅ 'ਤੇ ਹੱਲੇ ਬੋਲੇ ਜਾ ਰਹੇ ਹਨ, ਜਦੋਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀ ਸੰਘੀ ਨੱਪੀ ਜਾ ਰਹੀ ਹੈ ਅਜੇਹੇ ਮੌਕੇ ਬਾਬੂ ਜਗਤ ਸਿੰਘ ਵਰਗੇ ਹੰਢੇ ਹੋਏ ਤਜ਼ਰਬੇਕਾਰ ਘੁਲਾਟੀਆਂ ਦੀ ਲੋੜ ਹੈ। ਅਜੇਹੇ ਮੌਕੇ ਉਹਨਾਂ ਦਾ ਵਿਛੋੜਾ ਵਡੇਰਾ ਘਾਟਾ ਹੈ।

# ਸਿੱਖਾਂ ਤੇ ਹੁੰਦੇ ਜੁਲਮ ਸਬੰਧੀ ਅਮਰੀਕਾ ਸਰਕਾਰ ਨਾਲ ਕੀਤੀ ਵਿਸ਼ੇਸ਼ ਗੱਲਬਾਤ

## 84 ਵਿਚ ਦੰਗੇ ਨਹੀ ਸਗੋਂ ਸਿੱਖਾਂ ਦਾ ਕਤਲੇਆਮ ਹੋਇਆ ਸੀ : ਹਿੰਮਤ ਸਿੰਘ

**ਨੌਰਵਿੱਚ, ਅਮਰੀਕਾ( ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਨਾਰਥ ਈਸਟ ਕੋਸਟ ਦੀਆਂ 140 ਤੋਂ ਵੱਧ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਨੇ ਅਮਰੀਕਾ ਦੇ ਸਟੇਟ ਰੀਪ੍ਰਜੇਟਿਟਵ ਕੈਵਿਨ ਰਿਆਨ ਅਤੇ ਸਟੇਟ ਸੈਨੇਟਰ ਕੈਥਰਿਨ ਅੱਨ ਓਸਟਨ ਨਾਲ ਗੱਲਬਾਤ ਕਰਦਿਆਂ ਅਮਰੀਕਾ ਵਿਚ ਸਿੱਖਾਂ ਨਾਲ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਕੀਤੇ ਜਾਂਦੇ ਨਫ਼ਰਤ ਭਰੇ ਅਪਰਾਧ ਨੂੰ ਠੱਲਣ ਲਈ ਯੋਗ ਕਾਰਵਾਈ ਕਰਨ ਦੀ ਮੰਗ ਕੀਤੀ, ਇੱਥੇ ਨੌਰਵਿੱਚ ਵਿਚ ਸ. ਸਵਰਨਜੀਤ ਸਿੰਘ ਖ਼ਾਲਸਾ ਦੀ ਰਿਹਾਇਸ ਵਿਚ ਵਿਸ਼ੇਸ਼ ਤੌਰ ਤੇ ਸੱਦੇ ਗਏ ਅਮਰੀਕਾ ਦੇ ਕੈਵਿਨ ਅਤੇ ਕੈਥਰਿਨ ਨਾਲ ਗੱਲ ਕਰਦਿਆਂ ਕੋਆਰਡੀਨੇਸ਼ਨ ਕਮੇਟੀ ਨੇ ਭਾਰਤ ਵਿਚ ਦਿਲੀ ਦੇ ਹੋਏ ਸਿੱਖ ਕਤਲੇਆਮ ਸਬੰਧੀ ਯੂਐਨਓ ਨੂੰ ਦਿੱਤੀ ਰਿਪੋਰਟ ਵੀ ਸਾਂਝੀ ਕੀਤੀ।

ਬਿਆਨ ਜਾਰੀ ਕਰਦਿਆਂ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਦਸਿਆ ਕਿ ਨੌਰਵਿੱਚ ਦੇ ਸਵਰਨਜੀਤ ਸਿੰਘ ਖ਼ਾਲਸਾ ਰੈਜੀਡੈਂਸ ਵਿਚ ਵਿਸ਼ੇਸ਼ ਤੌਰ ਤੇ ਪੁੱਜੇ ਅਮਰੀਕਾ ਦੇ ਸਟੇਟ ਰੀਪ੍ਰਜੇਟਿਟਵ ਕੈਵਿਨ ਰਿਆਨ ਅਤੇ ਸਟੇਟ ਸੈਨੇਟਰ ਕੈਥਰਿਨ ਅੱਨ ਓਸਟਨ ਨੇ ਉਹਨਾਂ ਨਾਲ ਡਿਨਰ ਵੀ ਕੀਤਾ ਅਤੇ ਸਿੱਖ ਮਾਮਲਿਆਂ ਸਬੰਧੀ ਗਹਿਰ ਗੰਭੀਰ ਵਿਚਾਰ ਚਰਚਾ ਵੀ ਕੀਤੀ ਗਈ। ਇਸ ਸਮੇਂ ਸਵਰਨਜੀਤ ਸਿੰਘ ਖ਼ਾਲਸਾ ਸਿੰਘ, ਕੁਲਜੀਤ ਸਿੰਘ, ਮਨਮੋਹਨ ਸਿੰਘ, ਮਨਜਿੰਦਰ ਸਿੰਘ ਭਰਾੜਾ, ਮਨੀ ਸਿੰਘ ਬੈਕੱਸ ਹਸਪਤਾਲ, ਜਸਪਾਲ ਸਿੰਘ ਬਾਠ ਵਪਾਰੀ ਆਦਿ ਨੇ ਸਿੱਖ ਕੋਆਰਡੀਨੇਸ਼ਨ ਕਮੇਟੀ ਦੀ ਅਗਵਾਈ ਵਿਚ ਕੈਵਿਨ ਤੇ ਕੈਥਰਿਨ ਨਾਲ ਗੱਲ ਕਰਦਿਆਂ ਕਿਹਾ ਕਿ ਭਾਰਤ ਵਿਚ 1984 ਦੌਰਾਨ ਅਸਲ ਵਿਚ ਦੰਗੇ ਨਹੀਂ ਹੋਏ ਸਨ ਉਸ ਵੇਲੇ ਇਕ ਪਾਸੜ ਤੌਰ ਤੇ ਸਾਜ਼ਿਸ਼ੀ ਤਰੀਕੇ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ, ਉਸ ਸਮੇਂ ਸਿੱਖਾਂ ਦੇ ਗਲਾਂ ਵਿਚ ਟਾਇਰ ਪਾਕੇ ਅੱਗ ਲਾਕੇ ਸਾੜ ਦਿੱਤੇ ਗਏ ਸਨ।



ਉਨਾਂ ਦੇ ਵਪਾਰ ਖ਼ਤਮ ਕਰ ਦਿੱਤੇ ਗਏ ਸਨ। ਦੁਨੀਆਂ ਦੇ ਦਰਜਨ ਦੇ ਕਰੀਬ ਦੇਸ਼ਾਂ ਨੇ ਇਹ ਮੰਨ ਲਿਆ ਹੈ ਕਿ 1984 ਵਿਚ ਸਿੱਖਾਂ ਦਾ ਕਤਲੇਆਮ ਹੋਇਆ ਸੀ। ਇਹੀ ਰਿਪੋਰਟ ਯੂਐਨਓ ਵਿਚ ਪੇਸ਼ ਕੀਤੀ ਗਈ ਹੈ। ਇਸ ਸਮੇਂ ਸਿੱਖਾਂ ਦੇ ਨੈਸ਼ਨਲ ਡੇਅ ਵਿਸਾਖੀ ਬਾਰੇ ਵੀ ਗੱਲ ਕੀਤੀ ਗਈ।

ਗੁਰਮੀਤ ਸਿੰਘ ਔਲਖ ਐਵਾਰਡ ਦੇਣ ਦਾ ਐਲਾਨ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਸਰਦਾਰ ਗੁਰਮੀਤ ਸਿੰਘ ਔਲਖ ਦੀ ਮੌਤ ਤੋਂ ਬਾਅਦ ਉਨਾਂ ਦੇ ਨਾਮ ਤੇ ਇਕ ਵੱਡਾ ਐਵਾਰਡ ਦੇਣ ਦਾ ਐਲਾਨ ਕੀਤਾ ਹੈ ਇਹ ਐਵਾਰਡ ਸਿੱਖੀ ਨਾਲ ਸਬੰਧਿਤ ਵੱਡਾ ਕੰਮ ਕਰਨ ਵਾਲੇ, ਸਿੱਖਾਂ ਨੂੰ ਉਨਾਂ ਦਾ ਹੱਕ ਦਿਵਾਉਣ ਬਦਲੇ ਕੰਮ ਕਰਨ ਵਾਲੇ ਕਿਸੇ ਸਿੱਖ ਨੂੰ ਹਰ ਸਾਲ ਦਿੱਤਾ ਜਾਵੇਗਾ।

ਇਹ ਐਲਾਨ ਉਨਾਂ ਦੀਆਂ ਅੰਤਿਮ ਰਸਮਾਂ ਮੌਕੇ ਸਰਧਾਂਜਲੀ ਦਿੰਦਿਆਂ ਕੋਆਰਡੀਨੇਸ਼ਨ ਕਮੇਟੀ ਦੇ ਬੁਲਾਰੇ ਸ. ਹਰਜਿੰਦਰ ਸਿੰਘ ਨੇ ਕੀਤਾ।

ਇਹ ਜਾਣਕਾਰੀ ਦਿੰਦਿਆਂ ਕੋਆਰਡੀਨੇਟਰ ਹਿੰਮਤ ਸਿੰਘ ਨੇ ਦਸਿਆ ਕਿ ਸਰਦਾਰ ਗੁਰਮੀਤ ਸਿੰਘ ਨੇ ਸਿੱਖਾਂ ਨੂੰ ਹੱਕ ਦਿਵਾਉਣ ਲਈ ਵੱਡੇ ਕੰਮ ਕੀਤੇ ਹਨ।

ਵਾਸ਼ਿੰਗਟਨ ਡੀਸੀ ਵਿਚ ਰਹਿੰਦਿਆ ਉਨਾਂ ਨੇ ਕੌਮੀ ਕੰਮਾਂ ਵਿਚ ਵੱਡਾ ਯੋਗਦਾਨ ਪਾਇਆ, ਸਰਦਾਰ ਔਲਖ 21 ਜੂਨ ਨੂੰ ਦੁਨੀਆਂ ਛੱਡ ਗਏ ਹਨ।


33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ | ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ | ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ

Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।

ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ

website : www.amardawakhana.com email : amardawakhana@rediffmail.com



Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ ! ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

PERSONAL CAR SERVICES: (Approved by CA DMV )

Capital services

ਕਾਰਾਂ ਦੀ ਤੁਰੰਤ ਟ੍ਰਾਂਸਫਰ ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ, ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES: ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ COVERED CALIFORNIA (ਉਬਾਮਾ ਕੇਅਰ) *Auto *Home *Business *Truck *Life *Medical *Special Events & others

ਹੋਰ ਸੇਵਾਵਾਂ

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:

Live Scan / Fingerprints, Notary Public/ ਨੋਟਰੀ ਪਬਲਿਕ, Mail Box Business Cards, International Driver Lic., Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us

# ਸਿਆਸਤ ਦਾ ਅਖਾੜਾ ਬਣੀ ਐਸ. ਵਾਈ. ਐਲ.

ਸਤਲੁਜ ਯਮੁਨਾ ਲਿੰਕ ਨਹਿਰ ਹਰਿਆਣਾ ਅਤੇ ਕੇਂਦਰ ਸਰਕਾਰ ਦੁਆਰਾ ਪੰਜਾਬ ਦੀ ਬਾਂਹ ਮਰੋੜ ਕੇ ਕੱਢਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਕਾਰਨ ਇਹ ਮਸਲਾ ਪੰਜਾਬ ਦਾ ਕਿੰਨਾ ਨੁਕਸਾਨ ਕਰਵਾ ਚੁੱਕਾ ਹੈ, ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਨਹਿਰ ਦੇ ਵਿਰੋਧ ਵਿਚ ਮੋਰਚਿਆਂ ਦੀ ਸਿਆਸਤ ਆਖਿਰ 1984 ਦੇ ਦੁਖਾਂਤ ਅਤੇ ਉਸ ਤੋਂ ਬਾਅਦ ਪੰਜਾਬ ਵਿਚ ਝੁੱਲੀ ਕਾਲੀ ਹਨੇਰੀ ਦੇ ਬਾਵਜੂਦ ਜਿਉਂ ਦਾ ਤਿਉਂ ਖੜ੍ਹਾ ਹੈ। ਕੇਂਦਰ ਵਿਚ ਇਸ ਵਕਤ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਹਰਿਆਣੇ ਵਿਚ ਵੀ ਇਸੇ ਪਾਰਟੀ ਦੀ ਸਰਕਾਰ ਹੈ ਪਰ ਇਹ ਪਾਰਟੀ ਇਸ ਮੁੱਦੇ ਦੀ ਸੰਵੇਦਨਸ਼ੀਲਤਾ ਨੂੰ ਚੰਗੀ ਤਰ੍ਹਾਂ ਜਾਣਦੀ ਹੈ, ਇਸ ਕਰਕੇ ਕੋਈ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੀ। ਹਾਲ ਦੇ ਸਮੇਂ ਵਿਚ ਇਹ ਮਸਲਾ ਉਸ ਵਕਤ ਗੰਭੀਰ ਹੋ ਗਿਆ ਜਦੋਂ ਸੁਪਰੀਮ ਕੋਰਟ ਨੇ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਵਾਲੇ ਕਾਨੂੰਨ ਦੀ ਧਾਰਾ ਰੱਦ ਕਰਕੇ ਇਸ ਨਹਿਰ ਵਿਚ ਪਾਣੀ ਚਲਾਉਣ ਦੇ ਆਦੇਸ਼ ਦੇ ਦਿੱਤੇ। ਜਦਕਿ ਪੰਜਾਬ ਦਾ ਤਰਕ ਹੈ ਕਿ ਹਰਿਆਣਾ ਨੂੰ ਪੰਜਾਬ ਪਹਿਲਾਂ ਹੀ ਬਣਦੇ ਹਿੱਸੇ ਤੋਂ ਜ਼ਿਆਦਾ ਪਾਣੀ ਮੁਫਤ ਵਿਚ ਦੇ ਰਿਹਾ ਹੈ। ਇਸ ਵਕਤ ਪੰਜਾਬ ਅਤੇ ਹਰਿਆਣੇ ਵਿਚ ਪਾਣੀ ਦਾ ਅਨਪਾਤ 60:40 ਦਾ ਹੈ, ਜਦਕਿ ਕੌਮਾਂਤਰੀ ਨੇਮਾਂ ਮੁਤਾਬਕ ਪਾਣੀ ਤੇ ਹੱਕ ਸਿਰਫ ਉਸ ਖਿੱਤੇ ਦਾ ਹੁੰਦਾ ਹੈ, ਜਿੱਥੇ ਇਹ ਵਹਿੰਦਾ ਹੈ। ਜਦੋਂ ਹੜ੍ਹ ਆਉਂਦੇ ਹਨ ਤਾਂ ਮੁਸ਼ਕਿਲ ਪੰਜਾਬ ਸਹਿਣ ਕਰਦਾ ਹੈ।

ਪਾਣੀ ਪੰਜਾਬ ਦੀ ਸੰਪਦਾ ਹੈ, ਇਸ ਗੱਲ ਨੂੰ ਲੈ ਕੇ ਕੌਮਾਂਤਰੀ ਨੇਮਾਂ ਵਿਚ ਕੋਈ ਦੁਚਿੱਤੀ ਨਹੀਂ ਹੈ ਪਰ ਹਰਿਆਣਾ ਅਤੇ ਰਾਜਸਥਾਨ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਕਿ ਜੋ ਪਾਣੀ ਉਸ ਨੂੰ ਮੁਫਤ ਵਿਚ ਮਿਲ ਰਿਹਾ ਹੈ, ਉਸ ਦੇ ਬਦਲੇ ਉਹ ਪੰਜਾਬ ਦਾ ਕੀ ਸੁਆਰ ਰਹੇ ਹਨ। ਜੇਕਰ ਰਾਜਸਥਾਨ ਤੋਂ ਪੰਜਾਬ ਪੱਥਰ ਖਰੀਦਦਾ ਹੈ ਤਾਂ ਪੈਸੇ ਦੇਣੇ ਪੈਂਦੇ ਹਨ। ਜੇਕਰ ਹਰਿਆਣੇ ਤੋਂ ਕੁਝ ਖਰੀਦਦਾ ਹੈ ਤਾਂ ਹਰਿਆਣਾ ਪੈਸੇ ਲੈਂਦਾ ਹੈ ਪਰ ਪੰਜਾਬ ਜਿਸ ਦੀ ਪਾਣੀ ਸੰਪਦਾ ਹੈ, ਉਹ ਮੁਫਤ ਵਿਚ ਪਾਣੀ ਕਿਉਂ ਦੇਵੇ?

ਹਾਲ ਦੇ ਸਮੇਂ ਵਿਚ ਹਰਿਆਣੇ ਵਿਚ ਵੀ ਇਸ ਸਮੱਸਿਆ ਨੂੰ ਲੈ ਕੇ ਵਿਰੋਧੀ ਧਿਰ ਰਾਜਨੀਤੀ ਕਰ ਰਹੀ ਹੈ। ਹਰਿਆਣੇ ਦੀ ਲੋਕ ਦਲ ਪਾਰਟੀ ਨੇ ਇਸ ਨੂੰ ਲੈ ਕੇ ਅੰਦੋਲਨ ਆਰੰਭ ਕੀਤਾ ਹੈ। ਉਹਨਾਂ ਦੀ ਰਾਜਨੀਤੀ ਆਪਣੀ ਥਾਂ ਹੈ ਕਿਉਂਕਿ ਉਹ ਕੇਂਦਰ ਅਤੇ ਹਰਿਆਣੇ ਦੀ ਸੱਤਾ ਤੇ ਕਾਬਜ ਪਾਰਟੀ ਦੀ ਵਿਰੋਧੀ ਧਿਰ ਹਨ। ਪਰ ਪੰਜਾਬ ਦਾ ਸਟੈਂਡ ਇਸ ਨੂੰ ਲੈ ਕੇ ਬਿਲਕੁਲ ਸਪਸ਼ਟ ਹੈ ਅਤੇ ਪੰਜਾਬ ਇਸ ਨਹਿਰ ਬਦਲੇ ਖੂਨ ਦੀਆਂ ਨਹਿਰਾਂ ਵਗਦੀਆਂ ਦੇਖ ਚੁੱਕਾ ਹੈ। ਪੰਜਾਬ ਵਿਚ ਇਸ ਮੁੱਦੇ ਉਤੇ ਸਿਆਸਤ ਪੱਖੋਂ ਪੂਰਨ ਇੱਕਜੁਟਤਾ ਹੈ। ਪੰਜਾਬ ਦੀ ਕੋਈ ਵੀ ਪਾਰਟੀ ਨਹੀਂ ਚਾਹੁੰਦੀ ਕਿ ਹਰਿਆਣੇ ਨੂੰ ਪਾਣੀ ਦਿੱਤਾ ਜਾਵੇ। ਪੰਜਾਬ ਦੀ ਜਨਤਾ ਇਸ ਸਟੈਂਡ ਦੇ ਪਿੱਛੇ ਖੜ੍ਹੀ ਹੈ। ਫਿਰ ਤਿੰਨ ਕਰੋੜ ਦੇ ਕਰੀਬ ਆਬਾਦੀ ਦੇ ਸਿਰਾਂ ਤੇ ਪੈਰ ਰੱਖ ਕੇ ਐਸ. ਵਾਈ. ਐਲ. ਨੂੰ ਟੱਕ ਲਗਾਉਣ ਵਾਲੇ ਕੀ ਹੁਣ ਪੰਜਾਬ ਨਾਲ ਧੱਕਾ ਕਰਨਗੇ? ਇਹ ਭਾਰਤ ਸਰਕਾਰ ਤੇ ਹੀ ਨਿਰਭਰ ਕਰਦਾ ਹੈ, ਜਿਸ ਨੇ ਇਸ ਵਿਵਾਦ ਦਾ ਮੁੱਢ ਬੰਨ੍ਹਿਆ ਸੀ, ਉਹ ਹੀ ਇਸ ਦਾ ਹੱਲ ਵੀ ਕਰੇ ਅਤੇ ਪੰਜਾਬ ਨੂੰ ਪੂਰਨ ਇਨਸਾਫ ਲੈਣ ਦਾ ਪੂਰਾ ਹੱਕ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-35

## ਪੰਜ ਗਿਆਨ ਇੰਦਰਿਆਂ ਚੋਂ ਰਸਨਾ (ਜੀਭ) ਦੀ ਮਹੱਤਤਾ



ਅਵਤਾਰ ਸਿੰਘ ਮਿਸ਼ਨਰੀ
510-432-5827

ਰਸਨਾ ਤੇ ਜਿਹਬਾ ਸੰਸਕ੍ਰਿਤ, ਜੀਭ ਪੰਜਾਬੀ, ਜ਼ੁਬਾਨ ਫਾਰਸੀ ਅਤੇ ਟੰਗ ਅੰਗ੍ਰੇਜੀ ਦੇ ਪਰ ਸਮਰਥਕ ਸ਼ਬਦ ਹਨ। ਫਾਰਸੀ ਵਿੱਚ ਜ਼ਬਾਨ ਬੋਲੀ ਜਾਂ ਭਾਸ਼ਾ ਨੂੰ ਵੀ ਕਹਿੰਦੇ ਹਨ। ਗੁਰਮਤਿ ਮਾਰਤੰਡ ਅਨੁਸਾਰ ਰਸਨਾ ਜਾਂ ਜੀਭ ਪੰਜ ਗਿਆਨ ਇੰਦ੍ਰਿਆਂ ਚੋਂ ਇੱਕ ਹੈ। ਇਹ ਜੀਭ, ਮੁੱਖ ਵਿੱਚ ਦੰਦਾਂ ਦੇ ਦੋਹਾਂ ਪੀੜਾਂ ਵਿਚਕਾਰਲਾ ਸਰੀਰਕ ਅੰਗ ਹੈ। ਰਸਨਾ ਦਾ ਮੁੱਖ ਕੰਮ ਬੋਲਣ, ਗੌਣ ਤੇ ਰਸ, ਸਵਾਦ ਆਦਿ ਚੱਖਣ ਦਾ ਹੈ। ਇਸੇ ਰਸਨਾ ਜਾਂ ਜੀਭ ਨਾਲ ਮਿੱਠਾ ਬੋਲ ਕੇ ਬਹੁਤ ਸਾਰੇ ਮਿੱਤ੍ਰ, ਸਬੰਧੀ ਅਤੇ ਮਦਦਗਾਰ ਅਤੇ ਕੌੜਾ ਬੋਲ ਕੇ ਵੈਰੀ, ਸਬੰਧ ਤੋੜਨ ਵਾਲੇ ਅਤੇ ਨਿੰਦਕ ਬਣਾਏ ਜਾ ਸਕਦੇ ਹਨ। ਜੀਭ ਖੱਟੇ, ਮਿੱਠੇ, ਲੂਣੇ, ਕੜਵੇ ਅਤੇ ਕੁਸੈਲੇ ਦਾ ਗੁਣ ਦਸਦੀ ਹੈ। ਜਿਵੇਂ ਅਸੀਂ ਦੰਦਾਂ ਨੂੰ ਨਿਰੋਗ ਰੱਖਣ ਲਈ ਰੋਜਾਨਾ ਦਾਤਨ ਜਾਂ ਬਰੱਸ਼ ਕਰਦੇ ਹਾਂ ਇਵੇਂ ਹੀ ਜੀਭ ਨੂੰ ਵੀ ਉਪਰੋਂ ਸਾਫ ਰੱਖਣਾ ਚਾਹੀਦਾ ਹੈ। ਖਾਂਦੇ ਸਮੇਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਨਹੀਂ ਤਾਂ ਕਈ ਵਾਰ ਜੀਭ ਦੰਦਾਂ ਹੇਠ ਆ ਕੇ ਕੱਟੀ ਜਾਂਦੀ ਹੈ। ਰਸਨਾਂ ਨਾਲ ਫਿਕਾ, ਮੰਦਾ ਜਾਂ ਮਾੜਾ ਬੋਲਣ ਨਾਲ ਇਹ ਗੰਦੀ ਹੋ ਜਾਂਦੀ ਹੈ। ਚੰਗੇ, ਮਿੱਠੇ ਬੋਲ ਬੋਲਣ ਤੇ ਨਾਮ ਜਪ ਗਿਆਨ ਪੜ੍ਹਨ ਨਾਲ ਰਸਨਾ ਪਵਿੱਤ੍ਰ ਹੁੰਦੀ ਹੈ-ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥ (੮੧੧)

ਰਸਨਾ ਜਾਂ ਜ਼ਬਾਨ ਨਾਲ ਮੁਹਾਵਰੇ ਵੀ ਜੁੜੇ ਹੋਏ ਹਨ। ਜਬਾਨ ਦੇਣੀ, ਜ਼ਬਾਨ ਕਰਨੀ, ਚਸਕੋ ਦੇ ਚਸਕੇ, ਲਤਰੋ, ਲਤਰ ਲਤਰ ਕਰਨਾ, ਜ਼ਬਾਨ ਤੋੜਨਾ ਜਾਂ ਬਦਲਣਾ ਅਤੇ ਜੀਭ ਦਾ ਰਸ ਚੋਣਾਂ, ਫਲਾਨੇ ਦੀ ਜ਼ਬਾਨ ਤਾਂ ਕੈਂਚੀ ਵਾਂਗ ਚਲਦੀ ਆ ਆਦਿਕ।

ਰਸਨਾ ਦੀ ਮਹੱਤਤਾ ਬਾਰੇ ਰੱਬੀ ਭਗਤਾਂ, ਸਿੱਖ ਗੁਰੂਆਂ ਅਤੇ ਭਾਈ ਗੁਰਦਾਸ ਜੀ ਦੇ ਵਿਚਾਰ-ਉਹ ਜੀਭ ਭਾਗਾਂ ਵਾਲੀ ਹੈ ਜੋ ਸਦਾ ਪ੍ਰਮਾਤਮਾਂ ਦੇ ਗੁਣ ਹੀ ਗਾਉਂਦੀ ਹੈ-ਸਾ ਰਸਨਾ ਧੰਨੁ ਧੰਨੁ ਹੈ ਮੇਰੀ ਜਿੰਦੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥ (੫੪੦) ਹੇ ਮੇਰੀ ਰਸਨਾ ਤੂੰ ਪ੍ਰਭੂ ਦੀ ਕੀਰਤੀ ਹੀ ਗਾਇਆ ਕਰ ਕਿਉਂਕਿ ਉਹ ਕਰਤਾ ਏ ਤੇ ਕੀਰਤੀ (ਸਿਫਤ) ਵੀ ਉਸੇ ਦੀ ਕਰਨੀ ਚਾਹੀਦੀ ਹੈ-ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥(੧੨੯੮) ਕਬੀਰ ਜੀ ਵਿਖਾਵੇ ਦੀ ਪਾਖੰਡ ਵਾਲੀ ਮਾਲਾ ਦਾ ਖੰਡਨ ਕਰਦੇ, ਰਸਨਾ ਨੂੰ ਹੀ ਅਸਲ ਮਾਲਾ ਦਰਸਾਉਂਦੇ ਹਨ-ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥ (੧੩੬੪) ਰਸਨਾਂ ਜਿੱਥੇ ਚੁਗਲੀ ਨਿੰਦਿਆ ਕਰਦੀ ਓਥੇ ਸਰੀਰ ਤੇ ਆਤਮਾਂ ਨੂੰ ਦੁਖੀ ਕਰਨ ਵਾਲੇ ਰਸਾਂ ਕਸਾਂ ਵਿੱਚ ਵੀ ਗਲਤਾਨ ਹੋ ਜਾਂਦੀ ਹੈ-ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥ ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥ (੯੨੧) ਰਸਨਾ ਆਪ ਕੁਝ ਨਹੀਂ ਕਰ ਸਕਦੀ ਜਿਵੇਂ ਪੁਤਲੀਆਂ ਨੂੰ ਮਦਾਰੀ ਨਚਾਉਂਦਾ ਹੈ ਇਵੇਂ ਆਪਣੇ ਮਨ ਮਗਰ ਲੱਗਣ ਵਾਲਾ ਮਨਮੁੱਖ ਅਗਿਆਨੀ ਮਨੁੱਖ, ਰਸਨਾਂ ਤੋਂ ਝੂਠ ਬੁਲਾਉਂਦਾ ਹੈ-ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥ (੫੧੨) ਹੇ ਜਿਹਬਾ ਮੈਂ ਤੇਰੇ ਸੌ ਟੁਕੜੇ ਕਰ ਦਿਆਂ ਜੇ ਤੂੰ ਪ੍ਰਭੂ ਨੂੰ ਨਾ ਉਚਾਰੇਂ ਭਾਵ ਹੋਰ ਹੋਰ ਹੀ ਕੂੜ ਕਬਾੜ ਉਚਰੀ ਜਾਵੇਂ-ਰੇ ਜਿਹਬਾ ਕਰਉ ਸਤ ਖੰਡ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ॥੧॥(੧੧੬੩)

ਭਾਈ ਗੁਰਦਾਸ ਜੀ ਵੀ ਰਸਨਾ ਬਾਰੇ ਦਰਸਾਉਂਦੇ ਹਨ ਕਿ ਰਸਨਾਂ ਤੋਂ ਬੋਲੇ ਮਿੱਠੇ ਬਚਨ ਪਿਆਰੇ ਅਤੇ ਕੌੜੇ ਬੋਲ ਹਿਰਦੇ ਵਿੱਚ ਬਾਨ ਵਾਂਗ ਲਗਦੇ ਹਨ-ਮਧੁਰ ਬਚਨ ਤਾਹੀ ਰਸਨਾ ਸੈ ਪਯਾਰੋ ਲਾਗੈ, ਕੌਰਕ ਸ਼ਬਦ ਸੁਨ ਲਾਗੈ ਉਰ ਬਾਨ ਸੋਂ॥ (ਕਬਿੱਤ-੬੪੪) ਵੱਖ ਵੱਖ ਸਵਾਦਾਂ ਦੇ ਭੋਗਾਂ ਨਾਲ ਕਦੇ ਜੀਭ ਨਹੀਂ ਰਜਦੀ-ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ।(ਵਾਰ-੨੭) ਜੀਭ ਦੇ ਹੁੰਦਿਆਂ ਜੋ ਗੁਰ ਉਪਦੇਸ਼ ਰੱਬੀ ਸ਼ਬਦ ਨਹੀਂ ਗਾਉਂਦਾ, ਉਹ ਗੁਰ ਗਿਆਨ ਪੱਖੋਂ ਗੂੰਗਾ ਹੈ-ਗੁਰਮੁਖਿ ਸਬਦੁ ਨ ਗਾਵਈ ਹੋਂਦੀ ਜੀਭੈ ਗੁੰਗਾ ਹੋਈ॥(ਵਾਰ-੩੨) ਜੀਭ ਵਿੱਚ ਬੜੀ ਤਾਕਤ ਹੈ ਇਸ ਦਾ ਇੱਕ ਬੋਲ ਹੀ ਬਹੁਤ ਕੁਝ ਵਿਗਾੜ ਤੇ ਸਵਾਰ ਸਕਦਾ ਹੈ-ਬੋਲੀ ਕਾਜ ਵਿਗਾੜਿਆ ਸਣ ਮੂਲੀ ਪਤਾ। ਇਸ ਲਈ ਜੀਭ ਤੋਂ ਨਾਪ-ਤੋਲ ਕੇ ਹੀ ਬੋਲਣਾ ਚਾਹੀਦਾ ਹੈ।

ਸੋ ਉਪ੍ਰੋਕਤ ਵਿਆਖਿਆ ਤੋਂ ਜੀਭ, ਰਸਨਾ ਜਾਂ ਜਿਹਬਾ ਦੀ ਮਹੱਤਤਾ ਬਾਰੇ ਕਾਫੀ ਕੁਝ ਪਤਾ ਲੱਗ ਜਾਂਦਾ ਹੈ। ਇਸ ਲਈ ਰਸਨਾਂ ਜਾਂ ਜੀਭਾ 'ਤੇ ਵੀ ਕਾਬੂ (ਕੰਟਰੋਲ) ਰੱਖਣ ਦੀ ਅਤਿਅੰਤ ਲੋੜ ਹੈ।

## ਇਤਿਹਾਸਕ ਗੁਰਦੁਆਰਾ ਪਾਤਸਾਹੀ ਦਸਵੀਂ ਪਿੰਡ ਮੋਹੀ (ਲੁਧਿਆਣਾ)

ਜਿਲ੍ਹਾ ਲੁਧਿਆਣਾ ਦੇ ਮਸਹੂਰ ਪਿੰਡ ਮੋਹੀ ਨੂੰ ਖਾਲਸਾ ਪੰਥ ਦੇ ਸਿਰਜਕ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਪਿੰਡ ਦਾ ਇਤਿਹਾਸਕ ਪੱਖ ਇਹ ਹੈ ਕਿ ਸ੍ਰੀ ਚਮਕੌਰ ਸਾਹਿਬ ਦੀ ਜੰਗ ਪਿੱਛੋ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਦੀ ਮਾਛੀਵਾੜੇ, ਆਲਮਗੀਰ, ਰਤਨਾਂ, ਅਤੇ ਜੋਧਾਂ ਤੋਂ ਸਫਰ ਕਰਦੇ ਹੋਏ ਦਸੰਬਰ 1704 ਨੂੰ ਪਿੰਡ ਮੋਹੀ ਵਿਖੇ ਪਹੁੰਚੇ। ਪਿੰਡ ਦੇ ਉੱਤਰ-ਪੂਰਬ ਵੱਲ ਪਿੰਡ ਤੋਂ ਕੋਈ ਦੋ ਕੁ ਫਰਲਾਂਗ ਦੇ ਫਾਸਲੇ ਤੇ ਸੰਘਣੇ ਦਰਖਤਾਂ ਦੀ ਝਿੜੀ ਸੀ ਜਿਥੇ ਕੁਝ ਨੀਵੀਂ ਜਿਹੀ ਥਾਂ ਤੇ ਪਾਣੀ ਵੀ ਸੀ। ਗੁਰੂ ਜੀ ਇਸ ਅਸਥਾਨ ਨੂੰ ਰਮਣੀਕ ਤੇ ਏਕਾਂਤ ਜਾਣਕੇ ਵਿਸਰਾਮ ਕਰਨ ਲਈ ਆ ਵਿਰਾਜੇ। ਉਸ ਸਮੇਂ ਦਸਮੇਸ ਪਿਤਾ ਜੀ



ਨਾਲ ਪੰਜਾ ਪਿਆਰਿਆਂ ਵਿਚੋ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਇਕ ਹੋਰ ਸਿੱਖ ਭਾਈ ਮਾਨ ਸਿੰਘ ਵੀ ਸਨ। ਗੁਰੂ ਜੀ ਦੀ ਉਂਗਲ ਵਿੱਚ ਇਕ ਛੱਲਾ ਸੀ, ਜਿਸ ਦੀ ਸਹਾਇਤਾ ਨਾਲ ਗੁਰੂ ਜੀ ਯੁੱਧ ਵਿਚ ਤੀਰ ਚਲਾਉਦੇ ਸਨ। ਇਹ ਛੱਲਾ ਉਗਲ ਵਿਚ ਖੁਭਿਆ ਹੋਣ ਕਰਕੇ ਦਰਦ ਵੀ ਕਰਦਾ ਸੀ। ਇਕ ਪੋਹ ਦੇ ਮਹੀਨੇ ਦੀ ਸਖਤ ਠੰਢ ਪੈ ਰਹੀ ਸੀ।

ਗੁਰੂ ਜੀ, ਜਦੋ ਆਰਾਮ ਕਰ ਰਹੇ ਸਨ ਤਾਂ ਪਿੰਡ ਮੋਹੀ ਦੇ ਵਸਨੀਕ ਭਾਈ ਜਵਾਲਾ ਜੀ ਜੋ ਲੁਹਾਰ ਮਿਸਤਰੀ ਸਨ, ਨੇ ਰੇਤੀ ਨਾਲ ਰੇਤ ਕੇ ਇਹ ਛੱਲਾ ਕੱਟ ਦਿੱਤਾ। ਗੁਰੂ ਜੀ ਨੇ ਮਿਸਤਰੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਹ ਛੱਲਾ ਮਿਸਤਰੀ ਨੂੰ ਹੀ ਬਖਸ ਦਿੱਤਾ ਅਤੇ ਉਸਨੂੰ ਕੋਈ ਵਰ ਮੰਗਣ ਲਈ ਕਿਹਾ। ਮਿਸਤਰੀ ਨੇ ਆਪਣੇ ਲੜਕਿਆ ਦੀ ਸਾਦੀ ਹੋਣ ਸਬੰਧੀ ਗੁਰੂ ਜੀ ਪਾਸੋਂ ਵਰ ਮੰਗਿਆ। ਕਲਗੀਧਰ ਪਿਤਾ ਨੇ ਵਰ ਦਿੱਤਾ ਕਿ ਅੱਗੇ ਤੋਂ ਆਪਣੇ ਖਾਨਦਾਨ ਵਿਚ ਲੜਕਿਆਂ ਦੀ ਸਾਦੀ ਇਕ ਦੀ ਥਾਂ ਦੋ ਵਾਰ ਹੋਇਆ ਕਰੇਗੀ। ਗੁਰੂ ਜੀ ਵੱਲੋਂ ਬਖਸਿਸ ਕੀਤੇ ਵਰ ਸਦਕਾ ਹੁਣ ਤੱਕ ਅਜਿਹਾ ਹੀ ਵਾਪਰ ਰਿਹਾ ਹੈ। ਕਾਫੀ ਸਮੇ ਬਾਦ ਇਸ ਮਿਸਤਰੀ ਨੂੰ ਪਿੰਡ ਭੰਮੀਪੁਰੇ ਦੇ ਵਸਨੀਕ ਪੱਗ ਅਤੇ ਜਮੀਨ ਦੇ ਕੇ ਲੈ ਗਏ ਅਤੇ ਆਪਣੇ ਪਿੰਡ ਵਸਾਇਆ ਅਤੇ ਲੁਹਾਰ ਦੀ ਘਾਟ ਪੂਰੀ ਕੀਤੀ। ਗੁਰੂ ਜੀ ਦਾ ਉਹ ਪਵਿੱਤਰ ਛੱਲਾ ਉਹ ਨਾਲ ਹੀ ਲੈ ਗਏ। ਹੁਣ ਭਾਈ ਜਵਾਲਾ ਜੀ ਦੀ ਨੌਵੀਂ ਪੀੜ੍ਹੀ ਚੱਲ ਰਹੀ ਹੈ ਅਤੇ ਉਸ ਪਵਿੱਤਰ ਤੇ ਇਤਿਹਾਸਕ ਛੱਲੇ ਦੇ ਦਰਸਨ ਉਹਨਾਂ ਦੇ ਪਿੰਡ ਚਾਨਣੀ ਦਸਵੀਂ ਵਾਲੇ ਦਿਨ ਸੱਤਵੀ ਪੀੜ੍ਹੀ ਦੇ ਭਾਈ ਮਿਹਰ ਸਿੰਘ ਦੇ ਗ੍ਰਹਿ ਵਿਖੇ ਕੀਤੇ ਜਾ ਸਕਦੇ ਹਨ । ਇਸ ਪਿੰਡ ਨੂੰ ਗੁਰੂ ਸਾਹਿਬ ਵੱਲੋ"ਚੜੀ ਆਊ ਤੇ ਲੱਥੀ ਜਾਊ" ਦਾ ਵਰ ਵੀ ਪ੍ਰਾਪਤ ਹੋਇਆ ਹੈ। ਗੁਰੂ ਜੀ ਵੱਲੋ ਉਚਾਰੇ ਇਹ ਦਰਗਾਹੀ ਵਾਕ ਹੁਣ ਤੱਕ ਪੂਰੇ ਹੋ ਰਹੇ ਹਨ, ਇਸ ਦੇ ਪ੍ਰਤੱਖ ਸਬੂਤ ਵਜੋਂ 1845 ਈ ਵਿਚ ਬੱਦੋਵਾਲ ਦੇ ਅਸਥਾਨ ਤੇ ਅੰਗਰੇਜਾਂ ਤੇ ਸਿੱਖਾਂ ਦੀ ਜੋ ਲੜਾਈ ਹੋਈ ਸੀ ਉਸ ਵਿਚ ਅੰਗਰੇਜੀ ਫੌਜਾਂ ਨੇ ਲਾਗਲੇ ਬਹੁਤ ਸਾਰੇ ਪਿੰਡਾ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਕੀਤਾ, ਪਰ ਗੁਰੂ ਜੀ ਦੇ ਬਚਨਾਂ ਸਦਕਾ ਨਗਰ ਮੋਹੀ ਦਾ ਵਾਲ ਤੱਕ ਵਿੰਗਾ ਨਹੀ ਹੋਇਆ । ਗੁਰੂ ਜੀ ਦੇ ਵਾਕ ਜੁੱਗੋ -ਜੁਗ ਅਟੱਲ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪੈਣ ਨਾਲ ਮੋਹੀ ਪਿੰਡ ਦੇ ਭਾਗ ਜਾਗੇ ਤੇ ਜੰਗਲ ਵਿਚ ਮੰਗਲ ਹੋ ਗਿਆ। ਜਿਸ ਥਾਂ ਦਸਮੇਸ ਜੀ ਨੇ ਆਰਾਮ ਕੀਤਾ ਸੀ, ਉਸ ਪਵਿੱਤਰ ਅਸਥਾਨ 'ਤੇ ਗੁਰਦੁਆਰਾ ਗੁਰੂਸਰ ਸਾਹਿਬ ਸੁਸੋਭਿਤ ਹੈ। ਇਸ ਅਸਥਾਨ ਤੇ ਹਰ ਸਾਲ ਗੁਰੂ ਸਾਹਿਬ ਦੇ ਆਗਮਨ ਪੂਰਬ ਦੀ ਖੁਸੀ ਵਿਚ 31 ਦਸੰਬਰ ਨੂੰ ਮਹਾਨ ਨਗਰ ਕੀਰਤਨ ਸਜਾਏ ਜਾਂਦੇ ਹਨ। ਦੂਜੇ ਦਿਨ 1 ਜਨਵਰੀ ਨੂੰ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿਚ ਵੱਡੀ ਗਿਣਤੀ ਵਿਚ ਸਰਧਾਲੂ ਪਹੁੰਚਦੇ ਹਨ।



ਤਸਵਿੰਦਰ ਸਿੰਘ ਬੜੈਚ
91-98763-22677

## President Surinder Kumar of Shri Guru Ravidass Sabha of Derby (UK)

### received warm welcomes at Guru Ravidass Gurdwara in Vancouver, Canada

**Vancouver:** Surinder Kumar, president of Shri Guru Ravidass Sabha of Derby (UK) visited Guru Ravidass Gurdwara on the Canada Day weekend and conveyed his greetings in the 150th anniversary celebration of the Canada Day. Kumar also conveyed his appreciation to the management of Shri Guru Ravidass Sabha of Vancouver and all volunteers and supporters for their tireless efforts and community services. **-Jai Birdi**




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਿਕਸ਼ੂ ਸੰਘ ਵੱਲੋਂ ਕਾਦੀਆਂ ਵਿਖੇ ਆਰੰਭ ਕੀਤਾ ਵਰਸ਼ਾਵਾਸ਼





**ਕਾਦੀਆ (ਲੁਧਿਆਣਾ)–** ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆ ਲੁਧਿਆਣਾ ਵਿਖੇ ਭਿਕਸ਼ੂ ਸੰਘ ਵੱਲੋਂ ਆਰੰਭ ਕੀਤਾ ਗਿਆ ਤਕਸ਼ਿਲਾ ਲੁਧਿਆਣਾ ਵਰਸ਼ਾਵਾਸ਼ 3 ਮਹੀਨੇ ਤੱਕ ਚੱਲੇਗਾ ਅਤੇ ਭਿਕਸ਼ੂ ਸੰਘ ਵੱਲੋਂ ਧੰਮਦੇਸ਼ਨਾ ਕੀਤੀ ਜਾਵੇਗੀ।

ਪੰਜਾਬ ਬੁਧਿਸਟ ਸੁਸਾਇਟੀ (ਰਜਿ) ਪੰਜਾਬ ਦੇ ਪ੍ਰਧਾਨ ਸ੍ਰੀ ਹਰਭਜਨ ਦਾਸ ਸਾਂਪਲਾ ਨੇ ਭਿਕਸ਼ੂ ਸੰਘ ਦਾ ਸਵਾਗਤ ਕਰਦਿਆਂ ਭਿਕਸ਼ੂ ਸੰਘ ਨੂੰ ਵਚਨ ਦਿੱਤਾ ਕਿ ਭਿਖਸ਼ੂਆਂ ਲਈ ਭੋਜਨ, ਚੀਵਰ, ਫਲ, ਦੁੱਧ ਅਤੇ ਦਵਾਈਆਂ ਦਾ ਪ੍ਰਬੰਧ ਸ਼ਰਧਾਲੂਆਂ ਵੱਲੋਂ ਕੀਤਾ ਜਾਵੇਗਾ ਅਤੇ ਕਿਸੇ ਕਿਸਮ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਭਿਕਸ਼ੂ ਸੰਘ ਵਿਚ ਭਿਕਸ਼ੂ ਧੰਮਦੀਪ (ਦਿੱਲੀ), ਭਿਖਸ਼ੂ ਜਗਤਾ ਨੰਦ (ਪੰਜਾਬ), ਪ੍ਰਗਿਆ ਬੋਧੀ, ਬੁੱਧਰਤਨ, ਚੰਦਰਾਨੰਦ (ਲਖਨਊ), ਧੰਮਾਪਾਲ (ਅਲੀਗੜ੍ਹ), ਵਿਸੁਧਾਨੰਦ (ਸੰਤ ਕਬੀਰ ਨੰਗਰ ਯੂ. ਪੀ.) ਅਤੇ ਭਿਖਸ਼ੂ ਅਨਾਗਾਰਿਕ (ਗਾਜੀਆਬਾਦ) ਵੱਲੋਂ ਪ੍ਰਵਚਨ ਕੀਤੇ ਗਏ ਅਤੇ ਦੱਸਿਆ ਕਿ ਵਰਸ਼ਾਵਾਸ ਬੁੱਧ ਕਾਲ ਤੋਂ ਕੀਤਾ ਜਾਂਦਾ ਰਿਹਾ ਹੈ, ਜਿਸ ਵਿਚ ਭਿਖਸ਼ੂ ਤਿੰਨ ਮਹੀਨੇ ਇਕ ਥਾਂ ਬੈਠ ਕੇ ਧੰਮ ਚਰਚਾ ਕਰਦੇ ਹਨ ਅਤੇ ਉਪਾਸਕਾਂ ਨੂੰ ਧੰਮਦੇਸ਼ਨਾ ਦਿੰਦੇ ਹਨ।

**–ਤਰਸੇਮ ਜਲੰਧਰੀ**

# ਔਰਤਾਂ ਨੇ ਦਲਿਤ ਨੇਤਾ ਦੀ ਅਰਥੀ ਨੂੰ ਦਿੱਤਾ ਮੋਢਾ



**ਹਿਸੂਆ–** ਸਮਾਜ ਸੇਵੀ ਅਤੇ ਦਲਿਤ ਨੇਤਾ ਕਾਲੀ ਮਾਂਝੀ ਦੇ ਦੇਹਾਂਤ ਤੋਂ ਬਾਅਦ ਉਹਨਾਂ ਦੀ ਲਾਸ਼ ਨੂੰ ਔਰਤਾਂ ਨੇ ਮੋਢਾ ਦੇ ਕੇ ਸ਼ਮਸ਼ਾਨ ਘਾਟ ਤੱਕ ਪਹੁੰਚਾਇਆ। ਔਰਤਾਂ ਨੇ ਕਿਹਾ ਕਿ ਜਦੋਂ ਸਮਾਜ ਨੇ ਔਰਤਾਂ ਅਤੇ ਪੁਰਸ਼ਾਂ ਨੂੰ ਬਰਾਬਰ ਅਧਿਕਾਰ ਦਿੱਤੇ ਹਨ ਤਾਂ ਇਸ ਵਿਚ ਅਸੀਂ ਲੋਕ ਕਿਉਂ ਪਿੱਛੇ ਰਹੀਏ। ਜਿਹਨਾਂ ਦੀ ਮੌਤ ਹੋਈ ਉਹ ਸਿਰਫ ਬੇਟਿਆਂ ਲਈ ਪਿਆਰੇ ਨਹੀਂ, ਬੇਟੀਆਂ ਦੇ ਲਈ ਵੀ ਉਨੇ ਹੀ ਪਸੰਦੀਦਾ ਸਨ। ਸੋਮਵਾਰ ਦੀ ਸਵੇਰ ਹਿਸੂਆ ਦੇ ਕਹਿਰੀਆ ਪਿੰਡ ਵਿਚ ਸਮਾਜ ਸੇਵੀ 95 ਸਾਲਾ ਕਾਲੀ ਮਾਝੀ ਦਾ ਦੇਹਾਂਤ ਹੋ ਗਿਆ। ਦੇਹਾਂਤ ਤੋਂ ਬਾਅਦ ਉਹਨਾਂ ਦੇ ਘਰ ਦੀਆਂ ਔਰਤਾਂ ਨੇ ਅਰਥੀ ਮੋਢਾ ਦੇ ਕੇ ਸ਼ਮਸ਼ਾਨ ਘਾਟ ਤੱਕ ਲਿਜਾਣ ਦੀ ਗੱਲ ਕਹੀ। ਹਾਲਾਂਕਿ ਸ਼ੁਰੂਆਤ ਵਿਚ ਪਿੰਡ ਦੇ ਪੁਰਸ਼ਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਪਰ ਔਰਤਾਂ ਜਦੋਂ ਆਪਣੇ ਫੈਸਲੇ ਤੇ ਅੜਿੱਗ ਰਹੀਆਂ ਤਾਂ ਪੁਰਸ਼ਾਂ ਨੇ ਵੀ ਸਾਥ ਦਿੱਤਾ।

ਅਰਥੀ ਨੂੰ ਮ੍ਰਿਤਕ ਦੀ ਪਤਨੀ ਲਕਸ਼ਮੀਨੀਆ ਦੇਵੀ, ਪੋਤਰੀ ਰਿਚਾ ਦੇਵੀ, ਰੇਣੂ ਦੇਵੀ, ਗੌਰੀ ਦੇਵੀ, ਪੁੱਤਰੀ ਗਾਇਤਰੀ ਦੇਵੀ ਤੋਂ ਇਲਾਵਾ ਸਿਆ ਦੇਵੀ, ਊਸ਼ਾ ਦੇਵੀ, ਰਿੰਕੂ ਦੇਵੀ, ਰਾਮਰਤੀ ਦੇਵੀ ਆਦਿ ਨੇ ਮੋਢਾ ਦਿੱਤਾ।

# ਜੁਨੈਦ ਕਤਲ: ਮੁੱਖ ਮੁਲਜ਼ਮ ਨੇ ਦੋਸ਼ ਕਬੂਲਿਆ

**ਫਰੀਦਾਬਾਦ–** ਰੇਲ ਗੱਡੀ ਵਿੱਚ 17 ਸਾਲਾ ਜੁਨੈਦ ਖਾਨ ਦੀ ਬੀਤੇ ਮਹੀਨੇ ਹੋਈ ਹੱਤਿਆ ਗਊ ਮਾਸ ਕਾਰਨ ਨਹੀਂ ਹੋਈ ਸੀ। ਇਹ ਜਾਣਕਾਰੀ ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਦਿੱਤੀ। ਉਨ੍ਹਾਂ ਦਾਅਵਾ ਕੀਤਾ ਕਿ ਕੱਲ੍ਹ ਗ੍ਰਿਫ਼ਤਾਰ ਕੀਤੇ ਗਏ ਮੁੱਖ ਮੁਲਜ਼ਮ ਨੇ ਜੁਨੈਦ ਨੂੰ ਚਾਕੂ ਮਾਰਨ ਦਾ ਆਪਣਾ ਗੁਨਾਹ ਕਬੂਲ ਲਿਆ ਹੈ। ਮੁੱਖ ਮੁਲਜ਼ਮ ਜੋ ਦਿੱਲੀ ਵਿੱਚ ਸੁਰੱਖਿਆ ਮੁਲਾਜ਼ਮ ਵਜੋਂ ਨੌਕਰੀ ਕਰ ਰਿਹਾ ਸੀ, ਬੀਤੀ 22 ਜੂਨ ਤੋਂ ਫਰਾਰ ਸੀ। ਉਸ ਨੂੰ ਕੱਲ੍ਹ ਪੁਲੀਸ ਨੇ ਮਹਾਰਾਸ਼ਟਰ ਦੇ ਧੂਲੇ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਕੀਤਾ ਸੀ। ਜੁਨੈਦ ਦੀ ਹੱਤਿਆ ਤੋਂ ਬਾਅਦ ਪੂਰੇ ਮੁਲਕ ਵਿੱਚ ਗੁੱਸਾ ਪੈਦਾ ਹੋ ਗਿਆ ਸੀ। 30 ਸਾਲਾ ਮੁੱਖ ਮੁਲਜ਼ਮ ਹਰਿਆਣਾ ਦੇ ਪਲਵਲ ਦਾ ਵਸਨੀਕ ਹੈ ਅਤੇ ਉਸ ਦੇ ਵਕੀਲ ਨੇ ਉਸ ਦੀ ਪਛਾਣ ਨਰੇਸ਼ ਕੁਮਾਰ ਵਜੋਂ ਕੀਤੀ ਹੈ। ਉਸ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਦਾ ਦੋ ਦਿਨ ਦਾ ਪੁਲੀਸ ਰਿਮਾਂਡ ਦਿੱਤਾ ਹੈ। ਡਿਊਟੀ ਮੈਜਿਸਟਰੇਟ ਸੰਦੀਪ ਕੁਮਾਰ ਨੇ ਅੱਜ ਮੁਲਜ਼ਮ ਦੀ ਪੇਸ਼ੀ ਦੌਰਾਨ ਉਸ ਦੇ ਬਿਆਨ ਦਰਜ ਕੀਤੇ। ਐਸ ਪੀ(ਰੇਲਵੇ) ਕਮਲਦੀਪ ਗੋਇਲ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮੁੱਖ ਮੁਲਜ਼ਮ ਨੇ ਪੁੱਛਗਿਛ ਵਿੱਚ ਜੁਨੈਦ ਦਾ ਚਾਕੂ ਮਾਰ ਕੇ ਕਤਲ ਕਰਨ ਅਤੇ ਉਸ ਦੇ ਭਰਾਵਾਂ 'ਤੇ ਹਮਲੇ ਦੀ ਗੱਲ ਕਬੂਲੀ ਹੈ। ਮੁਲਜ਼ਮ ਵੱਲੋਂ ਜੁਨੈਦ ਅਤੇ ਉਸ ਦੇ ਭਰਾਵਾਂ ਨੂੰ ਗਊ ਮਾਸ ਖਾਣ ਵਾਲਾ ਬੋਲਣ ਦੇ ਪੀੜਤ ਦੇ ਭਰਾ ਦੇ ਦਾਅਵੇ ਬਾਰੇ ਸ੍ਰੀ ਗੋਇਲ ਨੇ ਕਿਹਾ ਕਿ ਮੁੱਖ ਮਲਜ਼ਮ ਤੋਂ ਹੁਣ ਤਕ ਕੀਤੀ ਪੁਛਗਿਛ ਵਿੱਚ ਅਜਿਹੀ ਕੋਈ ਗੱਲ ਸਾਹਮਣੇ ਨਹੀਂ ਆਈ। ਉਨ੍ਹਾਂ ਕਿਹਾ ਕਿ ਇਥੋਂ ਤਕ ਕਿ ਸ਼ਿਕਾਇਤਕਰਤਾ ਨੇ ਵੀ ਆਪਣੇ ਬਿਆਨ ਵਿੱਚ ਰੇਲਗੱਡੀ ਵਿੱਚ ਗਊ ਮਾਸ ਕਾਰਨ ਝਗੜਾ ਹੋਣ ਦੀ ਗੱਲ ਦਾ ਜ਼ਿਕਰ ਨਹੀਂ ਕੀਤਾ ਹੈ।

# ਰਾਸ਼ਟਰਪਤੀ ਚੋਣ ਨੂੰ ਜਾਤ-ਪਾਤ ਦਾ ਮੁੱਦਾ ਬਣਾਉਣਾ ਮੰਦਭਾਗਾ: ਮੀਰਾ

**ਚੰਡੀਗੜ੍ਹ–** ਰਾਸ਼ਟਰਪਤੀ ਦੇ ਅਹੁਦੇ ਲਈ ਵਿਰੋਧੀ ਧਿਰ ਦੀ ਉਮੀਦਵਾਰ ਮੀਰਾ ਕੁਮਾਰ ਨੇ ਕਿਹਾ ਹੈ ਕਿ ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਕੌਮੀ ਜਮਹੂਰੀ ਗੱਠਜੋੜ (ਐਨਡੀਏ) ਨੇ ਰਾਸ਼ਟਰਪਤੀ ਦੀ ਚੋਣ ਨੂੰ ਵੀ ਜਾਤ-ਪਾਤ ਦਾ ਮੁੱਦਾ ਬਣਾ ਦਿੱਤਾ ਹੈ। ਪਹਿਲੀ ਵਾਰ ਇਹ ਚੋਣ ਦੋ ਵਿਚਾਰਧਾਰਾਵਾਂ ਵਿਚਾਲੇ ਹੋਵੇਗੀ। ਆਪਣੇ ਹੱਕ ਵਿੱਚ ਪੰਜਾਬ ਤੇ ਹਰਿਆਣਾ ਦੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਹਮਾਇਤ ਜੁਟਾਉਣ ਲਈ ਪੁੱਜੀ ਸੀਨੀਅਰ ਆਗੂ ਮੀਰਾ ਕੁਮਾਰ ਨੇ ਕਿਹਾ ਕਿ ਸਾਨੂੰ ਸਾਰੇ ਧਰਮਾਂ ਦਾ ਸਨਮਾਨ ਕਰਨਾ ਸਿਖਾਇਆ ਗਿਆ ਹੈ ਪਰ ਮਾੜੀ ਗੱਲ ਹੈ ਕਿ ਦੇਸ਼ ਜਾਤ-ਪਾਤ ਵਿੱਚ ਵੰਡਿਆ ਹੋਇਆ ਹੈ। ਅਸੀਂ ਜਿਸ ਵਿਚਾਰਧਾਰਾ 'ਤੇ ਚੱਲ ਰਹੇ ਹਾਂ, ਉਸ ਦਾ ਮੰਤਵ ਜਾਤ-ਪਾਤ ਅਤੇ ਭੇਦਭਾਵ ਖ਼ਤਮ ਕਰਨਾ ਹੈ, ਪਰ ਦੇਸ਼ ਵਿੱਚ ਸੰਪਰਦਾਇਕਤਾ ਦੀ ਵਿਚਾਰਧਾਰਾ ਨੂੰ ਹਵਾ ਦਿੱਤੀ ਜਾ ਰਹੀ ਹੈ, ਜਿਸ ਕਾਰਨ ਦੇਸ਼ ਦਾ ਭਵਿੱਖ ਠੀਕ ਨਹੀਂ ਲੱਗਦਾ।



ਉਨ੍ਹਾਂ ਕਿਹਾ ਕਿ ਉਹ ਵਿਰੋਧੀ ਉਮੀਦਵਾਰ ਕੋਵਿੰਦ ਦਾ ਸਨਮਾਨ ਕਰਦੇ ਹਨ ਪਰ ਇਸ ਚੋਣ ਨੂੰ ਦਲਿਤ ਬਨਾਮ ਦਾ ਮੁੱਦਾ ਬਣਾਉਣ ਵਾਲਿਆਂ ਦੀ ਸੱਚਾਈ ਸਾਹਮਣੇ ਆ ਗਈ ਹੈ। ਇੱਕ ਹੋਰ ਸੁਆਲ ਦੇ ਜੁਆਬ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਬਹੁਤ ਸਾਰੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨਾਲ ਤਾਲਮੇਲ ਹੈ ਤੇ ਆਮ ਆਦਮੀ ਪਾਰਟੀ ਕੋਲੋਂ ਵੀ ਹਮਾਇਤ ਮਿਲ ਰਹੀ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕ ਦਲ ਦੇ ਆਗੂ ਐਚ.ਐਸ. ਫੂਲਕਾ ਦਾ ਕਹਿਣਾ ਹੈ ਕਿ ਇਸ ਮੁੱਦੇ 'ਤੇ 'ਆਪ' ਦੀ ਰਾਜਨੀਤਕ ਮਾਮਲਿਆਂ ਬਾਰੇ ਕਮੇਟੀ ਦੀ ਜਲਦੀ ਹੀ ਮੀਟਿੰਗ ਹੋਵੇਗੀ, ਜਿਸ ਵਿੱਚ ਰਾਸ਼ਟਰਪਤੀ ਦੇ ਉਮੀਦਵਾਰ ਦੀ ਹਮਾਇਤ ਦਾ ਫ਼ੈਸਲਾ ਲਿਆ ਜਾਵੇਗਾ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਹਰਿਆਣਾ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਸ਼ੋਕ ਤੰਵਰ, ਹਰਿਆਣਾ ਕਾਂਗਰਸ ਵਿਧਾਇਕ ਦਲ ਦੀ ਨੇਤਾ ਕਿਰਨ ਚੌਧਰੀ ਅਤੇ ਪੰਜਾਬ ਕਾਂਗਰਸ ਦੇ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਦਾ ਨਿੱਘਾ ਸੁਆਗਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਇਸ ਅਹੁਦੇ ਲਈ ਮੀਰਾ ਕੁਮਾਰ ਵਰਗੀ ਸੁਲਝੀ ਹੋਈ ਆਗੂ ਚੋਣ ਲੜ ਰਹੀ ਹੈ। ਉਨ੍ਹਾਂ ਨਾਲ ਸੀਨੀਅਰ ਕਾਂਗਰਸ ਆਗੂ ਸਲਮਾਨ ਖ਼ੁਰਸ਼ੀਦ ਵੀ ਆਏ ਸਨ। ਇਸ ਤੋਂ ਬਾਅਦ ਉਮੀਦਵਾਰ ਮੀਰਾ ਕੁਮਾਰ ਨੇ ਹਰਿਆਣਾ ਅਤੇ ਪੰਜਾਬ ਦੇ ਵਿਧਾਇਕਾਂ ਨਾਲ ਗੱਲਬਾਤ ਵੀ ਕੀਤੀ।

# ਹਰਸਿਮਰਤ ਬਾਦਲ ਨੇ ਪੰਜਾਬ 'ਚ ਪਹਿਲੇ ਮੱਕੀ ਆਧਾਰਿਤ ਫੂਡ ਪਾਰਕ ਦਾ ਨੀਂਹ ਪੱਥਰ ਰੱਖਿਆ

## ਪੇਂਡੂ ਇਲਾਕੇ ਵਿਚ ਰੁਜ਼ਗਾਰ ਪੈਦਾ ਕਰਨ ਅਤੇ ਫਸਲੀ ਵਿਭਿੰਨਤਾ ਨੂੰ ਹੁਲਾਰਾ ਦੇਣ ਵੱਲ ਨਿੱਗਰ ਕਦਮ

**ਫਗਵਾੜਾ (ਬੀ. ਕੇ. ਰੱਤੂ)–** ਸੂਬੇ ਅੰਦਰ ਪਹਿਲਾ ਮੱਕੀ ਆਧਾਰਿਤ ਮੈਗਾ ਫੂਡ ਪਾਰਕ ਤਿਆਰ ਹੋਣ ਨਾਲ ਪੰਜਾਬ ਅੰਦਰ ਫਸਲੀ ਵਿਭਿੰਨਤਾ ਨੂੰ ਤਕੜਾ ਹੁਲਾਰਾ ਮਿਲੇਗਾ। ਇਸ ਮੈਗਾ ਫੂਡ ਪਾਰਕ ਦਾ ਨੀਂਹ ਪੱਥਰ ਅੱਜ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ ਰੱਖਿਆ ਗਿਆ ਹੈ। ਇਸ ਫੂਡ ਪਾਰਕ ਨੂੰ ਪਿੰਡ ਰੇਹਾਨਾ ਜੱਟਾਂ ਵਿਖੇ ਮੈਸਰਜ਼ ਸੁਖਜੀਤ ਮੈਗਾ ਫੂਡ ਪਾਰਕ ਐਂਡ ਇੰਫਰਾ ਲਿਮਟਿਡ ਵੱਲੋਂ ਵਿਕਸਤ ਕੀਤਾ ਜਾ ਰਿਹਾ ਹੈ। ਇਸ ਪਾਰਕ ਵਿਚ ਮੱਕੀ ਤੋਂ ਦੂਜੀਆਂ ਖੁਰਾਕੀ ਵਸਤਾਂ ਤਿਆਰ ਕਰਨ ਲਈ ਇੱਕ 105 ਕਰੋੜ ਰੁਪਏ ਦੀ ਲਾਗਤ ਵਾਲਾ ਮੁੱਖ ਯੂਨਿਟ ਲਾਇਆ ਜਾਵੇਗਾ। ਇਸ ਪ੍ਰੋਸੈਸਿੰਗ ਯੂਨਿਟ ਦੀ ਰੋਜ਼ਾਨਾ 500 ਮੀਟਰਿਕ ਟਨ ਮੱਕੀ ਨੂੰ ਪੀਹਣ ਦੀ ਸਮਰੱਥਾ ਹੋਵੇਗੀ। ਜਿਸ ਨਾਲ ਦੁਆਬਾ ਖੇਤਰ ਵਿਚ ਮੱਕੀ ਦੀ ਖੇਤੀ ਨੂੰ ਤਕੜਾ ਹੁਲਾਰਾ ਮਿਲਣ ਦੀ ਸੰਭਾਵਨਾ ਹੈ ਜੋ ਕਿ ਕਿਸਾਨਾਂ ਦੀ ਆਮਦਨ ਵਧਾਉਣ ਵਿਚ ਸਹਾਈ ਹੋਵੇਗੀ।ਅੱਜ ਇੱਥੇ ਫੂਡ ਪ੍ਰੋਸੈਸਿੰਗ ਇੰਡਸਟਰੀ ਮੰਤਰੀ ਸਾਧਵੀ ਨਿਰੰਜਣ ਜਯੋਤੀ ਅਤੇ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰੀ ਸ੍ਰੀ ਵਿਜੇ ਕੁਮਾਰ ਸਾਂਪਲਾ ਸਮੇਤ ਇਸ ਪਾਰਕ ਦਾ ਨੀਂਹ ਪੱਥਰ ਰੱਖਣ ਮਗਰੋਂ ਬੀਬੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਹ ਫੂਡ ਪਾਰਕ ਕਿਸਾਨਾਂ ਨੂੰ ਫਲਾਂ ਅਤੇ ਸ਼ਬਜੀਆਂ ਦੀ ਤੁੜਾਈ ਦੌਰਾਨ ਅਤੇ ਤੁੜਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਬੁਨਿਆਦੀ ਢਾਂਚਾ ਪ੍ਰਦਾਨ ਕਰੇਗਾ। ਉਹਨਾਂ ਕਿਹਾ ਕਿ ਇਹ ਪਾਰਕ ਘੱਟ ਪਾਣੀ ਨਾਲ ਤਿਆਰ ਹੋਣ ਵਾਲੀਆਂ ਮੱਕੀ ਵਰਗੀਆਂ ਫਸਲਾਂ ਨੂੰ ਹੱਲਾਸ਼ੇਰੀ ਦੇਣ ਦੇ ਕੇਂਦਰ ਸਰਕਾਰ ਦੇ ਟੀਚੇ ਨੂੰ ਵੀ ਪੂਰਾ ਦੇਵੇਗਾ। ਉਹਨਾਂ ਇਸ ਗੱਲ ਦਾ ਵੀ ਖੁਲਾਸਾ ਕੀਤਾ ਕਿ ਪਾਣੀ ਦੇ ਘਟ ਰਹੇ ਪੱਧਰ ਕਰਕੇ ਕਪੂਰਥਲਾ ਨੂੰ ਡਾਰਕ ਜ਼ੋਨ ਐਲਾਨੇ ਜਾਣ ਮਗਰੋਂ ਕਿਸ ਤਰਾਂ ਉਹਨਾਂ ਨੇ ਇਸ ਫੂਡ ਪਾਰਕ ਦੀ ਮਨਜ਼ੂਰੀ ਲੈਣ ਵਾਸਤੇ ਕੇਂਦਰੀ ਜਲ ਵਸੀਲੇ ਮੰਤਰੀ ਉਮਾ ਭਾਰਤੀ ਕੋਲ ਪਹੁੰਚ ਕੀਤੀ ਸੀ। ਉਹਨਾਂ ਕਿਹਾ ਕਿ ਮੈਂ ਉਹਨਾਂ ਨੂੰ ਇਸ ਗੱਲ ਲਈ ਰਾਜ਼ੀ ਕਰਾਇਆ ਕਿ ਮੱਕੀ ਆਧਾਰਿਤ ਪ੍ਰੋਸੈਸਿੰਗ ਪਲਾਂਟ ਪੰਜਾਬ ਅੰਦਰ ਚਿਰਾਂ ਤੋਂ ਲੋੜੀਂਦੀ ਫਸਲੀ ਵਿਭਿੰਨਤਾ ਨੂੰ ਹੁਲਾਰਾ ਦੇਵੇਗਾ। ਇਸ ਤੋਂ ਪਹਿਲਾਂ ਸੁਖਜੀਤ ਸਟਾਰਚ ਦੇ ਮੈਨੇਜਿੰਗ ਡਾਇਰੈਕਟਰ ਆਈ ਕੇ ਸਰਦਾਨਾ ਨੇ ਇਸ ਮੈਗਾ ਫੂਡ ਪਾਰਕ ਦੀ ਮਨਜ਼ੂਰੀ ਲੈਣ ਵਾਸਤੇ ਕੇਂਦਰੀ ਮੰਤਰੀ ਵੱਲੋਂ ਨਿਭਾਈ ਸਰਗਰਮ ਭੂਮਿਕਾ ਲਈ ਉਹਨਾਂ ਦਾ ਧੰਨਵਾਦ ਕੀਤਾ। ਆਪਣੇ ਭਾਸ਼ਣ ਵਿਚ ਕੇਂਦਰੀ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਸੁਫਨਾ ਪੂਰਾ ਕਰਨ ਲਈ ਉਹਨਾਂ ਦਾ ਮੰਤਰਾਲਾ ਫੂਡ ਪ੍ਰੋਸੈਸਿੰਗ ਇੰਡਸਟਰੀ ਨੂੰ ਹੱਲਾਸ਼ੇਰੀ ਦਿੰਦਾ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਪੰਜਾਬ ਵਾਸਤੇ ਤਿੰਨ ਮੈਗਾ ਫੂਡ ਪਾਰਕਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹਨਾਂ ਵਿਚੋਂ ਇੱਕ ਫੂਡ ਪਾਰਕ ਫਾਜ਼ਿਲਕਾ ਵਿਚ ਚਾਲੂ ਕੀਤਾ ਜਾ ਚੁੱਕਿਆ ਹੈ ਤੇ ਦੂਜਾ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ (ਪੀਏਆਈਸੀ) ਦੀ ਛੱਤਰ ਛਾਇਆ ਹੇਠ ਲੁਧਿਆਣਾ ਵਿਖੇ ਬਣ ਰਿਹਾ ਹੈ। ਫਗਵਾੜਾ ਫੂਡ ਪਾਰਕ ਬਾਰੇ ਗੱਲਬਾਤ ਕਰਦਿਆਂ ਬੀਬੀ ਬਾਦਲ ਨੇ ਕਿਹਾ ਕਿ ਇਸ ਪਾਰਕ ਨੂੰ 123 ਕਰੋੜ ਰੁਪਏ ਦੀ ਲਾਗਤ ਨਾਲ 55 ਏਕੜ ਦੇ ਖੇਤਰ ਵਿਚ ਬਣਾਇਆ ਜਾ ਰਿਹਾ ਹੈ। ਕੇਂਦਰ ਸਰਕਾਰ ਇਸ ਪਾਰਕ ਵਾਸਤੇ 50 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇ ਰਹੀ ਹੈ। ਉਹਨਾਂ ਕਿਹਾ ਕਿ ਇਸ ਪਾਰਕ ਵਿਚ ਮਲਟੀਪਲ ਕੋਲਡ ਸਟੋਰੇਜ, ਇੰਡਵਿਜ਼ੂਅਲ ਕੁਇਕ ਫਰੋਜ਼ਨ ਅਤੇ ਡੀਪ ਫਰੋਜ਼ਨ, ਵੇਅਰ ਹਾਊਸ, ਸਿਲੋਸ, ਸਟੀਮ ਜਨਰੇਸ਼ਨ, ਸੋਰਟਿੰਗ ਐਂਡ ਗਰੇਡਿੰਗ ਯਾਰਡ ਅਤੇ ਫੂਡ ਟੈਸਟਿੰਗ ਲੈਬੋਰੇਟਰੀ ਆਦਿ ਸਹੂਲਤਾਂ ਵਿਕਸਤ ਕੀਤੀਆਂ ਜਾ ਰਹੀਆਂ ਹਨ।




ਉਹਨਾਂ ਕਿਹਾ ਕਿ ਇਸ ਪਾਰਕ ਦੇ ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ ਅਤੇ ਜਲੰਧਰ ਵਿਖੇ ਤਿੰਨ ਮੁੱਢਲੇ ਖਰੀਦ ਕੇਂਦਰ ਵੀ ਹੋਣਗੇ ਅਤੇ ਖੇਤਾਂ ਦੇ ਨੇੜੇ ਮੁੱਢਲੀ ਪ੍ਰੋਸੈਸਿੰਗ ਅਤੇ ਭੰਡਾਰਣ ਦੀਆਂ ਸਹੂਲਤਾਂ ਵੀ ਹੋਣਗੀਆਂ। ਬੀਬੀ ਬਾਦਲ ਨੇ ਕਿਹਾ ਕਿ ਇਹ ਪਾਰਕ 25-30 ਫੂਡ ਪ੍ਰੋਸੈਸਿੰਗ ਯੂਨਿਟਾਂ ਵਿਚ ਕਰੀਬ 250 ਕਰੋੜ ਰੁਪਏ ਦਾ ਵਾਧੂ ਨਿਵੇਸ਼ ਵੀ ਕਰਵਾਏਗਾ ਅਤੇ ਸਲਾਨਾ 450-500 ਕਰੋੜ ਦੀ ਆਮਦਨ ਪੈਦਾ ਕਰੇਗਾ। ਉਹਨਾਂ ਕਿਹਾ ਕਿ ਇਹ ਪਾਰਕ ਸਿੱਧੇ ਅਤੇ ਅਸਿੱਧੇ ਤੌਰ ਤੇ 5000 ਵਿਅਕਤੀਆਂ ਲਈ ਰੁਜ਼ਗਾਰ ਪੈਦਾ ਕਰੇਗਾ ਅਤੇ ਤਕਰੀਬਨ 25 ਹਜ਼ਾਰ ਕਿਸਾਨਾਂ ਨੂੰ ਲਾਭ ਪਹੁੰਚਾਏਗਾ।

ਮੰਤਰੀ ਨੇ ਕਿਹਾ ਕਿ ਇਸ ਮੈਗਾ ਪਾਰਕ ਵਿਚ ਫੂਡ ਪ੍ਰੋਸੈਸਿੰਗ ਵਾਸਤੇ ਤਿਆਰ ਕੀਤਾ ਗਿਆ ਆਧੁਨਿਕ ਬੁਨਿਆਦੀ ਢਾਂਚਾ ਪੰਜਾਬ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਦੇ ਕਿਸਾਨਾਂ, ਉਤਪਾਦਕਾਂ, ਪ੍ਰੋਸੈਸਰਜ਼ ਅਤੇ ਗ੍ਰਾਹਕਾਂ ਲਾਭ ਪਹੁੰਚਾਏਗਾ ਅਤੇ ਪੰਜਾਬ ਅੰਦਰ ਫੂਡ ਪ੍ਰੋਸੈਸਿੰਗ ਸੈਕਟਰ ਦੇ ਵਿਕਾਸ ਨੂੰ ਤਕੜੀ ਹੱਲਾਸ਼ੇਰੀ ਦੇਵੇਗਾ। ਬੀਬੀ ਬਾਦਲ ਨੇ ਇਹ ਵੀ ਕਿਹਾ ਕਿ ਮੌਜੂਦਾ ਸਰਕਾਰ ਭਾਰਤ ਅੰਦਰ ਕਾਰੋਬਾਰ ਸ਼ੁਰੂ ਕਰਨ ਦੀ ਇੱਛਾ ਰੱਖਣ ਵਾਲੇ ਨਿਵੇਸ਼ਕਾਰਾਂ ਵਾਸਤੇ ਇੱਕ ਪੱਧਰਾ, ਪਾਰਦਰਸ਼ੀ ਅਤੇ ਸੌਖਾ ਮਾਹੌਲ ਪ੍ਰਦਾਨ ਕਰਨ ਲਈ ਪੂਰੀ ਤਰਥ਼ਾਂ ਵਚਨਬੱਧ ਹੈ।

ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ 'ਮੇਕ ਇਨ ਇੰਡੀਆ' ਉਪਰਾਲੇ ਨੂੰ ਸਫਲ ਬਣਾਉਣ ਲਈ ਸਭ ਤੋਂ ਵੱਧ ਜ਼ੋਰ ਫੂਡ ਪ੍ਰੋਸੈਸਿੰਗ ਉੱਤੇ ਲਾਇਆ ਹੈ। ਉਹਨਾਂ ਨੇ ਮੰਤਰਾਲੇ ਦੁਆਰਾ ਪਾਸ ਕੀਤੀ ਨਵੀਂ ਯੋਜਨਾ ਕਿਸਾਨ ਸੰਪਦਾ ਯੋਜਨਾ ਬਾਰੇ ਵੀ ਚਾਨਣਾ ਪਾਇਆ ਅਤੇ ਪੰਜਾਬ ਅੰਦਰ ਫੂਡ ਪ੍ਰੋਸੈਸਿੰਗ ਸੈਕਟਰ ਦੇ ਵਿਕਾਸ ਨੂੰ ਤੇਜ਼ ਕਰਨ ਵਾਸਤੇ ਕਿਸਾਨਾਂ ਅਤੇ ਕਾਰੋਬਾਰੀਆਂ ਨੂੰ ਇਸ ਯੋਜਨਾ ਦਾ ਲਾਭ ਉਠਾਉਣ ਲਈ ਕਿਹਾ।ਇਸ ਮੌਕੇ ਕੁਲਦੀਪ ਸਰਦਾਨਾ ਐਮ.ਡੀ. ਸਟਾਰਚ ਮਿੱਲ, ਵਿਧਾਇਕ ਸੋਮ ਪ੍ਰਕਾਸ਼ ਕੈਂਥ ਫਗਵਾੜਾ, ਪਵਨ ਕੁਮਾਰ ਟੀਨੂੰ ਵਿਧਾਇਕ ਆਦਮਪੁਰ, ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਗੁਰਪ੍ਰਤਾਪ ਵਡਾਲਾ ਨਕੋਦਰ, ਬਲਦੇਵ ਖਹਿਰਾ ਫਿਲੌਰ, ਡਿਪਟੀ ਕਮਿਸ਼ਨਰ ਕਪੂਰਥਲਾ ਮੁਹੰਮਦ ਤਾਇਬ,ਐਸ.ਡੀ.ਐਮ. ਫਗਵਾੜਾ ਜੋਤੀ ਬਾਲਾ ਮੱਟੂ, ਐਸ.ਪੀ. ਫਗਵਾੜਾ ਪਰਮਿੰਦਰ ਸਿੰਘ ਭੰਡਾਲ, ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਗੁਰਦੀਪ ਸਿੰਘ ਸੀਹਰਾ ਜੀ.ਐਨ.ਏ., ਬੀਬੀ ਜਾਗੀਰ ਕੌਰ, ਜਰਨੈਲ ਸਿੰਘ ਵਾਹਦ ਅਕਾਲੀ ਆਗੂ, ਸਰਵਣ ਸਿੰਘ ਕੁਲਾਰ ਚੇਅਰਮੈਨ ਮਾਰਕੀਟ ਕਮੇਟੀ, ਜ਼ਿਲਾ ਪ੍ਰਧਾਨ ਯੂਥ ਅਕਾਲੀ ਦਲ ਰਣਜੀਤ ਸਿੰਘ ਖੁਰਾਣਾ, ਸੀਨੀ. ਡਿਪਟੀ ਮੇਅਰ ਸੁਰਿੰਦਰ ਸਿੰਘ ਵਾਲੀਆ ਆਦਿ ਹਾਜ਼ਰ ਸਨ।

# ਜ਼ਮੀਨ ਦੇ ਵਿਵਾਦ ਕਾਰਨ ਢਾਹਿਆ ਦਲਿਤ ਦਾ ਮਕਾਨ

**ਮੈਨਪੁਰੀ–** ਥਾਣਾ ਖੇਤਰ ਦੇ ਪਿੰਡ ਰੀਛਪੁਰਾ ਵਿਚ ਸੋਮਵਾਰ ਨੂੰ ਦੋਸ਼ੀਆਂ ਨੇ ਜ਼ਮੀਨ ਦੇ ਵਿਵਾਦ ਕਾਰਨ ਦਲਿਤ ਦੀ ਕੁੱਟਮਾਰ ਕਰਨ ਤੋਂ ਬਾਅਦ ਮਕਾਨ ਢਾਅ ਦਿੱਤਾ। ਦੋਸ਼ੀਆ ਨੇ ਹਵਾਈ ਫਾਇਰਿੰਗ ਕਰਕੇ ਖੇਤਰ ਵਿਚ ਦਹਿਸ਼ਤ ਫੈਲਾ ਦਿੱਤੀ। ਮਾਰਕੁੱਟ ਵਿਚ ਚਾਰ ਔਰਤਾਂ ਵੀ ਜ਼ਖਮੀ ਹੋ ਗਈਆਂ, ਜਿਹਨਾਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਪੁਲਿਸ ਨੇ ਦੋਸ਼ੀਆ ਦੀ ਭਾਲ ਕੀਤੀ।

ਥਾਣਾ ਖੇਤਰ ਦੇ ਪਿੰਡ ਰੀਛਪੁਰਾ ਨਿਵਾਸੀ ਦਲਿਤ ਰਾਜੇਸ਼ ਕੁਮਾਰ ਪ੍ਰਾਇਮਰੀ ਸਕੂਲ ਰੀਛਪੁਰਾ ਦੇ ਸਾਹਮਣੇ



ਮਕਾਨ ਬਣਾ ਕੇ ਪਰਿਵਾਰ ਸਮੇਤ ਰਹਿੰਦੇ ਸਨ। ਬੀਤੇ ਸ਼ਨੀਵਾਰ ਨੂੰ ਰਾਜੇਸ਼ ਮਕਾਨ ਦੇ ਕੋਲ ਪਈ ਆਪਣੀ ਜ਼ਮੀਨ ਵਿਚ ਨਿਰਮਾਣ ਕਰਵਾ ਰਿਹਾ ਸੀ, ਤਾਂ ਮੋਹੱਲਾ ਫਰਦਖਾਨਾ ਨਿਵਾਸੀ ਦੋਸ਼ੀ ਨੇ ਪੁਲਿਸ ਨੂੰ ਸ਼ਿਕਾਇਤ ਕਰ ਦਿੱਤੀ, ਜਿਸ ਤੇ ਪੁਲਿਸ ਨੇ ਉਥੇ ਆ ਕੇ ਕੰਮ ਰੁਕਵਾ ਦਿੱਤਾ। ਜ਼ਮੀਨ ਦੀ ਨਾਪਤੋਲ ਕੀਤੇ ਜਾਣ ਤੋਂ ਬਾਅਦ ਹੀ ਨਿਰਮਾਣ ਕੰਮ ਕਰਨ ਦੀ ਗੱਲ ਕਹੀ ਗਈ। ਸੋਮਵਾਰ ਦੁਪਹਿਰ ਕਰੀਬ ਦੋ ਵਜੇ ਪਿੰਡ ਗੋਪਾਲਪੁਰ ਨਿਵਾਸੀ ਦੋਸ਼ੀ ਕਰੀਬ 20 ਲੋਕਾਂ ਦੇ ਨਾਲ ਹਥਿਆਰਾਂ ਦੇ ਨਾਲ ਲੈਸ ਹੋ ਕੇ ਆਇਆ। ਘਰ ਵਿਚ ਮੌਜੂਦ ਰਾਜੇਸ਼ ਦੀ ਮਾਂ ਸੁਸ਼ੀਲਾ ਦੇਵੀ, ਪਤਨੀ ਰਾਣੀ, ਭੈਣ ਸੰਗੀਤਾ, ਭਾਬੀ ਮੁੰਨੀਦੇਵੀ ਨੂੰ ਜਾਤੀ ਸੂਚਕ ਗਾਲੀਆਂ ਦਿੰਦੇ ਹੋਏ ਰਾਈਫਲ ਦੇ ਬਟਾਂ ਨਾਲ ਕੁੱਟਮਾਰ ਕਰਕੇ ਜ਼ਖਮੀ ਕਰ ਦਿੱਤਾ। ਦਲਿਤ ਦੇ ਮਕਾਨ ਨੂੰ ਢਾਹੁਣ ਲੱਗੇ ਦੀਵਾਰ ਨੂੰ ਵੀ ਡੇਗ ਦਿੱਤਾ। ਪੁਲਿਸ ਵੀ ਮੌਕੇ ਤੇ ਪਹੁੰਚ ਗਈ। ਜ਼ਖਮੀ ਔਰਤਾਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਪੀੜਤ ਰਾਜੇਸ਼ ਕੁਮਾਰ ਨੇ ਪਿੰਡ ਗੋਪਾਲਪੁਰ ਨਿਵਾਸੀ ਦਵਿੰਦਰ, ਰਾਜੀਵ, ਗੁੱਡੂ, ਜੈਪਾਲ, ਸ਼ੌਕੀਨ, ਮਨੋਜ, ਵਿਨੋਦ ਅਤੇ ਅਣਪਛਾਤੇ ਲੋਕਾਂ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ।

# 20 ਅਗਸਤ (ਦਿਨ ਐਤਵਾਰ) ਨੂੰ ਸਟਾਕਟਨ ਵਿਖੇ ਕਰਵਾਏ ਜਾ ਰਹੇ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਦੇ ਪ੍ਰੋਗਰਾਮ ਦੀ ਰੂਪ ਰੇਖਾ

**ਸਟਾਕਟਨ (ਹਰਜਿੰਦਰ ਪੰਧੇਰ)–** ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਮੈਂਬਰਾਂ ਦੀ ਇਕ ਮੀਟਿੰਗ ਬੀਤੇ ਐਤਵਾਰ ਲੈਥਰੋਪ ਦੇ ਸੇਵਾ ਸਦਨ ਹਾਲ ਵਿੱਚ ਸੰਪੰਨ ਹੋਈ। ਇਸ ਵਿੱਚ ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਤ੍ਰਿਪਤ ਸਿੰਘ ਭੱਟੀ, ਮਨਦੀਪ ਗੋਰਾ, ਗੁਰਪ੍ਰੀਤ ਕੌਰ, ਮਨਜੀਤ ਕੌਰ ਸੰਧੂ, ਹਰਨੇਕ ਸਿੰਘ, ਤਾਰਾ ਸਾਗਰ, ਅਸ਼ੋਕ ਤਾਂਗੜੀ ਆਦਿ ਨੇ ਭਾਗ ਲਿਆ। ਇਸ ਬੈਠਕ ਦਾ ਮੁੱਖ ਮਨੋਰਥ ਤਿੰਨ ਸਾਹਿਤਕ ਜਥੇਬੰਦੀਆਂ: 'ਪੰਜਾਬੀ ਸਾਹਿਤ ਸਭਾ ਸਟਾਕਟਨ', 'ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ)' ਅਤੇ 'ਪੰਜਾਬੀ ਗੀਤਕਾਰੀ ਮੰਚ ਕੈਲੇਫੋਰਨੀਆ' ਦੇ ਸਾਂਝੇ ਉੱਦਮਾਂ ਸਦਕਾ 20 ਅਗਸਤ (ਦਿਨ ਐਤਵਾਰ) ਨੂੰ ਰਾਇਲ ਇੰਡੀਅਨ ਕੁਜ਼ੀਨ, 7610 ਪੈਸੇਫਿਕ ਐਵਨਿਊ, ਸਟਾਕਟਨ ਵਿਖੇ ਕਰਵਾਏ ਜਾ ਰਹੇ 'ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ' ਦੇ ਪ੍ਰੋਗਰਾਮ ਦੀ ਰੂਪ ਰੇਖਾ ਤਿਆਰ ਕਰਨਾ ਅਤੇ ਪ੍ਰਬੰਧਕੀ ਜ਼ਿੰਮੇਂਵਾਰੀਆਂ ਤੈਅ ਕਰਨਾ ਸੀ। ਇਹ ਸੰਮੇਲਨ ਕਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਅਤੇ ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਹੋਵੇਗਾ। ਇਸ ਸੰਮੇਲਨ ਦੇ ਆਰੰਭ ਵਿਚ ਲਾਲ ਸਿੰਘ ਦਿਲ ਦੀ ਸਾਹਿਤਕ ਘਾਲਣਾ ਤੇ ਕਾਵਿਕ ਦੇਣ ਬਾਰੇ ਸੁਖਵਿੰਦਰ ਕੰਬੋਜ ਅਤੇ ਗੁਰਦਾਸ ਰਾਮ ਆਲਮ ਦੇ ਸਾਹਿਤਕ ਯੋਗਦਾਨ ਤੇ ਇਤਿਹਾਸਕ ਮਹੱਤਵ ਬਾਰੇ ਕੁਲਵਿੰਦਰ ਆਪਣੇ ਵਿਚਾਰ ਪੇਸ਼ ਕਰਨਗੇ।

**ਇਸ ਸੰਮੇਲਨ ਦੇ ਕੁੱਲ ਤਿੰਨ ਸੈਸ਼ਨ ਹੋਣਗੇ।**

ਪਹਿਲੇ ਸੈਸ਼ਨ ਵਿਚ ਦੋ ਨਵ-ਪ੍ਰਕਾਸ਼ਿਤ ਪੁਸਤਕਾਂ: ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਅਤੇ ਅਜ਼ੀਮ ਸ਼ੇਖਰ ਵੱਲੋਂ ਸੰਪਾਦਿਤ ਪਰਵਾਸੀ ਪੰਜਾਬੀ ਕਾਵਿ-ਸੰਗ੍ਰਹਿ: 'ਵਰਤਮਾਨ ਦੇ ਆਰ-ਪਾਰ' ਅਤੇ ਪ੍ਰੋ. ਹਰਭਜਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ: 'ਰੂਹ 'ਤੇ ਉਕਰੇ ਚਿੱਤਰ' ਲੋਕ



ਅਰਪਣ ਕੀਤੇ ਜਾਣਗੇ। ਡਾ. ਜਸਵਿੰਦਰ ਸਿੰਘ ਵੱਲੋਂ 'ਵਰਤਮਾਨ ਦੇ ਆਰ-ਪਾਰ' ਕਾਵਿ-ਸੰਗ੍ਰਹਿ ਬਾਰੇ ਆਪਣਾ ਖੋਜ ਪੇਪਰ 'ਪਰਵਾਸੀ ਪੰਜਾਬੀ ਕਾਵਿ ਦੇ ਉਭਰਦੇ ਸੁਰ' ਪੇਸ਼ ਕੀਤਾ ਜਾਵੇਗਾ ਅਤੇ ਡਾ. ਧਨਵੰਤ ਕੌਰ ਵੱਲੋਂ 'ਰੂਹ 'ਤੇ ਉਕਰੇ ਚਿੱਤਰ' ਕਹਾਣੀ-ਸੰਗ੍ਰਹਿ ਬਾਰੇ ਆਪਣਾ ਖੋਜ ਪੇਪਰ 'ਬਹੁ-ਸਭਿਆਚਾਰਕ ਸਮਾਜ ਦਾ ਬਿਰਤਾਂਤ' ਪੜ੍ਹ ਕੇ ਸੁਣਾਇਆ ਜਾਵੇਗਾ। ਇਨ੍ਹਾਂ ਪੇਪਰਾਂ ਬਾਰੇ ਸਵਾਲਾਂ-ਜਵਾਬਾਂ ਰਾਹੀਂ ਖੁੱਲ੍ਹਾ ਵਿਚਾਰ ਵਿਟਾਂਦਰਾ ਹੋਵੇਗਾ। ਇਸ ਦੇ ਇਲਾਵਾ ਕੁਲਵਿੰਦਰ ਦੀ ਗ਼ਜ਼ਲ ਐਲਬਮ: 'ਸੰਦਲੀ ਆਥਣ' ਦੀਆਂ ਕੁਝ ਕੁ ਗ਼ਜ਼ਲਾਂ ਦਾ ਸੁਖਦੇਵ ਸਾਹਲ ਵੱਲੋਂ ਗਾਇਨ ਕੀਤਾ ਜਾਵੇਗਾ। ਦੂਜੇ ਸੈਸ਼ਨ ਵਿਚ ਕਹਾਣੀ ਦਰਬਾਰ ਹੋਵੇਗਾ। ਇਸ ਵਿਚ ਮਹਿਮਾਨ ਕਹਾਣੀਕਾਰ ਅਮਰਜੀਤ ਚਾਹਲ, ਗੁਰਮੀਤ ਪਨਾਗ ਅਤੇ ਹੋਰ ਹਾਜ਼ਰ ਕਹਾਣੀਕਾਰ ਆਪਣੀਆਂ ਅਣ-ਛਪੀਆਂ ਕਹਾਣੀਆਂ ਦਾ ਪਾਠ ਕਰਨਗੇ। ਤੀਜੇ ਸੈਸ਼ਨ ਵਿਚ ਸ਼ਾਨਦਾਰ ਕਵੀ ਦਰਬਾਰ ਹੋਵੇਗਾ, ਇਸ ਵਿਚ ਹਾਜ਼ਰ ਸ਼ਾਇਰ ਆਪਣੀਆਂ ਤਾਜ਼ਾ ਤਰੀਨ ਰਚਨਾਵਾਂ ਦਾ ਪਾਠ ਕਰਨਗੇ।

ਸ਼ਾਇਰ ਦਰਸ਼ਨ ਬੁਲੰਦਵੀ ਇਸ ਸੰਮੇਲਨ ਦੇ ਮੁੱਖ ਮਹਿਮਾਨ ਹੋਣਗੇ।

ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਿਤ ਪੁਸਤਕਾਂ ਦੀ ਸੇਲ ਲਗਾਈ ਜਾਵੇਗੀ।

ਇਹ ਸੰਮੇਲਨ ਸਵੇਰੇ ਦਸ ਤੋਂ ਲੈ ਕੇ ਸ਼ਾਮ ਦੇ ਛੇ ਵਜੇ ਤੱਕ ਚੱਲਦਾ ਰਹੇਗਾ। ਚਾਹ ਪਾਣੀ ਅਤੇ ਦਪਹਿਰ ਦੇ ਖਾਣੇ ਦਾ ਮੇਜ਼ਬਾਨ ਯੂਨਿਟ ਵੱਲੋਂ ਉਚਿਤ ਪ੍ਰਬੰਧ ਹੋਵੇਗਾ। ਸਮੂਹ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਸੰਮੇਲਨ ਵਿਚ ਸ਼ਾਮਲ ਹੋਣ ਲਈ ਅਸੀਂ ਖੁੱਲਾ ਸੱਦਾ ਦੇਂਦੇ ਹਾਂ। ਵਧੇਰੇ ਜਾਣਕਾਰੀ ਲਈ ਪ੍ਰੋ. ਹਰਭਜਨ ਸਿੰਘ (ਫੋਨ: 209-222-3866) ਅਤੇ ਹਰਜਿੰਦਰ ਪੰਧੇਰ (ਫੋਨ: 209-610-5055) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਵੱਲੋਂ: 'ਪੰਜਾਬੀ ਸਾਹਿਤ ਸਭਾ ਸਟਾਕਟਨ', 'ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ)' ਅਤੇ 'ਪੰਜਾਬੀ ਗੀਤਕਾਰੀ ਮੰਚ ਕੈਲੇਫੋਰਨੀਆ'**

# ਗੈਂਗਰੇਪ ਪੀੜਤਾ ਨੇ ਮੁੱਖ ਮੰਤਰੀ ਯੋਗੀ ਨੂੰ ਕੀਤੀ ਇੱਛਾ ਮੌਤ ਦੀ ਬੇਨਤੀ

**ਆਗਰਾ–** ਆਗਰੇ ਦੀ ਇਕ ਦਲਿਤ ਗੈਂਗਰੇਪ ਪੀੜਤਾ ਨੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਅਤੇ ਉਤਰ ਪ੍ਰਦੇਸ਼ ਦੇ ਡੀ. ਜੀ. ਪੀ. ਤੋਂ ਇੱਛਾ ਮੌਤ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਹੈ। ਪੀੜਤਾ ਨੇ ਆਪਣੇ ਟਵੀਟ ਵਿਚ ਲਿਖਿਆ ਹੈ ਕਿ ਮੈਂ ਇਕ ਦਲਿਤ ਲੜਕੀ ਹਾਂ, ਜਿਸ ਨਾਲ 2 ਮਈ ਨੂੰ ਸਮੂਹਿਕ ਬਲਾਤਕਾਰ ਹੋਣ ਤੋਂ ਬਾਅਦ ਵੀ ਕੋਈ ਕਾਰਵਾਈ ਨਹੀਂ ਹੋਈ। ਮੈਨੂੰ ਇਨਸਾਫ ਦਿਵਾਇਆ ਜਾਵੇ ਨਹੀਂ ਤਾਂ ਮੈਨੂੰ ਇੱਛਾ ਮੌਤ ਦੀ ਇਜਾਜ਼ਤ ਦਿੱਤੀ ਜਾਵੇ।

ਪੁਲਿਸ ਦੀ ਇਸ ਕਰਤੂਤ ਤੋਂ ਤੰਗ ਆ ਕੇ ਪੀੜਤਾ ਨੇ ਮੁੱਖ ਮੰਤਰੀ ਤੋਂ ਇੱਛਾ ਮੌਤ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਪੀੜਤਾ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਰਾਮ ਸ਼ੰਕਰ ਕਠੋਰੀਆ ਨੂੰ ਵੀ ਮਿਲ ਕੇ ਇਨਸਾਫ ਦੀ ਮੰਗ ਕਰ ਚੁੱਕੀ ਹੈ। ਫਿਲਹਾਲ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਨੇ ਪੀੜਤਾ ਨੂੰ ਨਿਆਂ ਦਿਵਾਉਣ ਦਾ ਭਰੋਸਾ ਦਿਵਾਇਆ ਹੈ। ਉਥੇ ਹੀ ਸਪਾ ਵਿਧਾਇਕ ਸੁਨੀਲ ਸਿੰਘ ਸਾਜਨ ਨੇ ਸੂਬੇ ਦੀ ਕਾਨੂੰਨ ਵਿਵਸਥਾ ਨੂੰ ਲੈ



ਕੇ ਯੋਗੀ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਉਹਨਾਂ ਕਿਹਾ ਕਿ ਯੋਗੀ ਸਰਕਾਰ ਦੇ ਚਾਰ ਮਹੀਨੇ ਦਾ ਕੰਮ ਦਰਪਣ ਹੈ ਜੋ ਯੂ. ਪੀ. ਦੀ ਜਨਤਾ ਇੱਛਾ ਮੌਤ ਮੰਗਣ ਲੱਗੀ ਹੈ। ਸਾਜਨ ਨੇ ਕਿਹਾ ਕਿ ਜਦੋਂ ਤੋਂ ਭਾਜਪਾ ਸਰਕਾਰ ਆਈ ਹੈ, ਉਦੋਂ ਤੁਂ ਸੂਬੇ ਵਿਚ ਮਾਵਾਂ-ਭੈਣਾਂ ਸੁਰੱਖਿਅਤ ਨਹੀਂ ਹਨ। ਅਜਿਹੀਆਂ ਸੈਂਕੜੇ ਘਟਨਾਵਾਂ ਹਨ ਜੋ ਮੀਡੀਆ ਵਿਚ ਨਹੀਂ ਆਈਆਂ ਹਨ। ਉਹਨਾਂ ਨੂੰ ਦਬਾਅ ਦਿੱਤਾ ਗਿਆ ਹੈ।






# ਸੁਪਰੀਮ ਕੋਰਟ ਦੇ ਨਿਰਦੇਸ਼ ਨੇ ਐਸ ਵਾਈ ਐਲ ਮਾਮਲੇ ਵਿੱਚ ਕਸੂਤਾ ਫਸਾਇਆ ਪੰਜਾਬ


ਨਵੀਂ ਦਿੱਲੀ- ਸੁਪਰੀਮ ਕੋਰਟ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਲਈ ਇਹ ਲਾਜ਼ਮੀ ਹੈ ਕਿ ਉਹ ਸਤਲੁਜ-ਯਮੁਨਾ ਲਿੰਕ ਨਹਿਰ ਸਬੰਧੀ ਇਸ ਦੇ ਫ਼ੈਸਲੇ ਦਾ ਸਤਿਕਾਰ ਕਰਦਿਆਂ ਉਸ ਨੂੰ ਅਮਲ ਵਿੱਚ ਲਿਆਉਣ। ਅਦਾਲਤ ਨੇ ਸਾਫ਼ ਕਿਹਾ ਕਿ ਦੋਵੇਂ ਰਾਜ ਪਹਿਲਾਂ ਨਹਿਰ ਦੀ ਉਸਾਰੀ ਕਰਨ। ਪਾਣੀ ਦੀ ਸਪਲਾਈ ਦਾ ਮਾਮਲਾ ਨਹਿਰ ਦੀ ਉਸਾਰੀ ਤੋਂ ਬਾਅਦ ਵਿਚਾਰਿਆ ਜਾਵੇਗਾ। ਮਾਮਲੇ ਦੀ ਅਗਲੀ ਸੁਣਵਾਈ 7 ਸਤੰਬਰ ਨੂੰ ਹੋਵੇਗੀ। ਅਦਾਲਤ ਨੇ ਦੋਵਾਂ ਸਰਕਾਰਾਂ ਨੂੰ ਇਹ ਯਕੀਨੀ ਬਣਾਉਣ ਦਾ ਹੁਕਮ ਵੀ ਦਿੱਤਾ ਕਿ ਇਸ ਮਾਮਲੇ ਉਤੇ ਕੋਈ ਅੰਦੋਲਨ ਨਾ ਹੋਵੇ।

ਸੁਪਰੀਮ ਕੋਰਟ ਦੇ ਜਸਟਿਸ ਦੀਪਕ ਮਿਸ਼ਰਾ, ਜਸਟਿਸ ਅਮਿਤਵਾ ਰਾਏ ਤੇ ਜਸਟਿਸ ਐਮ.ਏ. ਖਾਨਵਿਲਕਰ ਦੇ ਬੈਂਚ ਨੇ ਕਿਹਾ ਸੂਬਾ ਸਰਕਾਰਾਂ ਦੀ 'ਲਾਜ਼ਮੀ ਡਿਊਟੀ' ਹੈ ਕਿ ਉਹ ਅਦਾਲਤ ਦੇ ਫ਼ੈਸਲੇ ਦਾ ਪਾਲਣ ਕਰਨ। ਬੈਂਚ ਨੇ ਇਹ ਹੁਕਮ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਵੱਲੋਂ ਇਹ ਦਲੀਲ ਦਿੱਤੇ ਜਾਣ ਤੋਂ ਬਾਅਦ ਸੁਣਾਏ ਕਿ ਕੇਂਦਰ ਵੱਲੋਂ ਦੋਵਾਂ ਪੰਜਾਬ ਅਤੇ ਹਰਿਆਣਾ ਦੀ ਸੁਲ੍ਹਾ ਕਰਾਉਣ ਦੀ 'ਪੂਰੀ ਕੋਸ਼ਿਸ਼' ਕੀਤੀ ਜਾ ਰਹੀ ਹੈ, ਤਾਂ ਕਿ ਅਦਾਲਤ ਦੇ ਹੁਕਮਾਂ ਨੂੰ ਪੁਰਅਮਨ ਢੰਗ ਨਾਲ ਅਮਲ ਵਿੱਚ ਲਿਆਂਦਾ ਜਾ ਸਕੇ।

ਬੈਂਚ ਨੇ ਕਿਹਾ, "ਦੋਵਾਂ ਸੂਬਿਆਂ ਦੇ ਅਧਿਕਾਰੀ ਚੇਤੇ ਰੱਖਣ ਕਿ ਅਦਾਲਤ ਵੱਲੋਂ ਜਾਰੀ ਫ਼ੈਸਲੇ ਦਾ ਸਤਿਕਾਰ ਹੋਵੇ ਤੇ ਇਸ ਨੂੰ ਲਾਜ਼ਮੀ ਲਾਗੂ ਕੀਤਾ ਜਾਵੇ।... ਫ਼ੈਸਲਾ ਦੋਵਾਂ ਸੂਬਿਆਂ ਲਈ ਨਹਿਰ ਉਸਾਰਨ ਵਾਸਤੇ ਹਨ। ਇਸ ਲਈ ਨਹਿਰ ਉਸਾਰਨੀ ਹੀ ਪਵੇਗੀ। ਪਹਿਲਾਂ ਤੁਸੀਂ ਨਹਿਰ ਉਸਾਰੋ। ਪਾਣੀ ਸਪਲਾਈ ਦਾ ਮਾਮਲਾ ਬਾਅਦ ਵਿੱਚ ਆਉਂਦਾ ਹੈ।"

ਸੁਣਵਾਈ ਦੌਰਾਨ ਸ੍ਰੀ ਵੇਣੂਗੋਪਾਲ ਨੇ ਦੱਸਿਆ ਕਿ ਕੇਂਦਰੀ ਪਾਣੀ ਵਸੀਲਾ ਮੰਤਰੀ ਉਮਾ ਭਾਰਤੀ ਨੇ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਮੁਲਾਕਾਤ ਕੀਤੀ ਸੀ ਅਤੇ ਕੇਂਦਰ ਨੂੰ ਉਮੀਦ ਹੈ ਕਿ ਮਾਮਲੇ ਉਤੇ ਸਹਿਮਤੀ ਬਣ ਜਾਵੇਗੀ।

ਹਰਿਆਣਾ ਵੱਲੋਂ ਪੇਸ਼ ਵਕੀਲ ਸ਼ਿਆਮ ਦੀਵਾਨ ਨੇ ਕਿਹਾ ਕਿ ਨਹਿਰ ਦੀ ਉਸਾਰੀ ਵਿੱਚ ਬਹੁਤ ਦੇਰੀ ਹੋ ਰਹੀ ਹੈ। ਹੁਕਮ ਲਾਗੂ ਨਾ ਹੋਣ ਸਬੰਧੀ ਬੈਂਚ ਵੱਲੋਂ ਪੁੱਛੇ ਜਾਣ 'ਤੇ ਪੰਜਾਬ ਦੇ ਵਕੀਲ ਨੇ ਕਿਹਾ ਕਿ ਇਸ ਪਿੱਛੇ ਕਈ ਕਾਰਨ ਹਨ। ਇਸ ਉਤੇ ਬੈਂਚ ਨੇ ਸਖ਼ਤ ਲਫ਼ਜ਼ਾਂ ਵਿੱਚ ਕਿਹਾ, "ਫ਼ੈਸਲਾ ਜਾਰੀ ਹੋ ਚੁੱਕਾ ਹੈ। ਤੁਸੀਂ ਅਦਾਲਤ ਵੱਲੋਂ ਪਾਸ ਫ਼ੈਸਲਾ ਰੱਦ ਨਹੀਂ ਕਰ ਸਕਦੇ... ਤੁਸੀਂ ਅਦਾਲਤ ਦਾ ਫ਼ੈਸਲਾ ਲਾਗੂ ਕਰਨ 'ਚ ਵੱਖ-ਵੱਖ ਕਾਰਨ ਕਿਵੇਂ ਗਿਣਾ ਸਕਦੇ ਹੋ। ਕੁਝ ਵੀ ਹੋਵੇ, ਤੁਸੀਂ ਇਸ ਗੱਲ ਤੋਂ ਨਹੀਂ ਮੁੱਕਰ ਸਕਦੇ ਕਿ ਇਸ ਸਬੰਧੀ ਤੁਹਾਡੇ ਖ਼ਿਲਾਫ਼ ਫ਼ੈਸਲਾ ਹੈ।"



### ਹਰਿਆਣਾ ਨੂੰ ਪਹਿਲਾਂ ਹੀ ਮਿਲ ਰਿਹੈ ਹਿੱਸੇ ਨਾਲੋਂ ਵੱਧ ਪਾਣੀ

ਪੰਜਾਬ ਸਰਕਾਰ ਦਰਿਆਈ ਪਾਣੀਆਂ ਸਮੇਤ ਹੋਰ ਮਸਲੇ ਹੱਲ ਕਰਨ ਲਈ ਹਰਿਆਣਾ ਨਾਲ ਗੱਲਬਾਤ ਵਾਸਤੇ ਤਿਆਰ ਹੈ, ਬਸ਼ਰਤੇ ਸੂਬੇ ਨੂੰ 60:40 ਦੇ ਅਨੁਪਾਤ ਵਿਚ ਪਾਣੀ ਮਿਲੇ ਅਤੇ ਦਰਿਆਵਾਂ ਵਿਚਲੇ ਪਾਣੀ ਦਾ ਨਵੇਂ ਸਿਰੇ ਤੋਂ ਜਾਇਜ਼ਾ ਲਿਆ ਜਾਵੇ। ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਕੁਝ ਦਿਨ ਪਹਿਲਾਂ ਪਾਣੀ ਸੋਮਿਆਂ ਬਾਰੇ ਕੇਂਦਰੀ ਮੰਤਰੀ ਉਮਾ ਭਾਰਤੀ ਨਾਲ ਗੱਲਬਾਤ ਕਰਨ ਸਮੇਂ ਸੂਬੇ ਦਾ ਪੱਖ ਉਨ੍ਹਾਂ ਕੋਲ ਰੱਖਿਆ ਸੀ। ਅਧਿਕਾਰੀਆਂ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਸੀ ਕਿ ਦੋਵੇ ਸੂਬਿਆਂ ਦੀ ਵੰਡ 60:40 ਦੇ ਅਨੁਪਾਤ 'ਚ ਹੋਈ ਹੈ। ਸਾਰਾ ਕੁਝ ਇਸੇ ਅਨੁਪਾਤ ਵਿਚ ਵੰਡਿਆ ਗਿਆ ਹੈ ਪਰ ਪਾਣੀਆਂ ਦੀ ਵੰਡ ਸਹੀ ਢੰਗ ਨਾਲ ਨਹੀਂ ਹੋਈ ਜਿਸ ਕਰ ਕੇ ਦੋਵਾਂ ਰਾਜਾਂ ਦੇ ਪੁਨਰਗਠਨ ਵੇਲੇ 1966 ਵਿਚ ਪੰਜਾਬ ਨੂੰ ਪਾਣੀਆਂ ਦੀ ਵੰਡ ਵਿਚੋਂ 60 ਫੀਸਦੀ ਹਿੱਸਾ ਨਹੀਂ ਮਿਲਿਆ ਤੇ ਹਰਿਆਣਾ ਪਹਿਲਾਂ ਹੀ ਆਪਣੇ ਹਿੱਸੇ ਨਾਲੋਂ ਵੱਧ ਪਾਣੀ ਲੈ ਰਿਹਾ ਹੈ। ਪਾਣੀਆਂ ਦੀ ਵੰਡ ਵਿਚ ਯਮੁਨਾ ਦਾ ਪਾਣੀ ਸ਼ਾਮਲ ਹੀ ਨਹੀਂ ਕੀਤਾ ਗਿਆ। ਇਸ ਲਈ ਇਸ ਵੰਡ ਨੂੰ ਦਰੁਸਤ ਕਰਨ ਦੀ ਲੋੜ ਹੈ।

ਨਾਲ ਹੀ ਜਦੋਂ ਪਾਣੀਆਂ ਦੀ ਵੰਡ ਕੀਤੀ ਗਈ ਸੀ, ਉਦੋਂ ਦਰਿਆਵਾਂ ਵਿਚ ਪਾਣੀ ਦਾ ਵਹਾਅ ਵੱਧ ਸੀ ਪਰ ਪਿਛਲੇ ਸਮੇਂ ਗਲੇਸ਼ੀਅਰ ਪਿਘਲਣ ਕਰ ਕੇ ਪਾਣੀ ਦਾ ਪੱਧਰ ਕਾਫੀ ਘਟ ਗਿਆ ਹੈ। ਇਸ ਲਈ ਦਰਿਆਈ ਪਾਣੀਆਂ ਦਾ ਮੁੜ ਜਾਇਜ਼ਾ ਲਿਆ ਜਾਵੇ। ਪੰਜਾਬ ਦਾ ਇਹ ਸਟੈਂਡ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਵਾਰ-ਵਾਰ ਦੁਹਰਾ ਚੁੱਕੇ ਹਨ।

ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਲਿੰਕ ਨਹਿਰ ਦੀ ਉਸਾਰੀ ਦਾ ਮਾਮਲਾ ਇੰਨਾ ਆਸਾਨ ਨਹੀਂ ਰਹਿ ਗਿਆ, ਕਿਉਂਕਿ ਪਿਛਲੀ ਸਰਕਾਰ ਜ਼ਮੀਨ ਲਈ ਐਕਵਾਇਰ ਕੀਤੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰ ਕੇ ਇੰਤਕਾਲ ਉਨ੍ਹਾਂ ਦੇ ਨਾਂ ਚੜ੍ਹਾ ਚੁੱਕੀ ਹੈ। ਨਵੇਂ ਭੌਂਪ੍ਰਾਪਤੀ ਐਕਟ ਮੁਤਾਬਕ ਕਿਸਾਨਾਂ ਦੀ ਸਹਿਮਤੀ ਬਿਨਾਂ ਜ਼ਮੀਨ ਐਕਵਾਇਰ ਕਰਨੀ ਸੌਖੀ ਨਹੀਂ ਹੈ।ਕੇਂਦਰ ਸਰਕਾਰ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗਣ ਤੋਂ ਜਾਣੂ ਹੈ ਤੇ ਇਸ ਲਈ ਕੇਂਦਰ ਨੇ ਰਾਵੀ ਦਾ ਪਾਣੀ ਪਾਕਿਸਤਾਨ ਨੂੰ ਜਾਣ ਤੋਂ ਰੋਕਣ ਲਈ ਪਿਛਲੇ ਦਿਨੀਂ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਸੱਦੀ ਸੀ। ਮੀਟਿੰਗ ਵਿਚ ਸ਼ਾਹਪੁਰ ਕੰਢੀ ਡੈਮ ਨੂੰ ਜਲਦੀ ਮੁਕੰਮਲ ਕਰਨ 'ਤੇ ਜ਼ੋਰ ਦਿਤਾ ਗਿਆ।

### ਸਮਾਂ ਦੇਣ ਦਾ ਕੈਪਟਨ ਵੱਲੋਂ ਸਵਾਗਤ

ਸਤਲੁਜ-ਯਮੁਨਾ ਲਿੰਕ ਨਹਿਰ ਦਾ ਮਾਮਲਾ ਸੁਲਝਾਉਣ ਲਈ ਸੁਪਰੀਮ ਕੋਰਟ ਵੱਲੋਂ ਦੋ ਮਹੀਨਿਆਂ ਦਾ ਸਮਾਂ ਦੇਣ ਦਾ ਸਵਾਗਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਵਾਰ ਫਿਰ ਕੇਂਦਰ ਨੂੰ ਇਸ ਮਸਲੇ ਦਾ ਹੱਲ ਛੇਤੀ ਕੱਢਣ ਲਈ ਹਰਿਆਣਾ ਨਾਲ ਗੱਲਬਾਤ ਤੋਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦੁਹਰਾਇਆ ਕਿ ਸਮੱਸਿਆ ਦਾ ਹੱਲ ਆਪਸੀ ਗੱਲਬਾਤ ਰਾਹੀਂ ਹੀ ਕੱਢਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਾਣੀ ਵਰਗੇ ਜ਼ਰੂਰੀ ਵਸੀਲੇ ਤੋਂ ਕਿਸੇ ਨੂੰ ਵੀ ਵਾਂਝਾ ਨਹੀਂ ਰੱਖਣਾ ਚਾਹੁੰਦਾ ਪਰ ਸੂਬੇ ਵਿੱਚ ਪਾਣੀ ਦੀ ਗੰਭੀਰ ਥੁੜ੍ਹ ਹੋਣ ਕਾਰਨ ਇਹ ਹੋਰ ਕਿਸੇ ਨੂੰ ਪਾਣੀ ਨਹੀਂ ਦੇ ਸਕਦਾ।

ਸੂਬਾ ਸਰਕਾਰ ਵੱਲੋਂ ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਚਾਉਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗਲੇਸ਼ੀਅਰ ਪਿਘਲਣ ਨਾਲ ਪਿਛਲੇ ਕੁਝ ਸਾਲਾਂ 'ਚ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਘਟਿਆ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਮਸਲੇ ਦਾ ਸੁਖਾਵਾਂ ਹੱਲ ਲੱਭਣ ਲਈ ਛੇਤੀ ਗੱਲਬਾਤ ਦਾ ਦੌਰ ਚਲਾਇਆ ਜਾਵੇ। ਮਾਮਲਾ ਆਪਸੀ ਸਹਿਮਤੀ ਨਾਲ ਸੁਲਝਾਉਣ ਲਈ ਕੇਂਦਰ ਵੱਲੋਂ ਦਿਖਾਈ ਦਿਲਚਸਪੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਭਰੋਸਾ ਜ਼ਾਹਰ ਕੀਤਾ ਕਿ ਸਬੰਧਤ ਧਿਰਾਂ ਵੱਲੋਂ ਮਿਲ ਬੈਠ ਕੇ ਅਤੇ ਸਾਰੇ ਪਹਿਲੂ ਵਿਚਾਰ ਕੇ ਮਸਲੇ ਦਾ ਹੱਲ ਕੀਤਾ ਜਾ ਸਕਦਾ ਹੈ। ਲਿੰਕ ਨਹਿਰ ਸਬੰਧੀ ਅੰਦੋਲਨ ਰੋਕਣ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਨਾ ਪੰਜਾਬ ਅਤੇ ਨਾ ਹਰਿਆਣਾ ਇਸ ਮਸਲੇ 'ਤੇ ਹਿੰਸਾ ਦਾ ਸੇਕ ਝੱਲ ਸਕਦੇ ਹਨ।

ਸੀਪੀਆਈ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਡਾ. ਜੋਗਿੰਦਰ ਦਿਆਲ ਨੇ ਕਿਹਾ ਹੈ ਕਿ ਲਿੰਕ ਨਹਿਰ ਦਾ ਫੈਸਲਾ ਕਰਨ ਤੋਂ ਪਹਿਲਾਂ ਦਰਿਆਵਾਂ ਵਿਚ ਕੁੱਲ ਪਾਣੀ ਦਾ ਫੈਸਲਾ ਹੋਣਾ ਚਾਹੀਦਾ ਹੈ। ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ ਤੇ ਇਸ 'ਚ ਪ੍ਰਧਾਨ ਮੰਤਰੀ ਨੂੰ ਦਖਲ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ 112 ਬਲਾਕਾਂ ਵਿਚ ਪਾਣੀ ਦਾ ਪੱਧਰ ਬਹੁਤ ਹੇਠਾਂ ਡਿੱਗ ਚੁੱਕਾ ਹੈ।

# ਸਿੱਧੂ ਨੂੰ 'ਚੌਕੇ-ਛੱਕੇ' ਛੱਡ ਕੇ ਵਿਕਟਾਂ ਬਚਾਉਣ ਦੀ ਸਲਾਹ ਦਿੱਤੀ ਮੁੱਖ ਮੰਤਰੀ ਦਫ਼ਤਰ ਨੇ

**ਚੰਡੀਗੜ੍ਹ–** ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਜੋ ਆਪਣੇ ਵਿਭਾਗ ਦੇ ਅਧਿਕਾਰੀਆਂ ਖ਼ਿਲਾਫ਼ 'ਚੌਕੇ-ਛੱਕੇ' ਮਾਰ ਰਹੇ ਹਨ, ਨੂੰ ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਨੇ 'ਹੌਲੀ ਖੇਡਣ' ਦੀ ਸਲਾਹ ਦਿੱਤੀ ਗਈ ਹੈ। ਸੂਤਰਾਂ ਮੁਤਾਬਕ ਮੁੱਖ ਮੰਤਰੀ ਦਫ਼ਤਰ 'ਚ ਇਕ ਸੀਨੀਅਰ ਸਲਾਹਕਾਰ ਨੇ ਸ੍ਰੀ ਸਿੱਧੂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ 'ਜ਼ਿਆਦਾ ਨਾ ਵਗਣ' ਦੀ ਸਲਾਹ ਦਿੱਤੀ ਹੈ ਕਿਉਂਕਿ ਉਨ੍ਹਾਂ ਦੀਆਂ ਕਾਰਵਾਈਆਂ ਸਰਕਾਰ ਅੰਦਰਲੇ ਕੁੱਝ ਖਾਸ ਹਿੱਸਿਆਂ ਨੂੰ ਰੜਕ ਰਹੀਆਂ ਹਨ ਅਤੇ ਨਿਯਮਾਂ ਦੀ ਉਲੰਘਣਾ ਵੀ ਹੋਈ ਹੈ।

ਸੂਤਰਾਂ ਮੁਤਾਬਕ ਸਥਾਨਕ ਸਰਕਾਰਾਂ ਵਿਭਾਗ ਦੇ ਮੁਅੱਤਲ ਕੀਤੇ ਚਾਰ ਨਿਗਰਾਨ ਇੰਜਨੀਅਰਾਂ ਦੀਆਂ ਅਰਜ਼ੀਆਂ ਉਤੇ ਸੁਣਵਾਈ ਲਈ ਅੱਜ ਸ੍ਰੀ ਸਿੱਧੂ ਵੱਲੋਂ ਖੁੱਲ੍ਹਾ ਦਰਬਾਰ ਲਾਏ ਜਾਣ ਦੇ ਤੁਰੰਤ ਬਾਅਦ 'ਇਹ ਐਡਵਾਇਜ਼ਰੀ ਮੀਟਿੰਗ' ਹੋਈ ਹੈ। ਜਾਣਕਾਰੀ ਮੁਤਾਬਕ ਸ੍ਰੀ ਸਿੱਧੂ ਨੇ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਕੈਪਟਨ ਸੰਦੀਪ ਸੰਧੂ ਨਾਲ ਮੁਲਾਕਾਤ ਕੀਤੀ ਹੈ, ਜਿਨ੍ਹਾਂ ਨੇ 'ਵੱਡੀ ਗਿਣਤੀ ਲੋਕਾਂ ਨੂੰ ਗੁੱਸੇ ਨਾ ਕਰਨ' ਦੀ ਸਲਾਹ ਦਿੱਤੀ ਹੈ ਕਿਉਂਕਿ ਇਹ ਚੰਗਾ ਸਿਆਸੀ ਕਦਮ ਨਹੀਂ ਹੈ। ਜਾਣਕਾਰੀ ਮੁਤਾਬਕ ਸ੍ਰੀ ਸਿੱਧੂ ਆਪਣੇ ਸਟੈਂਡ 'ਤੇ ਕਾਇਮ ਹਨ ਅਤੇ ਉਨ੍ਹਾਂ ਕਿਹਾ ਕਿ ਉਹ ਮਹਿਜ਼ ਪਿਛਲੇ ਸਰਕਾਰ ਦੇ ਗਲਤ ਕੰਮਾਂ ਨੂੰ ਠੀਕ ਕਰਨ ਦਾ



ਯਤਨ ਕਰ ਰਹੇ ਹਨ ਅਤੇ ਉਹ ਜੋ ਵੀ ਕਰ ਰਹੇ ਹਨ ਸਭ ਸ਼ਰੇਆਮ ਹੈ।

ਨਵਜੋਤ ਸਿੱਧੂ ਵੱਲੋਂ ਚਾਰ ਇੰਜਨੀਅਰਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕਰਨ ਅਤੇ ਚਾਰ ਆਈਏਐਸ ਅਫ਼ਸਰਾਂ ਖ਼ਿਲਾਫ਼ ਕਾਰਵਾਈ ਦੀ ਸਿਫ਼ਾਰਸ਼ ਕੀਤੇ ਜਾਣ ਬਾਅਦ ਅਫ਼ਸਰਾਂ ਨੇ ਮੰਤਰੀ ਖ਼ਿਲਾਫ਼ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਇਸ ਮੁੱਦੇ ਉਤੇ ਮੁੱਖ ਮੰਤਰੀ ਦੇ ਦਫ਼ਤਰ ਵਿੱਚ ਵੀ ਚਰਚਾ ਹੋਈ ਹੈ। ਕਾਂਗਰਸ ਅੰਦਰ ਕਈਆਂ ਵੱਲੋਂ ਲੱਖਣ ਲਾਇਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਵੱਲੋਂ ਇਸ ਪਾਰੀ ਬਾਅਦ ਸਿਆਸਤ ਤੋਂ ਲਾਂਭੇ ਹੋਣ ਦਾ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਾ ਹੈ, ਜਿਸ ਕਾਰਨ ਇਸ ਮੰਤਰੀ ਵੱਲੋਂ ਵਧੀਆਂ ਇੱਛਾਵਾਂ ਕਾਰਨ 'ਹੱਦੋਂ ਵੱਧ ਸਰਗਰਮੀ' ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਕੈਂਪ ਵਿਚਲੇ ਸੂਤਰਾਂ ਨੂੰ ਲੱਗਦਾ ਹੈ ਕਿ ਉਹ ਹੱਦ ਲੰਘ ਰਿਹਾ ਹੈ, ਜਿਸ ਨੂੰ ਮੁੱਖ ਮੰਤਰੀ ਵੱਲੋਂ ਸਲਾਹਿਆ ਨਹੀਂ ਜਾਵੇਗਾ।

ਫਾਸਟਵੇਅ ਕੇਬਲ ਮਾਮਲੇ 'ਚ ਮੁੱਖ ਮੰਤਰੀ ਵੱਲੋਂ ਪਹਿਲਾਂ ਹੀ ਇਸ ਮੰਤਰੀ ਨੂੰ 'ਝਾੜਿਆ' ਜਾ ਚੁੱਕਾ ਹੈ। ਇਸ ਕੰਪਨੀ ਉਤੇ ਸ੍ਰੀ ਸਿੱਧੂ ਦੇ ਹਮਲੇ ਬਾਅਦ ਮੁੱਖ ਮੰਤਰੀ ਨੇ ਸਪੱਸ਼ਟ ਕਿਹਾ ਸੀ ਕਿ ਉਨ੍ਹਾਂ ਨੇ ਸਬੰਧਤ ਵਧੀਕ ਮੁੱਖ ਸਕੱਤਰ (ਮੰਤਰੀ ਤੋਂ ਨਹੀਂ) ਤੋਂ ਰਿਪੋਰਟ ਮੰਗੀ ਹੈ ਅਤੇ ਉਹ ਰਾਜਸੀ ਕਿੜ੍ਹ ਕੱਢਣ ਲਈ ਕੋਈ ਕਾਰਵਾਈ ਨਹੀਂ ਕਰਨਗੇ।

# ਐਸ ਵਾਈ ਐਲ ਮੁੱਦੇ ਨੇ ਵਧਾਈ ਕੈਪਟਨ ਅਮਰਿੰਦਰ ਲਈ ਪ੍ਰੇਸ਼ਾਨੀ

**(ਸਫਾ 1 ਦੀ ਬਾਕੀ)**

ਕੈਪਟਨ ਅਮਰਿੰਦਰ ਸਿੰਘ ਦੇ ਪਿਛਲੇ ਕਾਰਜਕਾਲ (2002 ਤੋਂ 2007) ਸਮੇਂ ਸੁਪਰੀਮ ਕੋਰਟ ਦਾ ਐਸਵਾਈਐਲ ਦੇ ਨਿਰਮਾਣ ਵਾਲਾ ਫ਼ੈਸਲਾ ਸੰਕਟ ਬਣ ਕੇ ਖੜ੍ਹਾ ਸੀ। 12 ਜੁਲਾਈ, 2004 ਨੂੰ ਵਿਧਾਨ ਸਭਾ ਨੇ ਸਮਝੌਤੇ ਰੱਦ ਕਰਨ ਸਬੰਧੀ ਕਾਨੂੰਨ ਪਾਸ ਕਰਕੇ ਇੱਕ ਵਾਰ ਸਮੱਸਿਆ ਟਾਲ ਦਿੱਤੀ ਸੀ। ਮਾਮਲਾ ਰਾਸ਼ਟਰਪਤੀ ਕੋਲ ਗਿਆ ਤਾਂ ਉਨ੍ਹਾਂ ਸੁਪਰੀਮ ਕੋਰਟ ਤੋਂ ਇਸ ਸਬੰਧੀ ਰਾਇ ਮੰਗ ਲਈ। ਕਈ ਸਾਲ ਤਕ ਮੁੱਦਾ ਠੰਢੇ ਬਸਤੇ ਵਿੱਚ ਪਿਆ ਰਿਹਾ ਅਤੇ ਅਕਾਲੀ-ਭਾਜਪਾ ਦੇ ਲਗਪਗ 9 ਸਾਲ ਦਾ ਸਮਾਂ ਗੁਜ਼ਰ ਗਿਆ। ਅਖੀਰ 16 ਨਵੰਬਰ, 2016 ਨੂੰ ਸੁਪਰੀਮ ਕੋਰਟ ਨੇ ਐਸਵਾਈਐਲ ਮੁੱਦੇ ਉੱਤੇ ਸੁਣਵਾਈ ਮੁੜ ਸ਼ੁਰੂ ਕਰ ਦਿੱਤੀ। ਰੈਫਰੈਂਸ ਦੀਆਂ ਸ਼ਰਤਾਂ ਪੰਜਾਬ ਦੇ ਪੱਖ ਵਿੱਚ ਨਾ ਹੋਣ ਕਰਕੇ ਪੰਜਾਬ ਸਰਕਾਰ ਨੇ 14 ਮਾਰਚ, 2016 ਨੂੰ ਵਿਧਾਨ ਸਭਾ ਤੋਂ ਸਰਬਸੰਮਤੀ ਨਾਲ ਬਿੱਲ ਪਾਸ ਕਰਵਾ ਕੇ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਫੈਸਲਾ ਕਰ ਦਿੱਤਾ। ਸੁਪਰੀਮ ਕੋਰਟ ਨੇ ਇਸ ਉੱਤੇ ਵੀ ਰੋਕ ਲਗਾ ਦਿੱਤੀ। 15 ਨਵੰਬਰ ਨੂੰ ਪੰਜਾਬ ਮੰਤਰੀ ਮੰਡਲ ਨੇ ਲਗਪਗ 214 ਕਿਲੋਮੀਟਰ ਲੰਬੀ ਇਸ ਨਹਿਰ ਲਈ ਗ੍ਰਹਿਣ ਕੀਤੀ 5376 ਏਕੜ ਜ਼ਮੀਨ ਡੀ-ਨੋਟੀਫਾਈ ਕਰਕੇ ਕਿਸਾਨਾਂ ਨੂੰ ਵਾਪਸ ਦੇਣ ਦਾ ਫੈਸਲਾ ਕਰ ਦਿੱਤਾ, ਜੋ ਅਜੇ ਤਕ ਬਰਕਰਾਰ ਮੰਨਿਆ ਜਾ ਰਿਹਾ ਹੈ। ਇਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਸੰਸਦ ਮੈਂਬਰੀ ਤੋਂ ਅਸਤੀਫ਼ਾ ਦਿੰਦਿਆਂ ਕਾਂਗਰਸੀ ਵਿਧਾਇਕਾਂ ਤੋਂ ਵੀ ਅਸਤੀਫ਼ੇ ਦਿਵਾ ਦਿੱਤੇ ਸਨ। ਪਾਣੀਆਂ ਦੇ ਮਾਹਿਰ ਪ੍ਰੀਤਮ ਸਿੰਘ ਕੁੰਮੇਦਾਨ ਨੇ ਕਿਹਾ ਕਿ ਉਹ ਪਹਿਲਾਂ ਤੋਂ ਹੀ ਇਹ ਵਿਚਾਰ ਦੇ ਰਹੇ ਹਨ ਕਿ ਨਹਿਰ ਦਾ ਨਿਰਮਾਣ ਕਰਨਾ ਚਾਹੀਦਾ ਹੈ ਕਿਉਂਕਿ ਕਾਨੂੰਨੀ ਤੌਰ ਉੱਤੇ ਪੰਜਾਬ ਨੂੰ ਹਰਿਆਣਾ ਤੋਂ ਪਾਣੀ ਹੋਰ ਵਾਪਸ ਮਿਲਣਾ ਹੈ। ਸਰਕਾਰ ਦੀ ਟ੍ਰਿਬਿਊਨਲ ਬਣਾਉਣ ਦੀ ਮੰਗ ਨਾਲ ਵੀ ਕਈ ਮਾਹਿਰ ਸਹਿਮਤ ਨਹੀਂ ਕਿਉਂਕਿ ਮਾਮਲਾ ਕਾਨੂੰਨ ਮੁਤਾਬਕ ਹੱਕ ਸਾਬਤ ਕਰਨ ਨਾਲ ਸਬੰਧਿਤ ਹੈ। ਸੂਤਰਾਂ ਅਨੁਸਾਰ ਸ੍ਰੀ ਕੁੰਮੇਦਾਨ ਵੱਲੋਂ ਮੁੱਖ ਮੰਤਰੀ ਦਫ਼ਤਰ ਨੂੰ ਭੇਜੇ ਇੱਕ ਨੋਟ 'ਚ ਇਸ ਦਾ ਜ਼ਿਕਰ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78 ਗੈਰ-ਸੰਵਿਧਾਨਕ ਹੈ। ਜੇਕਰ ਇਸ ਨੂੰ ਠੀਕ ਵੀ ਮੰਨ ਲਿਆ ਜਾਵੇ ਤਾਂ ਵੀ ਪਾਣੀ ਦੀ ਵੰਡ ਇਸ ਅਨੁਸਾਰ ਨਹੀਂ ਹੋਈ। ਇਸ ਧਾਰਾ ਤਹਿਤ ਕਿਤੇ ਵੀ ਪੰਜਾਬ ਅਤੇ ਹਰਿਆਣਾ ਦਾ ਜ਼ਿਕਰ ਨਹੀਂ ਹੈ। ਵਾਰਸ (ਸਕਸੈੱਸਰ) ਰਾਜਾਂ ਦਾ ਜ਼ਿਕਰ ਹੈ। ਇਨ੍ਹਾਂ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਆਉਂਦੇ ਹਨ। ਪਾਣੀ ਬਾਰੇ ਕਿਸੇ ਵੀ ਸਮਝੌਤੇ ਸਮੇਂ ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਨੂੰ ਨਹੀਂ ਪੁੱਛਿਆ ਗਿਆ, ਜਿਸ ਕਾਰਨ ਇਹ ਸਮਝੌਤੇ ਵਾਜਬ ਕਿਵੇਂ ਹੋ ਸਕਦੇ ਹਨ?

# ਐਚ.ਐਸ. ਫੂਲਕਾ ਨੇ ਵਿਰੋਧੀ ਧਿਰ ਦੇ ਆਗੂ ਦਾ ਰੁਤਬਾ ਤਿਆਗਿਆ

**(ਸਫਾ 1 ਦੀ ਬਾਕੀ)**

ਨੂੰ ਇਸ ਸਬੰਧੀ ਰਸਮੀ ਐਲਾਨ ਵੀ ਕਰ ਦਿੱਤਾ। ਸ੍ਰੀ ਫੂਲਕਾ ਅੱਜ ਸਪੀਕਰ ਨੂੰ ਅਸਤੀਫ਼ਾ ਦੇਣ ਲਈ ਦਿੱਲੀ ਤੋਂ ਜਹਾਜ਼ ਰਾਹੀਂ ਚੰਡੀਗੜ੍ਹ ਆਏ ਅਤੇ ਸਪੀਕਰ ਨੂੰ ਮਿਲਣ ਮਗਰੋਂ ਵਾਪਸ ਚਲੇ ਗਏ। ਸੁਪਰੀਮ ਕੋਰਟ ਵਿੱਚ ਦਿੱਲੀ ਦੰਗਾ ਪੀੜਤਾਂ ਦੇ ਕੇਸ ਦੀ ਸੁਣਵਾਈ 13 ਜੁਲਾਈ ਨੂੰ ਹੈ, ਜਿਸ ਦੀ ਤਿਆਰੀ ਵਿੱਚ ਰੁੱਝੇ ਹੋਣ ਕਰਕੇ ਉਹ ਇੱਥੇ ਬਗ਼ੈਰ ਰੁਕੇ ਹੀ ਪਰਤ ਗਏ।

ਉਧਰ 'ਆਪ' ਹਾਈ ਕਮਾਂਡ ਫੂਲਕਾ ਦਾ ਬਦਲ ਲੱਭਣ 'ਚ ਭਾਵੇਂ ਅਜੇ ਕੋਈ ਕਾਹਲ ਨਹੀਂ ਕਰਨਾ ਚਾਹੁੰਦੀ, ਪਰ ਅਹੁਦੇ ਦੇ ਚਾਹਵਾਨ ਕਮਰ ਕੱਸੀ ਫਿਰਦੇ ਹਨ। ਇਸ ਅਹੁਦੇ ਦੀ ਦੌੜ ਵਿੱਚ ਪਾਰਟੀ ਦੇ ਵ੍ਹਿਪ ਤੇ ਵਿਧਾਇਕ ਸੁਖਪਾਲ ਖਹਿਰਾ, ਕੰਵਰ ਸੰਧੂ ਅਤੇ ਅਮਨ ਅਰੋੜਾ ਦਾ ਨਾਂ ਲਿਆ ਜਾ ਰਿਹਾ ਹੈ, ਪਰ ਹੁਣ ਪ੍ਰੋ. ਬਲਵਿੰਦਰ ਕੌਰ ਦਾ ਨਾਂ ਵੀ ਵੱਜਣ ਲੱਗਾ ਹੈ। ਪਾਰਟੀ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਵਿਧਾਨ ਸਭਾ 'ਚ ਡਿਪਟੀ ਆਗੂ ਹੈ ਅਤੇ ਹਾਲ ਦੀ ਘੜੀ ਉਸ ਨੂੰ ਆਰਜ਼ੀ ਤੌਰ 'ਤੇ ਕਮਾਨ ਦਿੱਤੇ ਜਾਣ ਦੀ ਸੰਭਾਵਨਾ ਹੈ।

# ਚਾਰ ਵਿਆਹ ਕਰਾਉਣ ਵਾਲਾ ਐਨ ਆਰ ਆਈ ਫੇਸਬੁੱਕ ਰਾਹੀ ਕਾਬੂ ਕੀਤਾ

**ਜਲੰਧਰ–** ਵਿਦੇਸ਼ ਲਿਜਾਣ ਦਾ ਝਾਂਸਾ ਦੇ ਕੇ ਵਿਆਹ ਕਰਵਾਉਣ ਤੇ ਪੈਸੇ ਠੱਗਣ ਵਾਲੇ ਅਮਰੀਕਾ ਤੋਂ ਪਰਤੇ ਐਨ.ਆਰ.ਆਈ. ਨੂੰ ਪੁਲਿਸ ਨੇ ਦਿੱਲੀ ਹਵਾਈ ਅੱਡੇ ਤੋਂ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਜਗਜੀਤ ਸਿੰਘ ਵਾਸੀ ਗਰੀਨ ਐਵੇਨਿਊ ਜਲੰਧਰ ਵਜੋਂ ਹੋਈ ਹੈ, ਜੋ ਦੋ ਸਾਲ ਅਮਰੀਕਾ ਰਹਿ ਚੁੱਕਾ ਹੈ। ਉਹ ਵਿਦੇਸ਼ ਲਿਜਾਣ ਦਾ ਝਾਂਸਾ ਦੇ ਕੇ ਹੁਣ ਤਕ ਚਾਰ ਵਿਆਹ ਕਰਵਾ ਚੁੱਕਾ ਹੈ। ਪੁਲਿਸ ਨੇ ਜਗਜੀਤ ਨੂੰ ਫੇਸਬੁੱਕ ਰਾਹੀਂ ਕੁੜੀ ਦੀ ਫ਼ਰਜ਼ੀ ਆਈ.ਡੀ. ਬਣਾ ਕੇ ਕਾਬੂ ਕੀਤਾ ਹੈ। ਉਸ ਕੋਲੋਂ ਦੋ ਪਾਸਪੋਰਟ ਬਰਾਮਦ ਹੋਏ ਹਨ, ਜਿਨ੍ਹਾਂ 'ਚ ਇੱਕ ਜਗਜੀਤ ਸਿੰਘ ਤੇ ਦੂਜਾ ਪਾਸਪੋਰਟ ਰਤਨ ਕੁਮਾਰ ਦੇ ਨਾਂ ਦਾ ਹੈ।

ਜਗਜੀਤ ਦੇ ਚੌਥੇ ਵਿਆਹ ਦੀ ਸ਼ਿਕਾਰ ਹੋਈ ਨਵਜੋਤ ਕੌਰ ਪੁਲਿਸ ਕਮਿਸ਼ਨਰ ਪ੍ਰਵੀਨ ਸਿਨਹਾ ਨਾਲ ਮੀਡੀਆ ਅੱਗੇ ਪੇਸ਼ ਹੋਈ ਅਤੇ ਆਪਣੀ ਹੱਡਬੀਤੀ ਸੁਣਾਈ। ਨਵਜੋਤ ਨੇ ਦੱਸਿਆ ਕਿ ਜਗਜੀਤ ਸਿੰਘ ਉਸ ਨੂੰ ਵੈੱਬਸਾਈਟ ਸ਼ਾਦੀ.ਕਾਮ 'ਤੇ ਮਿਲਿਆ ਸੀ ਅਤੇ ਅਮਰੀਕਾ ਲਿਜਾਣ ਦਾ ਝਾਂਸਾ ਦੇ ਕੇ ਉਸ ਨਾਲ ਵਿਆਹ ਕਰਵਾ ਲਿਆ। ਇਸ ਵਿਆਹ 'ਚ ਜਗਜੀਤ ਦੀ ਭੂਆ ਗੁਰਦੇਵ ਕੌਰ, ਭੂਆ ਦੀ ਧੀ ਬਲਜੀਤ ਕੌਰ ਅਤੇ ਜਵਾਈ ਕਮਲਜੀਤ ਸਿੰਘ ਵੀ ਸ਼ਾਮਲ ਸਨ। ਵਿਆਹ ਬਾਅਦ ਜਗਜੀਤ ਨੇ ਉਸ ਦੇ ਘਰਦਿਆਂ ਕੋਲੋਂ 6.28 ਲੱਖ ਰੁਪਏ ਲੈ ਲਏ ਅਤੇ ਉਸ 'ਚੋਂ 2 ਲੱਖ ਭੂਆ ਨੂੰ ਵਿਚੋਲਣ ਬਣਨ ਦੇ ਦਿੱਤੇ। ਵਿਆਹ ਤੋਂ 10 ਦਿਨ ਬਾਅਦ ਜਗਜੀਤ ਉਸ ਨੂੰ ਛੱਡ ਕੇ ਪੈਸੇ ਲੈ ਕੇ ਫਰਾਰ ਹੋ ਗਿਆ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਜਗਜੀਤ ਪਹਿਲਾਂ ਵੀ ਤਿੰਨ ਵਿਆਹ ਕਰਵਾ ਚੁੱਕਾ ਹੈ ਅਤੇ ਵੱਖ ਵੱਖ ਥਾਣਿਆਂ 'ਚ ਉਸ ਖ਼ਿਲਾਫ਼ ਕੇਸ ਦਰਜ ਹਨ। ਪੁਲਿਸ ਨੇ ਉਸ ਦੀ ਭੂਆ ਗੁਰਦੇਵ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦੋਂ ਕਿ ਉਸ ਦੀ ਧੀ ਤੇ ਜਵਾਈ ਹਾਲੇ ਫਰਾਰ ਹਨ।

# ਮੁਲਜ਼ਮ ਨਹੀ ਚਾਹੁੰਦੇ '84 ਦੇ ਪੀੜਤਾਂ ਨੂੰ ਇਨਸਾਫ਼ ਮਿਲੇ: ਹਾਈ ਕੋਰਟ

**ਨਵੀਂ ਦਿੱਲੀ–** ਦਿੱਲੀ ਹਾਈ ਕੋਰਟ ਨੇ ਕਿਹਾ ਕਿ 1984 ਦੇ ਕਤਲੇਆਮ ਦੇ ਮੁਲਜ਼ਮ ਇਹ ਨਹੀਂ ਚਾਹੁੰਦੇ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ਼ ਮਿਲੇ। ਚੀਫ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਅਨੂ ਮਲਹੋਤਰਾ 'ਤੇ ਆਧਾਰਤ ਬੈਂਚ ਦੀ ਇਹ ਟਿੱਪਣੀ 1984 ਦੇ ਸਿੱਖ ਕਤਲੇਆਮ ਦੇ ਪੰਜ ਮੁਲਜ਼ਮਾਂ ਵੱਲੋਂ ਅਦਾਲਤੀ ਹੁਕਮਾਂ ਖ਼ਿਲਾਫ਼ ਸੁਪਰੀਮ ਕੋਰਟ ਚਲੇ ਜਾਣ ਬਾਰੇ ਸੂਚਿਤ ਕੀਤੇ ਜਾਣ ਮਗਰੋਂ ਸਾਹਮਣੇ ਆਈ ਹੈ।

ਅਦਾਲਤ ਨੇ ਕਿਹਾ ਕਿ ਉਨ੍ਹਾਂ 11 ਮੁਲਜ਼ਮਾਂ ਨੂੰ ਸਿਰਫ਼ ਕਾਰਨ ਦੱਸੋ ਨੋਟਿਸ ਹੀ ਜਾਰੀ ਕੀਤਾ ਸੀ ਕਿ ਕਿਉਂਕਿ ਉਨ੍ਹਾਂ 'ਤੇ ਮਨੁੱਖਤਾਂ 'ਤੇ ਜ਼ੁਲਮ ਢਾਹੁਣ ਦੇ ਦੋਸ਼ ਲੱਗੇ ਹੋਏ ਹਨ। ਬੈਂਚ ਨੇ ਕਿਹਾ, 'ਉਹ ਸਿਰਫ਼ ਕੇਸ ਦੀ ਮੁੜ ਸੁਣਵਾਈ ਸ਼ੁਰੂ




ਕਰਨ ਦਾ ਹੁਕਮ ਦੇਣ ਜਾ ਰਹੇ ਸਨ ਨਾ ਕਿ ਤੁਹਾਨੂੰ ਦੋਸ਼ੀ ਠਹਿਰਾਉਣ ਦਾ। 29 ਮਾਰਚ ਦੇ ਅਦਾਲਤੀ ਹੁਕਮਾਂ ਖ਼ਿਲਾਫ਼ ਤੁਹਾਡੀ ਵਿਸ਼ੇਸ਼ ਪਟੀਸ਼ਨ ਇਹ ਦੱਸਦੀ ਹੈ ਕਿ ਇਸ ਕੇਸ ਦੇ ਮੁਲਜ਼ਮ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲਣ ਦੇਣਾ ਚਾਹੁੰਦੇ।' ਉਨ੍ਹਾਂ ਕਿਹਾ ਕਿ ਅਦਾਲਤ ਨੇ ਮਹਿਸੂਸ ਕੀਤਾ ਸੀ ਕਿ ਹੇਠਲੀ ਅਦਾਲਤ ਵਿੱਚ ਮੁਲਜ਼ਮਾਂ ਤੇ ਦਾਅਵਿਆਂ ਦੇ ਗਵਾਹਾਂ ਦੇ ਬਿਆਨਾਂ ਨੂੰ ਸਹੀ ਢੰਗ ਨਾਲ ਨਿਰਖਿਆ ਪਰਖਿਆ ਨਹੀਂ ਗਿਆ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਤਾਂ ਇਹ ਹੈ ਕਿ 1984 ਦੇ ਦੰਗਿਆਂ 'ਚ ਤਿੰਨ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ ਜਦਕਿ ਮੁਲਜ਼ਮਾਂ ਦਾ ਕਹਿਣਾ ਹੈ ਕਿ ਇਨ੍ਹਾਂ ਘਟਨਾਵਾਂ 'ਚ ਕੋਈ ਵੀ ਮਾਰਿਆ ਨਹੀਂ ਸੀ ਗਿਆ।

# ਇੱਕ ਦੇਸ਼, ਇੱਕ ਟੈਕਸ ਬਨਾਮ ਜੀ ਐੱਸ ਟੀ

**ਸਰਕਾਰ ਅਨੁਸਾਰ ਦੇਸ਼ ਇੱਕ ਬਾਜ਼ਾਰ ਬਣ ਜਾਏਗਾ ਤੇ ਇਸ ਨਾਲ ਵਿਕਾਸ ਦੀ ਗਤੀ ਇੱਕ ਤੋਂ ਦੋ ਫ਼ੀਸਦੀ ਵਧੇਗੀ। 'ਇੱਕ ਦੇਸ਼, ਇੱਕ ਕਰ' ਵਰਗੇ ਵੱਡੇ ਆਰਥਿਕ ਸੁਧਾਰਾਂ ਰਾਹੀਂ ਦੇਸ਼ ਕਦਮ ਅੱਗੇ ਵਧਾ ਰਿਹਾ ਹੈ। ਸਰਕਾਰ ਦਾ ਇਹ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨੇ ਜਨ ਧਨ, ਆਧਾਰ ਅਤੇ ਮੋਬਾਈਲ ਬੈਂਕਿੰਗ ਦੇ ਜ਼ਰੀਏ ਦੇਸ਼ ਵਿੱਚ ਪਾਰਦਰਸ਼ਤਾ ਦੀ ਜਿਹੜੀ ਅਲਖ ਜਗਾਈ ਹੈ ਅਤੇ ਭ੍ਰਿਸ਼ਟਾਚਾਰ ਦੇ ਮੂਲ ਵਿੱਚ ਜਾ ਕੇ ਜਿਹੜੀਆਂ ਸੱਟਾਂ ਮਾਰਨੀਆਂ ਸ਼ੁਰੂ ਕੀਤੀਆਂ ਸਨ, ਦਰਅਸਲ ਜੀ ਐੱਸ ਟੀ ਉਸੇ ਦਾ ਹੀ ਇੱਕ ਪੜਾਅ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

**ਅੱਧੀ ਰਾਤ** ਦੇ ਘੁੱਪ ਹਨੇਰੇ ਵਿੱਚ ਰਾਜਨੇਤਾ ਆਮ ਲੋਕਾਂ ਨਾਲ ਇਹੋ ਜਿਹੀਆਂ ਖੇਡਾਂ ਕਿਉਂ ਖੇਡਦੇ ਹਨ, ਜੋ ਉਨ੍ਹਾਂ ਦੇ ਜੀਵਨ ਵਿੱਚ ਦੁਸ਼ਵਾਰੀਆਂ ਭਰਦੀਆਂ ਹੋਣ? ਨਰਿੰਦਰ ਮੋਦੀ ਦੀ ਸਰਕਾਰ ਨੇ ਨੋਟ-ਬੰਦੀ ਲਾਗੂ ਕੀਤੀ, ਤੇ ਉਹ ਵੀ ਅੱਧੀ ਰਾਤ ਨੂੰ ਅਤੇ ਲੋਕਾਂ ਨੂੰ ਲੰਮਾ ਸਮਾਂ ਹੱਥ-ਪੈਰ ਮਾਰਦੇ ਵੇਖਿਆ ਗਿਆ। ਸਿਵਾਏ ਔਖਿਆਈਆਂ ਦੇ, ਨੋਟ-ਬੰਦੀ ਵਿੱਚੋਂ ਹੋਰ ਕੁਝ ਵੀ ਨਾ ਲੱਭਿਆ; ਉਵੇਂ ਹੀ, ਜਿਵੇਂ 15 ਅਗਸਤ 1947 ਦੀ ਰਾਤ ਨੂੰ ਦੇਸ਼ ਨੂੰ ਮਿਲੀ ਆਜ਼ਾਦੀ ਦਾ ਐਲਾਨ ਹੋਇਆ, ਲੋਕਾਂ ਨੂੰ ਵੱਡੇ ਜਸ਼ਨ ਮਨਾਉਂਦੇ ਵੇਖਿਆ ਗਿਆ, ਪਰ ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਲੋਕਾਂ ਦੇ ਪੱਲੇ ਆਸ ਅਨੁਸਾਰ ਨਹੀਂ ਪਿਆ। ਇਵੇਂ ਹੀ ਤੀਹ ਜੂਨ ਦੀ ਅੱਧੀ ਰਾਤ ਨੂੰ ਜੀ ਐੱਸ ਟੀ ਲੋਕਾਂ ਦੇ ਪੱਲੇ ਪਾ ਦਿੱਤੀ ਗਈ ਹੈ, ਵੱਡੇ ਜਸ਼ਨ ਮਨਾ ਕੇ, ਜਿਵੇਂ ਦੇਸ਼ ਨੇ ਕੋਈ ਜੰਗ ਜਿੱਤੀ ਹੋਵੇ, ਪਰ ਲੋਕ ਘਬਰਾਹਟ ਮਹਿਸੂਸ ਕਰ ਰਹੇ ਹਨ। ਵਪਾਰੀ ਪ੍ਰੇਸ਼ਾਨ ਹਨ। ਬਹੁਤੇ ਦੁਕਾਨਦਾਰ ਦੁਕਾਨਾਂ ਬੰਦ ਕਰੀ ਬੈਠੇ ਹਨ। ਕਾਰਖਾਨੇਦਾਰਾਂ ਨੂੰ ਆਪਣਾ ਮਾਲ ਦੇਸ਼-ਬਦੇਸ਼ 'ਚ ਵੇਚਣ ਲਈ ਔਖ ਆ ਰਹੀ ਹੈ। ਚੀਜ਼ਾਂ-ਵਸਤਾਂ ਹਾਸਲ ਕਰਨ ਵਾਲੇ ਲੋਕ ਚਿੰਤਾ 'ਚ ਡੁੱਬੇ ਮੱਥੇ 'ਤੇ ਹੱਥ ਧਰ ਕੇ ਬੈਠੇ ਹਨ।

ਕੇਂਦਰ ਸਰਕਾਰ ਕਹਿੰਦੀ ਹੈ ਕਿ ਦੇਸ਼ ਵਿੱਚ ਇੱਕਸਾਰ ਟੈਕਸ (ਜੀ ਐੱਸ ਟੀ) ਲਾਗੂ ਕੀਤਾ ਗਿਆ ਹੈ, ਜੋ ਟੈਕਸ ਚੋਰੀ ਰੋਕੇਗਾ, ਦੇਸ਼ ਦੀ ਆਰਥਿਕ ਹਾਲਤ ਸੁਧਰੇਗੀ, ਪਰ ਸਰਕਾਰ ਇਸ ਗੱਲੋਂ ਚੁੱਪ ਕਿਉਂ ਹੈ ਕਿ ਇਸ ਨਾਲ ਦੇਸ਼ 'ਚ ਮਹਿੰਗਾਈ ਵਧੇਗੀ, ਕਾਰੋਬਾਰਾਂ 'ਚ ਸਿੱਥਲਤਾ ਆਏਗੀ, ਲੋਕਾਂ ਦੇ ਰੁਜ਼ਗਾਰ ਖੁੱਸਣਗੇ? ਇਸ ਨਾਲ ਲਘੂ, ਛੋਟੇ ਅਤੇ ਦਰਮਿਆਨੇ ਵਪਾਰੀ ਜ਼ਿਆਦਾ ਪ੍ਰਭਾਵਤ ਹੋਣਗੇ। ਇਸ ਵੇਲੇ ਭਾਰਤ ਵਿੱਚ ਤਿੰਨ ਲੱਖ ਲਘੂ ਅਤੇ ਮੱਧ ਦਰਜੇ ਦੀਆਂ ਇਕਾਈਆਂ ਕੰਮ ਕਰ ਰਹੀਆਂ ਹਨ, ਜੋ ਦੇਸ਼ ਦੇ ਕੁੱਲ ਉਤਪਾਦਨ 'ਚ 50 ਫ਼ੀਸਦੀ ਯੋਗਦਾਨ ਪਾਉਂਦੀਆਂ ਹਨ ਤੇ ਬਰਾਮਦਾਂ ਵਿੱਚ ਇਹਨਾਂ ਦੀ ਹਿੱਸੇਦਾਰੀ 42 ਫ਼ੀਸਦੀ ਹੈ।

ਸਾਬਕਾ ਕੇਂਦਰੀ ਮੰਤਰੀ ਪੀ. ਚਿਦੰਬਰਮ ਦੇ ਸ਼ਬਦਾਂ ਵਿੱਚ; ਨਵਾਂ ਕਨੂੰਨ ਮੁਨਾਫੇਖੋਰਾਂ ਤੇ ਅਧਿਕਾਰੀਆਂ ਦੇ ਹੱਥਾਂ ਵਿੱਚ ਲੋਕਾਂ 'ਤੇ ਬੋਝ ਪਾਉਣ ਦੇ ਇੱਕ ਔਜ਼ਾਰ ਦੇ ਤੌਰ 'ਤੇ ਕੰਮ ਕਰੇਗਾ। ਜੀ ਐੱਸ ਟੀ ਨੋਟ-ਬੰਦੀ ਵਾਂਗ ਕਾਹਲੀ ਵਿੱਚ ਬਿਨਾਂ ਪੂਰੀ ਤਿਆਰੀ ਦੇ ਲਾਗੂ ਕੀਤਾ ਗਿਆ ਕਦਮ ਹੈ। ਇਸ ਦੇ ਤਹਿਤ 80 ਫ਼ੀਸਦੀ ਵਸਤਾਂ ਅਤੇ ਸੇਵਾਵਾਂ 'ਤੇ ਕਰ ਲੱਗੇਗਾ ਅਤੇ ਇਸ ਨਾਲ ਕੀਮਤਾਂ ਵਧਣਗੀਆਂ। ਦੇਸ਼ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਖੇਤੀ ਖੇਤਰ ਇਸ ਨਾਲ ਬਹੁਤ ਪ੍ਰਭਾਵਤ ਹੋਵੇਗਾ, ਕਿਉਂਕਿ ਖੇਤੀ ਵਿੱਚ ਕੰਮ ਆਉਣ ਵਾਲੀਆਂ ਬਹੁਤੀਆਂ ਵਸਤਾਂ ਜੀ ਐੱਸ ਟੀ ਦੇ ਘੇਰੇ ਵਿੱਚ ਲਿਆਂਦੀਆਂ ਗਈਆਂ ਹਨ, ਜਿਸ ਨਾਲ ਖ਼ਪਤਕਾਰਾਂ ਲਈ ਖੇਤੀ ਉਪਜਾਂ ਦੀ ਸਸਤੀ ਪ੍ਰਾਪਤੀ ਪ੍ਰਭਾਵਤ ਹੋਵੇਗੀ।

ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਐਲਾਨ ਨੂੰ ਜੀ ਐੱਸ ਟੀ ਨਾਲ ਝਟਕਾ ਲੱਗੇਗਾ। ਖੇਤੀ 'ਚ ਵਰਤੋਂ ਹੋਣ ਵਾਲੀਆਂ ਖ਼ਾਦਾਂ, ਕੀਟ ਨਾਸ਼ਕ, ਖੇਤੀ ਮਸ਼ੀਨਰੀ ਅਤੇ ਸਿੰਜਾਈ ਉੱਪਕਰਣਾਂ 'ਤੇ ਜੀ ਐੱਸ ਟੀ ਦੀਆਂ ਵਧੀਆਂ ਦਰਾਂ ਥੋਪ ਦਿੱਤੀਆਂ ਗਈਆਂ ਹਨ। ਖੇਤੀ ਅਤੇ ਪ੍ਰੋਸੈਸਿੰਗ ਉਤਪਾਦਾਂ 'ਤੇ ਜੀ ਐੱਸ ਟੀ ਲਗਾ ਕੇ ਫ਼ੂਡ ਪ੍ਰੋਸੈਸਿੰਗ ਸੈਕਟਰ ਨੂੰ ਨਿਰ-ਉਤਸ਼ਾਹਤ ਕੀਤਾ ਗਿਆ ਹੈ। ਬੀਜਾਂ ਨੂੰ ਛੱਡ ਕੇ ਖੇਤੀ ਨਾਲ ਸੰਬੰਧਤ ਸਾਰੀਆਂ ਚੀਜ਼ਾਂ ਉੱਤੇ ਜੀ ਐੱਸ ਟੀ ਟੈਕਸ ਲਗਾ ਜਾਂ ਵਧਾ ਦਿੱਤਾ ਗਿਆ ਹੈ। ਖ਼ਾਦਾਂ ਉੱਤੇ ਪਹਿਲਾਂ ਟੈਕਸ ਜ਼ੀਰੋ ਤੋਂ ਅੱਠ ਫ਼ੀਸਦੀ ਸੀ, ਜੋ ਹੁਣ ਵਧਾ ਕੇ 12 ਫ਼ੀਸਦੀ ਕਰ ਦਿੱਤਾ ਗਿਆ ਹੈ। ਡੀ ਏ ਪੀ ਅਤੇ ਪੋਟਾਸ਼ ਦੀਆਂ ਕੀਮਤਾਂ 50 ਰੁਪਏ ਪ੍ਰਤੀ ਬੋਰਾ ਵਧੀਆਂ ਹਨ, ਕਿਉਂਕਿ ਜੀ ਐੱਸ ਟੀ ਤੋਂ ਪਹਿਲਾਂ ਇਨ੍ਹਾਂ ਉੱਤੇ ਕੋਈ ਟੈਕਸ ਨਹੀਂ ਸੀ। ਕੀਟ ਨਾਸ਼ਕਾਂ ਉੱਤੇ ਟੈਕਸ 12 ਤੋਂ 18 ਫ਼ੀਸਦੀ ਕਰ ਦਿੱਤਾ ਗਿਆ ਹੈ। ਟਰੈਕਟਰਾਂ 'ਤੇ ਟੈਕਸ 5 ਤੋਂ 12 ਫ਼ੀਸਦੀ ਅਤੇ ਇਹਨਾਂ ਦੇ ਸਪੇਅਰ ਪਾਰਟਸ ਉੱਤੇ ਟੈਕਸ ਦੀ ਵੱਧ ਤੋਂ ਵੱਧ ਦਰ 28 ਫ਼ੀਸਦੀ ਹੋ ਗਈ ਹੈ। ਖੇਤੀ ਲਈ ਸਿੰਜਾਈ ਵਰਗੀ ਅਤਿਅੰਤ ਜ਼ਰੂਰਤ ਵਾਲੀ ਮੱਦ 'ਤੇ ਧਿਆਨ ਦੇਣ ਦੀ ਥਾਂ ਉਸ ਨੂੰ ਨਿਰ-ਉਤਸ਼ਾਹਤ ਕੀਤਾ ਗਿਆ ਹੈ, ਕਿਉਂਕਿ ਸੂਖਮ ਸਿੰਜਾਈ (ਮਾਈਕਰੋ ਇਰੀਗੇਸ਼ਨ) ਦੇ ਕੰਮ ਆਉਣ ਵਾਲੀਆਂ ਪਲਾਸਟਿਕ ਅਤੇ ਰਬੜ ਦੀਆਂ ਪਾਈਪਾਂ ਉੱਤੇ ਟੈਕਸ ਦੀ ਵੱਧ ਤੋਂ ਵੱਧ ਦਰ 28 ਫ਼ੀਸਦੀ ਲਗਾ ਦਿੱਤੀ ਗਈ ਹੈ। ਸਿੱਟੇ ਵਜੋਂ ਖੇਤੀ ਪੈਦਾਵਾਰ ਮਹਿੰਗੀ ਹੋ ਜਾਏਗੀ, ਜਿਸ ਨਾਲ ਖਾਣ-ਪੀਣ ਦੀਆਂ ਚੀਜ਼ਾਂ 'ਚ ਮਹਿੰਗਾਈ ਆਪਣਾ ਰੰਗ ਦਿਖਾਏਗੀ।




### ਇਸ ਬਾਰੇ ਕੀ ਕਹਿੰਦੀ ਹੈ ਸਰਕਾਰ?

ਸਰਕਾਰ ਦਾ ਕਹਿਣਾ ਹੈ ਕਿ ਨਾਸ਼ਤੇ ਤੋਂ ਲੈ ਕੇ ਰੋਜ਼ਾਨਾ ਵਰਤੋਂ ਦੇ ਸਾਮਾਨ ਟੁੱਥ-ਪੇਸਟ, ਸਾਬਣ ਸਸਤੇ ਹੋਣਗੇ। 78 ਫ਼ੀਸਦੀ ਦਵਾਈਆਂ 'ਤੇ ਜੀ ਐੱਸ ਟੀ ਦਾ ਅਸਰ ਨਹੀਂ ਹੋਵੇਗਾ। ਛੋਟੇ ਹੋਟਲਾਂ 'ਚ ਖਾਣਾ ਸਸਤਾ ਹੋਵੇਗਾ। ਸੇਵਾ ਖੇਤਰ ਦੇ ਵਿਸਥਾਰ ਨਾਲ ਰੁਜ਼ਗਾਰ 'ਚ ਵਾਧਾ ਹੋਵੇਗਾ। ਟੈਕਸ 'ਤੇ ਟੈਕਸ ਲਗਾਉਣ ਦੀ ਵਿਵਸਥਾ ਖ਼ਤਮ ਹੋਵੇਗੀ। ਨਕਦੀ ਕਾਰੋਬਾਰ ਦੀ ਗੁੰਜਾਇਸ਼ ਨਹੀਂ ਰਹੇਗੀ ਤੇ ਵਿਚੋਲਿਆਂ ਦੀ ਮਨਮਾਨੀ ਖ਼ਤਮ ਹੋਵੇਗੀ।

ਸਰਕਾਰ ਅਨੁਸਾਰ ਦੇਸ਼ ਇੱਕ ਬਾਜ਼ਾਰ ਬਣ ਜਾਏਗਾ ਤੇ ਇਸ ਨਾਲ ਵਿਕਾਸ ਦੀ ਗਤੀ ਇੱਕ ਤੋਂ ਦੋ ਫ਼ੀਸਦੀ ਵਧੇਗੀ। 'ਇੱਕ ਦੇਸ਼, ਇੱਕ ਕਰ' ਵਰਗੇ ਵੱਡੇ ਆਰਥਿਕ ਸੁਧਾਰਾਂ ਰਾਹੀਂ ਦੇਸ਼ ਕਦਮ ਅੱਗੇ ਵਧਾ ਰਿਹਾ ਹੈ। ਸਰਕਾਰ ਦਾ ਇਹ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨੇ ਜਨ ਧਨ, ਆਧਾਰ ਅਤੇ ਮੋਬਾਈਲ ਬੈਂਕਿੰਗ ਦੇ ਜ਼ਰੀਏ ਦੇਸ਼ ਵਿੱਚ ਪਾਰਦਰਸ਼ਤਾ ਦੀ ਜਿਹੜੀ ਅਲਖ ਜਗਾਈ ਹੈ ਅਤੇ ਭ੍ਰਿਸ਼ਟਾਚਾਰ ਦੇ ਮੂਲ ਵਿੱਚ ਜਾ ਕੇ ਜਿਹੜੀਆਂ ਸੱਟਾਂ ਮਾਰਨੀਆਂ ਸ਼ੁਰੂ ਕੀਤੀਆਂ ਸਨ, ਦਰਅਸਲ ਜੀ ਐੱਸ ਟੀ ਉਸੇ ਦਾ ਹੀ ਇੱਕ ਪੜਾਅ ਹੈ।

ਸਰਕਾਰ ਕੋਲ ਇਸ ਗੱਲ ਦਾ ਕੀ ਜਵਾਬ ਹੈ ਕਿ ਮਹਿੰਗਾਈ ਘਟਾਉਣ ਦੀ ਗੱਲ ਕਰਦਿਆਂ ਰਸੋਈ 'ਚ ਵਰਤਿਆ ਜਾਣ ਵਾਲਾ ਸਬਸਿਡੀ ਵਾਲਾ ਸਿਲੰਡਰ ਤਿੰਨ ਜੁਲਾਈ ਨੂੰ 34 ਰੁਪਏ ਪ੍ਰਤੀ ਸਿਲੰਡਰ ਮਹਿੰਗਾ ਹੋ ਗਿਆ? ਪੈਟਰੋਲ, ਡੀਜ਼ਲ, ਕੁਦਰਤੀ ਗੈਸ ਤੇ ਸ਼ਰਾਬ ਉੱਤੇ ਜੀ ਐੱਸ ਟੀ ਕਿਉਂ ਲਾਗੂ ਨਹੀਂ, ਪੁਰਾਣੇ ਕਰ ਹੀ ਲਾਗੂ ਰਹਿਣਗੇ? ਆਖ਼ਿਰ ਕਿਉਂ? ਹਰ ਘਰ ਮੋਬਾਈਲ ਪਹੁੰਚਾਉਣ ਦਾ ਦਾਅਵਾ ਕਰਨ ਵਾਲੀ ਸਰਕਾਰ ਵੱਲੋਂ ਟੈਲੀਫੋਨ ਬਿੱਲ ਤੇ ਡਾਟਾ ਬਿੱਲ ਉੱਤੇ ਜੀ ਐੱਸ ਟੀ 15 ਤੋਂ 18 ਫ਼ੀਸਦੀ ਕਰ ਦਿੱਤਾ ਗਿਆ ਹੈ। ਸਿੱਖਿਆ ਉੱਤੇ ਖ਼ਰਚੇ ਦਾ ਵਾਧਾ ਇਸ ਕਰ ਕੇ ਹੋ ਜਾਏਗਾ, ਕਿਉਂਕਿ ਕਾਪੀ, ਗ੍ਰਾਫ, ਬੁੱਕ, ਪੈੱਨ, ਬਾਲਪੈੱਨ ਉੱਤੇ ਟੈਕਸ 12 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ, ਜਦੋਂ ਕਿ ਸਕੂਲ ਬੈਗ ਉੱਤੇ ਜੀ ਐੱਸ ਟੀ 18 ਫ਼ੀਸਦੀ ਹੋਵੇਗਾ। ਕੀ ਇਸ ਦਾ ਆਮ ਆਦਮੀ ਉੱਤੇ ਬੋਝ ਨਹੀਂ ਪਏਗਾ?

ਵਿੱਤ ਮੰਤਰਾਲੇ ਵੱਲੋਂ 1207 ਚੀਜ਼ਾਂ ਲਈ ਕੇਂਦਰੀ ਹਿੱਸੇ ਦੇ ਟੈਕਸ ਲਈ ਸੂਚੀ ਜਾਰੀ ਕੀਤੀ ਗਈ ਹੈ। ਇਸ ਅਨੁਸਾਰ 5 ਫ਼ੀਸਦੀ ਟੈਕਸ ਵਾਲੀਆਂ 263 ਚੀਜ਼ਾਂ ਹਨ, ਜਿਨ੍ਹਾਂ 'ਤੇ ਕੇਂਦਰੀ ਟੈਕਸ 2.5 ਫ਼ੀਸਦੀ ਰਹੇਗਾ। 12 ਫ਼ੀਸਦੀ ਟੈਕਸ ਵਾਲੀਆਂ 242 ਚੀਜ਼ਾਂ ਹਨ। ਇਹਨਾਂ ਉੱਤੇ ਕੇਂਦਰੀ ਟੈਕਸ 6 ਫ਼ੀਸਦੀ ਰਹੇਗਾ। ਫਿਰ 18 ਫ਼ੀਸਦੀ ਟੈਕਸ ਵਾਲੀਆਂ 453 ਚੀਜ਼ਾਂ ਹਨ, ਜਿਸ ਵਿੱਚ ਕੇਂਦਰ ਦਾ ਹਿੱਸਾ 9 ਫ਼ੀਸਦੀ ਹੋਵੇਗਾ। ਚੌਥੀ ਸੂਚੀ 28 ਫ਼ੀਸਦੀ ਵਾਲੀ ਹੈ। ਇਸ ਵਿੱਚ 228 ਚੀਜ਼ਾਂ ਹਨ। ਇਹਨਾਂ ਤੋਂ ਕੇਂਦਰ ਦੇ ਹਿੱਸੇ 14 ਫ਼ੀਸਦੀ ਟੈਕਸ ਆਏਗਾ। ਸੋਨੇ, ਚਾਂਦੀ, ਕੀਮਤੀ ਪੱਥਰਾਂ ਸਮੇਤ 18 ਚੀਜ਼ਾਂ ਉੱਤੇ ਟੈਕਸ 3 ਫ਼ੀਸਦੀ ਹੋਵੇਗਾ ਅਤੇ ਬਿਨਾਂ ਤਰਾਸ਼ੇ ਹੀਰਿਆਂ ਸਮੇਤ ਤਿੰਨ ਚੀਜ਼ਾਂ ਉੱਤੇ ਕੇਂਦਰੀ ਜੀ ਐੱਸ ਟੀ 0.125 ਫ਼ੀਸਦੀ ਹੋਵੇਗਾ।

ਇਹ ਟੈਕਸ ਵਿਵਸਥਾ ਜੰਮੂ-ਕਸ਼ਮੀਰ ਨੂੰ ਛੱਡ ਕੇ ਦੇਸ਼ ਭਰ 'ਚ ਪਹਿਲੀ ਜੁਲਾਈ ਤੋਂ ਲਾਗੂ ਹੋ ਗਈ ਹੈ। ਸਮੁੱਚੇ ਤੌਰ 'ਤੇ ਦੇਸ਼ ਭਰ ਵਿੱਚ ਜੀ ਐੱਸ ਟੀ ਲਾਗੂ ਕਰਨ ਦਾ ਮੁੱਖ ਰੂਪ ਵਿੱਚ ਵਿਰੋਧ ਹੀ ਹੋਇਆ ਹੈ। ਛੋਟਾ ਵਪਾਰੀ ਤਾਂ ਇਸ ਦਾ ਵਿਰੋਧ ਕਰ ਹੀ ਰਿਹਾ ਹੈ, ਫੈਡਰੇਸ਼ਨ ਆਫ਼ ਹੋਟਲ-ਰੈਸਟੋਰੈਂਟ ਐਸੋਸੀਏਸ਼ਨ ਆਫ਼ ਇੰਡੀਆ ਨੇ ਕਿਹਾ ਹੈ ਕਿ ਜੀ ਐੱਸ ਟੀ ਦੀਆਂ ਉੱਚੀਆਂ ਦਰਾਂ ਲਾਗੂ ਕਰਨ ਨਾਲ ਭਾਰਤ ਦੀ ਸੈਰ-ਸਪਾਟਾ ਸਨਅਤ ਪ੍ਰਭਾਵਤ ਹੋਵੇਗੀ। ਸਰਕਾਰ ਵੱਲੋਂ ਏ ਸੀ ਰੈਸਟੋਰੈਂਟਾਂ ਉੱਤੇ 18 ਫ਼ੀਸਦੀ ਅਤੇ ਪੰਜ ਤਾਰਾ ਹੋਟਲਾਂ ਉੱਤੇ 28 ਫ਼ੀਸਦੀ ਟੈਕਸ ਲਾਇਆ ਗਿਆ ਹੈ। ਇਸ ਨਾਲ ਇਸ ਖੇਤਰ 'ਚ ਰੁਜ਼ਗਾਰ ਦੇ ਵਾਧੇ ਉੱਤੇ ਵੀ ਅਸਰ ਹੋਵੇਗਾ, ਪਰ ਕੇਂਦਰ ਸਰਕਾਰ ਅਨੁਸਾਰ ਪਹਿਲਾਂ ਕਈ ਟੈਕਸ ਦਿੱਸਦੇ ਨਹੀਂ ਸਨ, ਇਸ ਲਈ ਜੀ ਐੱਸ ਟੀ ਵਧੇਰੇ ਲੱਗ ਰਿਹਾ ਹੈ। ਪਹਿਲਾਂ ਉਤਪਾਦ ਟੈਕਸ ਅਤੇ ਦੂਜੇ ਟੈਕਸ ਲੁਕੇ ਹੁੰਦੇ ਸਨ, ਹੁਣ ਸਾਰੇ ਟੈਕਸ ਇੱਕੋ ਥਾਂ ਹੋਣਗੇ, ਭਾਵ ਕੇਂਦਰੀ ਟੈਕਸ, ਸਰਵਿਸ ਟੈਕਸ ਅਤੇ ਐਕਸਾਈਜ਼ ਟੈਕਸ, ਸੂਬਾ ਟੈਕਸ ਅਰਥਾਤ ਚੁੰਗੀ, ਐਂਟਰੀ ਟੈਕਸ ਅਤੇ ਵੈਟ। ਸਰਕਾਰ ਦੇ ਵੱਡੇ ਦਾਅਵਿਆਂ ਦੇ ਵਿਚਕਾਰ ਇਹ ਗੱਲ ਸਪੱਸ਼ਟ ਹੈ ਕਿ ਜੀ ਐੱਸ ਟੀ ਲਾਗੂ ਕਰਨ ਲਈ ਲੋੜੋਂ ਵੱਧ ਕਾਹਲ ਤੋਂ ਕੰਮ ਲਿਆ ਗਿਆ ਹੈ ਅਤੇ ਧੱਕੜਸ਼ਾਹਾਂ ਵਾਂਗ ਆਪਣੀ ਜ਼ਿੱਦ ਪੁਗਾਉਣ ਲਈ ਉਹਨਾਂ ਲੋਕਾਂ ਦੇ ਵਿਚਾਰ ਸੁਣਨਾ ਵੀ ਗਵਾਰਾ ਨਹੀਂ ਕੀਤਾ ਗਿਆ, ਜਿਨ੍ਹਾਂ ਨੇ ਇਸ ਟੈਕਸ ਨੂੰ ਅਸਲ ਮਾਅਨਿਆਂ 'ਚ ਧਰਾਤਲ ਪੱਧਰ 'ਤੇ ਲਾਗੂ ਕਰਨਾ ਹੈ।

ਦੁਕਾਨਦਾਰ ਪੁਰਾਣੇ ਟੈਕਸਾਂ ਵਾਲੇ ਸਟਾਕ ਨੂੰ ਕਿਸ ਭਾਅ ਵੇਚਣਗੇ? ਉਤਪਾਦ ਕਰਨ ਵਾਲੇ ਕਾਰੋਬਾਰੀ ਐੱਮ ਆਰ ਪੀ ਨੂੰ ਕਿਵੇਂ ਬਦਲਣਗੇ, ਕਿਉਂਕਿ ਐੱਮ ਆਰ ਪੀ ਵਿੱਚ ਪਹਿਲਾਂ ਵੈਟ ਸ਼ਾਮਲ ਹੈ, ਹੁਣ ਜੀ ਐੱਸ ਟੀ ਹੋਵੇਗਾ! ਜੇਕਰ ਸਟਿੱਕਰਾਂ ਨੂੰ ਲਗਾ ਕੇ ਕੰਮ ਸਾਰਨਾ ਹੈ ਤਾਂ ਗਾਹਕਾਂ ਦੀ ਸੰਤੁਸ਼ਟੀ ਕਿਵੇਂ ਹੋਵੇਗੀ? ਰੈਸਟੋਰੈਂਟਾਂ-ਹੋਟਲਾਂ ਵਾਲੇ ਆਪਣੇ ਗਾਹਕਾਂ ਨੂੰ ਕਿਵੇਂ ਪਰਚਾਉਣਗੇ, ਕਿਉਂਕਿ ਉਨ੍ਹਾਂ ਨੇ ਆਪਣੇ ਮੀਨੂੰ ਤਾਂ ਬਦਲੇ ਹੀ ਨਹੀਂ? ਜੀ ਐੱਸ ਟੀ ਦੇ ਲਾਗੂ ਹੋਣ ਉਪਰੰਤ ਫਾਰਮਾਸਿਊਟੀਕਲ ਕੰਪਨੀਆਂ (ਦਵਾਸਾਜ਼) ਨੇ ਦਵਾਈਆਂ ਬਣਾਉਣੀਆਂ ਘੱਟ ਕਰ ਦਿੱਤੀਆਂ ਹਨ, ਤਾਂ ਕਿ ਪੁਰਾਣਾ ਸਟਾਕ ਖ਼ਤਮ ਕੀਤਾ ਜਾ ਸਕੇ, ਕਿਉਂਕਿ ਉਹਨਾਂ ਦੇ ਕੰਪਨੀ ਸਾਫਟਵੇਅਰ ਤੋਂ ਹਾਲੇ ਤੱਕ ਵੈਟ ਦੀ ਥਾਂ ਜੀ ਐੱਸ ਟੀ ਨੇ ਨਹੀਂ ਲਈ। ਦਵਾਸਾਜ਼ ਕੰਪਨੀਆਂ ਦੇ ਪਹਿਲਾਂ 6 ਫ਼ੀਸਦੀ ਅਤੇ 13.5 ਫ਼ੀਸਦੀ ਟੈਕਸ ਸਲੈਬ ਸਨ, ਹੁਣ ਜੀ ਐੱਸ ਟੀ ਲਾਗੂ ਹੋਣ ਨਾਲ 4 ਸਲੈਬ ਹੋ ਗਏ ਹਨ। ਇਸ ਭੰਬਲਭੂਸੇ ਵਿੱਚ ਦਵਾਈਆਂ ਵਾਲੇ ਦੁਕਾਨਦਾਰ, ਜਿਨ੍ਹਾਂ ਨੇ ਜੀ ਐੱਸ ਟੀ ਵਾਲਾ 15 ਡਿਜਟ ਕੋਡ ਹਾਲੇ ਨਹੀਂ ਲਿਆ, ਗ਼ਲਤ ਬਿੱਲ ਜਾਰੀ ਕਰ ਰਹੇ ਹਨ, ਕਿਉਂਕਿ ਉਹ ਨਵੀਂ ਸਕੀਮ ਉੱਤੇ ਪੁੱਜ ਹੀ ਨਹੀਂ ਸਕੇ।

ਦੇਸ਼ ਦਾ ਉਦਯੋਗ ਇਸ ਟੈਕਸ ਸ਼ਿਫਟ ਨਾਲ ਦੂਜੀ ਵੇਰ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਿਹਾ ਹੈ। ਪਹਿਲੀ ਵੇਰ ਨੋਟ-ਬੰਦੀ ਨੇ ਇਸ ਖੇਤਰ 'ਚ ਹਫੜਾ-ਦਫੜੀ ਪੈਦਾ ਕੀਤੀ ਸੀ। ਆਟੋ-ਮੋਬਾਈਲ ਉਦਯੋਗ ਦੀ ਉਦਾਹਰਣ ਹੀ ਲਵੋ। ਮਹਿੰਦਰਾ ਐਂਡ ਮਹਿੰਦਰਾ 'ਤੇ ਸੁਪਰੀਮ ਕੋਰਟ ਨੇ ਰਾਸ਼ਟਰੀ ਰਾਜਧਾਨੀ ਦਿੱਲੀ 'ਚ ਵੱਡੇ ਵਹੀਕਲ ਦੀ ਵੇਚ-ਵੱਟਤ ਉੱਤੇ ਰੋਕਾਂ ਲਾਈਆਂ ਤੇ ਇਸ ਕੰਪਨੀ ਨੂੰ 15.4 ਲੱਖ ਕਰੋੜ ਰੁਪਏ ਦੇ ਵਹੀਕਲ ਮਾਰਕੀਟ 'ਚੋਂ ਬਾਹਰ ਲਿਜਾਣੇ ਪਏ। ਇਹੋ ਹਾਲ ਮਨੋਰੰਜਨ ਦੇ ਖੇਤਰ ਦਾ ਹੈ, ਜਿੱਥੇ 100 ਰੁਪਏ ਦੀ ਟਿਕਟ ਉੱਤੇ ਜੀ ਐੱਸ ਟੀ 18 ਫ਼ੀਸਦੀ ਅਤੇ ਇਸ ਤੋਂ ਉੱਪਰ 28 ਫ਼ੀਸਦੀ ਹੋਵੇਗਾ। ਕੁਝ ਸੂਬਿਆਂ 'ਚ ਮਿਊਂਸਪਲ ਟੈਕਸ ਵੱਖਰਾ ਹੈ। ਤਾਮਿਲ ਨਾਡੂ ਇਸ ਦੀ ਉਦਾਹਰਣ ਹੈ, ਜਿੱਥੇ 30 ਫ਼ੀਸਦੀ ਮਿਊਂਸਪਲ ਟੈਕਸ, 28 ਫ਼ੀਸਦੀ ਜੀ ਐੱਸ ਟੀ ਲਾਗੂ ਹੋਵੇਗਾ, ਭਾਵ ਕੁੱਲ ਟੈਕਸ 58 ਫ਼ੀਸਦੀ। ਉਥੋਂ ਦੇ 1100 ਸਿਨਮਾ ਘਰਾਂ ਵਾਲੇ ਹੜਤਾਲ 'ਤੇ ਚਲੇ ਗਏ।

ਵਿਡੰਬਨਾ ਇਹ ਹੈ ਕਿ ਜੀ ਐੱਸ ਟੀ ਦੀ ਰਿਟਰਨ ਸਾਲ ਵਿੱਚ 37 ਵੇਰ ਭਰਨੀ ਪਵੇਗੀ। ਹਰ ਜੀ ਐੱਸ ਟੀ ਦੇਣ ਵਾਲੇ ਨੂੰ ਅਕਾਊਂਟੈਂਟ, ਕੰਪਿਊਟਰ-ਇੰਟਰਨੈੱਟ, ਸੀ ਏ ਦੀ ਲੋੜ ਹੋਵੇਗੀ। ਇਸ ਸਭ ਕੁਝ ਦਾ ਖ਼ਰਚਾ ਕਿਸ ਉੱਤੇ ਪਵੇਗਾ? ਕੀ ਇਹ ਖ਼ਰਚਾ ਵਪਾਰੀ, ਉਦਯੋਗਪਤੀ ਚੁੱਕੇਗਾ? ਨਹੀਂ, ਸਗੋਂ ਇਸ ਸਭ ਕੁਝ ਦਾ ਬੋਝ ਤਾਂ ਖ਼ਪਤਕਾਰ, ਭਾਵ ਆਮ ਆਦਮੀ ਉੱਤੇ ਪਵੇਗਾ। ਅੰਤਰ-ਰਾਸ਼ਟਰੀ ਪੱਧਰ ਉੱਤੇ ਜੀ ਐੱਸ ਟੀ ਦੀ ਸਮੀਖਿਆ ਕਰੋ। ਆਮ ਤੌਰ 'ਤੇ ਜੀ ਐੱਸ ਟੀ ਦੇ ਰੇਟ ਇੱਕਸਾਰ ਹਨ, ਪਰ ਭਾਰਤ ਵਿੱਚ ਚਾਰ ਸਲੈਬਾਂ ਕਿਉਂ? ਅਸਲ ਵਿੱਚ ਵਪਾਰ ਕਰਨ ਵਾਲੀਆਂ ਵੱਡੀਆਂ ਧਿਰਾਂ ਅਤੇ ਰਾਜ ਸਰਕਾਰਾਂ ਨੇ ਦਬਾਅ ਨਾਲ ਆਪਣੇ ਅਨੁਸਾਰ ਟੈਕਸਾਂ ਦੀ ਦਰ 'ਚ ਵਾਧਾ-ਘਾਟਾ ਕਰਵਾਇਆ ਹੈ। ਕੀ ਇਹੋ ਜਿਹੀਆਂ ਹਾਲਤਾਂ ਵਿੱਚ ਜੀ ਐੱਸ ਟੀ ਨੂੰ ਇੱਕਸਾਰ ਟੈਕਸ ਮੰਨਿਆ ਜਾ ਸਕਦਾ ਹੈ? ਕੀ ਭਾਰਤ ਵਰਗਾ ਕਾਰਪੋਰੇਟ ਸੈਕਟਰ ਦੇ ਦਬਾਅ 'ਚ ਰਹਿਣ ਵਾਲਾ ਦੇਸ਼ ਕਦੇ ਘੱਟੋ-ਘੱਟ ਅਤੇ ਇੱਕਸਾਰ ਟੈਕਸ ਦੀਆਂ ਪੌੜੀਆਂ ਚੜ੍ਹ ਸਕੇਗਾ?

### ਹੌਸਲੇ ਹੋਣ ਬੁਲੰਦ ਤਾਂ ਕੀ ਨਹੀ ਹੋ ਸਕਦਾ?

## ਨੇਤਰਹੀਣ ਗੁਰਲੀਨ ਨੇ 88 ਫ਼ੀਸਦੀ ਅੰਕ ਹਾਸਲ ਕਰਕੇ ਪੈਦਾ ਕੀਤੀ ਮਿਸਾਲ

ਕਹਿੰਦੇ ਹਨ ਕਿ ਜੇਕਰ ਇਨਸਾਨ ਵਿਚ ਕੁੱਝ ਕਰਨ ਦਾ ਜਜ਼ਬਾ ਹੈ ਤਾਂ ਕੋਈ ਵੀ ਮੁਸ਼ਕਿਲ ਉਸ ਦੇ ਰਸਤੇ ਦਾ ਰੋੜਾ ਨਹੀਂ ਬਣ ਸਕਦੀ। ਬੁਲੰਦ ਇਰਾਦਿਆਂ ਸਦਕਾ ਉਹ ਹਰ ਮੁਕਾਮ ਹਾਸਲ ਕਰ ਜਾਂਦਾ ਹੈ ਜਿਸ ਦੀ ਉਹ ਇੱਛਾ ਰੱਖਦਾ ਹੈ। ਕੁੱਝ ਅਜਿਹਾ ਹੀ ਮੁਕਾਮ ਹਾਸਲ ਕੀਤਾ ਹੈ ਜਲੰਧਰ ਦੀ ਗੁਰਲੀਨ ਕੌਰ ਨੇ ਜਿਸ ਨੇ ਕਿ ਅੱਖਾਂ ਦੀ ਰੌਸ਼ਨੀ ਨਾ ਹੋਣ ਦੇ ਬਾਵਜੂਦ ਸੀ.ਬੀ.ਐੱਸ.ਈ ਦੀ 12ਵੀ ਦੀ ਪ੍ਰੀਖਿਆ ਵਿਚ 88 ਫ਼ੀਸਦੀ ਅੰਕ ਹਾਸਲ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ। ਗੁਰਲੀਨ ਦੀ ਇਸ ਸ਼ਾਨਦਾਰ ਉਪਲਬਧੀ ਤੋਂ ਬਾਅਦ ਉਸ ਦੇ ਮਾਤਾ ਪਿਤਾ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਹੈ ਜੋ ਕਿ ਗੁਰਲੀਨ ਦੇ ਮਾਤਾ ਪਿਤਾ ਹੋਣ ਦਾ ਮਾਣ ਮਹਿਸੂਸ ਕਰ ਰਹੇ ਹਨ। ਗੁਰਲੀਨ ਸਿਰਫ਼ ਦੇ ਜਨਮ ਨੂੰ ਅਜੇ ਕੁੱਝ ਹੀ ਮਹੀਨੇ ਹੋਏ ਸਨ ਜਦੋਂ ਉਸ ਦੇ ਮਾਤਾ ਪਿਤਾ ਨੂੰ ਪਤਾ ਲੱਗਾ ਕਿ ਉਹ ਅੱਖਾਂ ਤੋਂ ਨਹੀਂ ਦੇਖ ਸਕਦੀ। ਇਸ ਦੇ ਬਾਵਜੂਦ ਗੁਰਲੀਨ ਨੇ ਅੱਗੇ ਜਾ ਕੇ ਪੜਾਈ ਕਰਨ ਦਾ ਮਨ ਬਣਾ ਲਿਆ ਸੀ ਤੇ ਇਹ ਤੈਅ ਕਰ ਲਿਆ ਸੀ ਕਿ ਉਹ ਨੇਤਰਹੀਣ ਬੱਚਿਆ ਨਾਲ ਨਹੀਂ ਸਗੋਂ ਸਮਾਨ ਵਿਦਿਆਰਥੀਆ ਨਾਲ ਪ੍ਰੀਖਿਆ ਦੇ ਕੇ ਅਤੇ 85 ਫ਼ੀਸਦੀ ਤੋਂ ਵੱਧ ਅੰਕ ਹਾਸਲ ਕਰਕੇ ਆਪਣੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕਰੇਗੀ। ਗੁਰਲੀਨ ਨੇ 88 ਫ਼ੀਸਦੀ ਤੋਂ ਵੱਧ ਅੰਕ ਹਾਸਲ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਇਰਾਦੇ ਬੁਲੰਦ ਹੋਣ ਤਾਂ ਸਭ ਕੁੱਝ ਹਾਸਲ ਕੀਤਾ ਜਾ ਸਕਦਾ ਹੈ। ਗੁਰਲੀਨ ਦਾ ਕਹਿਣਾ ਹੇ ਕਿ ਉਹ ਅੱਗੇ ਜਾ ਕੇ ਪੀ.ਸੀ.ਐੱਸ. ਅਧਿਕਾਰੀ ਬਣ ਕੇ ਆਪਣੇ ਮਾਤਾ ਪਿਤਾ ਨੂੰ ਹਰ ਖ਼ੁਸ਼ੀ ਦੇਣਾ ਚਾਹੁੰਦੀ ਹੈ। ਗੁਰਲੀਨ ਦੀ ਇਸ ਸਫਲਤਾ 'ਚ ਉਸ ਦੀ ਮਾਤਾ ਮਨਪ੍ਰੀਤ ਕੋਰ ਦਾ ਬਹੁਤ ਵੱਡਾ ਯੋਗਦਾਨ ਹੈ। ਗੁਰਲੀਨ ਦੀ ਮਾਤਾ ਦਾ ਸੁਪਨਾ ਸੀ ਕਿ ਉਹ 88 ਫ਼ੀਸਦੀ ਤੋਂ ਵੱਧ ਅੰਕ ਹਾਸਲ ਕਰੇ ਤੇ ਗੁਰਲੀਨ ਨੇ ਇਹ ਉਪਲਬਧੀ ਹਾਸਲ ਕਰਕੇ ਆਪਣੀ ਮਾਤਾ ਦਾ ਸੁਪਨਾ ਪੂਰਾ ਕਰ ਦਿੱਤਾ ਹੈ। ਗੁਰਲੀਨ ਦੇ ਪਿਤਾ ਜੋ ਕਿ ਇੱਕ ਕਾਰੋਬਾਰੀ ਹਨ ਦਾ ਕਹਿਣਾ ਹੈ ਕਿ ਗੁਰਲੀਨ ਨੇ ਜੋ ਮੁਕਾਮ ਹਾਲ ਕੀਤਾ ਹੈ ਉਹ ਉਸ ਦੀ ਮਾਤਾ ਦੇ ਕਰਕੇ ਕੀਤਾ ਹੈ ਕਿਉਂਕਿ ਉਹ ਤਾਂ ਸਵੇਰ ਨੂੰ ਹੀ ਕੰਮ 'ਤੇ ਚਲੇ ਜਾਂਦੇ ਹਨ ਤੇ ਸ਼ਾਮ ਨੂੰ ਘਰ ਆਉਂਦੇ ਹਨ। ਗੁਰਲੀਨ ਦੇ ਪਿਤਾ ਅਨੁਸਾਰ ਗੁਰਲੀਨ ਨੇ ਜੋ ਉਪਲਬਧੀ ਹਾਸਲ ਕੀਤੀ ਹੈ ਉਸ ਨਾਲ ਉਨ੍ਹਾਂ ਦਾ ਸਿਰ ਫ਼ਖਰ ਨਾਲ ਉੱਚਾ ਹੋ ਗਿਆ ਹੈ।



ਗੁਰਲੀਨ ਦੀਆਂ ਅੱਖਾਂ ਦੀ ਰੌਸ਼ਨੀ ਨਾ ਹੋਣ ਦਾ ਅਫ਼ਸੋਸ ਕਦੇ ਵੀ ਉਸ ਦੇ ਚਿਹਰੇ 'ਤੇ ਨਹੀਂ ਦਿਖਾਈ ਦਿੱਤਾ ਹਰ ਵੇਲੇ ਹੱਸਦਾ ਮੁਸਕਰਾਉਂਦਾ ਚਿਹਰਾ ਅਤੇ ਪੜਾਈ ਦਾ ਮਜ਼ਬੂਤ ਜਜ਼ਬਾ ਦੇਖ ਕੇ ਤਾਂ ਅਜਿਹਾ ਲੱਗਦਾ ਹੈ ਕਿ ਸਿੱਖਿਆ ਦੀ ਰੌਸ਼ਨੀ ਪਾਉਣ ਦੀ ਰੌਸ਼ਨੀ ਪਾਉਣ ਦੀ ਇੱਛਾ ਦੇ ਅੱਗੇ ਹਰ ਤਕਲੀਫ਼ ਪਿੱਛੇ ਰਹਿ ਗਈ ਹੈ।

## ਰਾਣਾ ਗੁਰਜੀਤ ਸਿੰਘ ਦੇ ਦੋ ਮੁਲਾਜ਼ਮਾਂ ਨੂੰ ਹੋਈ ਰੇਤ ਦੀਆਂ ਦੋ ਖਾਣਾਂ ਦੀ ਅਲਾਟਮੈਂਟ ਰੋਕੀ

**ਚੰਡੀਗੜ੍ਹ-** ਪੰਜਾਬ ਦੇ ਸਨਅਤ ਤੇ ਵਣਜ ਵਿਭਾਗ ਨੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਦੋ ਮੁਲਾਜ਼ਮਾਂ ਨੂੰ ਹੋਈ ਰੇਤ ਦੀਆਂ ਦੋ ਖਾਣਾਂ ਦੀ ਅਲਾਟਮੈਂਟ ਰੋਕ ਲਈ ਹੈ। ਸੂਤਰਾਂ ਮੁਤਾਬਕ ਰਾਣਾ ਦੇ ਖ਼ਾਨਸਾਮੇ ਅਮਿਤ ਬਹਾਦੁਰ ਤੇ ਇਕ ਹੋਰ ਮੁਲਾਜ਼ਮ ਕੁਲਵਿੰਦਰ ਪਾਲ ਸਿੰਘ ਦੇ ਨਾਂ 'ਤੇ ਸੈਦਪੁਰ ਖ਼ੁਰਦ ਤੇ ਮਹਿਦੀਪੁਰ ਦੀਆਂ ਰੇਤਾ ਖਾਣਾਂ ਹਾਸਲ ਕੀਤੀਆਂ ਗਈਆਂ ਹਨ। ਆਪਣਾ ਨਾਂ ਗੁਪਤ ਰੱਖਦਿਆਂ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਜਸਟਿਸ (ਰਿਟਾ.) ਜੇ.ਐਸ. ਨਾਰੰਗ ਕਮਿਸ਼ਨ ਦੀ ਰਿਪੋਰਟ ਆਉਣ ਤੱਕ ਖਾਣਾਂ ਦੀ ਅਲਾਟਮੈਂਟ ਰੋਕਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ, ''ਜਦੋਂ ਤੱਕ ਜਾਂਚ ਪੂਰੀ ਨਹੀਂ ਹੋ ਜਾਂਦੀ, ਦੋਵਾਂ ਖਾਣਾਂ ਨੂੰ ਅਲਾਟ ਕਰਨਾ ਕਾਨੂੰਨਨ ਵਾਜਬ ਨਹੀਂ ਹੋਵੇਗਾ। ਅਸੀਂ ਜੁਡੀਸ਼ਲ ਕਮਿਸ਼ਨ ਦੀ ਜਾਂਚ ਦਾ ਅੰਤਿਮ ਨਤੀਜਾ ਆਉਣ ਤੱਕ ਉਡੀਕ ਕਰਾਂਗੇ।''

ਵਰਣਨਯੋਗ ਹੈ ਕਿ ਬੀਤੀ 25 ਮਈ ਨੂੰ ਚਾਰ ਮੁਲਾਜ਼ਮਾਂ ਵੱਲੋਂ ਨਿਲਾਮੀ ਰਾਹੀਂ ਖਾਣਾਂ ਹਾਸਲ ਕੀਤੇ ਜਾਣ ਦਾ ਖ਼ੁਲਾਸਾ ਕੀਤਾ ਸੀ। ਇਸ 'ਤੇ ਮੁੱਖ ਮੰਤਰੀ ਨੇ ਜਾਂਚ ਲਈ ਜੁਡੀਸ਼ਲ ਕਮਿਸ਼ਨ ਕਾਇਮ ਕੀਤਾ ਸੀ। ਇਨ੍ਹਾਂ ਮੁਲਾਜ਼ਮਾਂ ਵਿੱਚ ਮੰਤਰੀ ਦਾ ਖ਼ਾਨਸਾਮਾ ਅਮਿਤ ਬਹਾਦੁਰ ਵੀ ਸ਼ਾਮਲ ਸੀ, ਜਿਸ ਨੇ 26.51 ਕਰੋੜ ਰੁਪਏ 'ਚ ਸ਼ਹੀਦ ਭਗਤ ਸਿੰਘ ਜ਼ਿਲ੍ਹੇ ਦੇ ਪਿੰਡ ਸੈਦਪੁਰ ਖ਼ੁਰਦ ਦੀ ਖਾਣ 'ਚੋਂ ਰੇਤ ਕੱਢਣ ਦਾ ਠੇਕਾ ਹਾਸਲ ਕੀਤਾ ਸੀ।

Entry Free

"ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜਾਂ ਮਾਰਦਾ"

Entry Free

# P.C.S. Sacramento

## ਵਲੋਂ ਪੇਸ਼ ਹੈ 17ਵੀਆਂ

# ਤੀਆਂ

# TEEYAN




## On Sunday, the 6th AUGUST 2017 At 1.00 P. M.

## AT Luther Burbank High School

## 3500 Florin Road SACRAMENTO CA 95823

Featuring : Songs, Gidha, Dances, Skits, D.J. and Much More

## All LADIES AND GIRLS ARE INVITED

ORGANIZING COMMITTEE

Baldev Kaur, Rashpal Kaur Parhar, Harpreet Sahota, Daljit Mehanger Gill, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Surinder Gill, Rani Bindra, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi, Baljit kaur, Jatinder Sangha, Jasmeen, Sarabjit Kaur, Rozy Sandhu & Mandeep Pharwala

For Participation\ & Stalls Please Call : Mandeep Pharwala @ 916-212-1826, Pardeep Pooni @ 916-308-7889, Baldev Kaur @916- 996-2010,
Email: palpharwala@yahoo.com I Website : www.sacpcs.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ ।

ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

Designed at : Barapind Printing Press, Email: barapindpress@gmail.com

## ਖਿਡਾਰੀ ਤੋਂ ਬਿਜ਼ਨਸਮੈਨ ਤੋਂ ਮੇਅਰ

# ਲਾਸ ਮੋਲੀਕਸ ਦੇ ਹਰਦੀਪ ਸਿੰਘ ਬਣੇ ਮੇਅਰ

**ਪੀ. ਕੇ. ਚੁੰਬਰ**

ਨਿਰਸੰਦੇਹ ਯੂਨਾਈਟਿਡ ਸਟੇਟ ਆਫ਼ ਅਮੈਰਿਕਾ ਵਿਸ਼ਵ ਦੀ ਸੁਪਰ ਪਾਵਰ ਹੈ ਅਤੇ ਦੁਨੀਆ ਦਾ ਸ਼ਾਇਦ ਹੀ ਕੋਈ ਅਜਿਹਾ ਦੇਸ਼ ਹੋਵੇਗਾ, ਜਿਸ ਦਾ ਵਸਨੀਕ ਅਮਰੀਕਾ ਵਿਚ ਨਾ ਰਹਿੰਦਾ ਹੋਵੇ। ਕੋਈ ਸਮਾਂ ਸੀ ਕਿ ਪਿੰਡ-ਸ਼ਹਿਰ ਜੇਕਰ ਕੋਈ ਇੰਗਲੈਂਡ ਤੋਂ ਆਇਆ ਤਾਂ ਕਹਿਣਾ ਕਿ ਵਲੈਤੋਂ ਆਇਆ ਜਾਂ ਆਈ ਹੈ ਜਾਂ ਫਲਾਣੀ/ਫਲਾਣਾ ਵਲੈਤ ਰਹਿੰਦਾ/ਰਹਿੰਦੀ ਹੈ ਜਾਂ ਵਲੈਤ ਵਾਲੇ ਆਦਿ ...। ਹੌਲੀ ਹੌਲੀ ਇਹ ਰੁਝਾਨ ਅਮਰੀਕਾ ਵੱਲ ਵਧਣ ਲੱਗਿਆ। ਅਮਰੀਕਾ 'ਚ ਪੰਜਾਬੀਆਂ ਦਾ ਆਉਣਾ ਕੋਈ ਜ਼ਿਆਦਾ ਪੁਰਾਣਾ ਤਾਂ ਨਹੀਂ ਤੇ ਨਾ ਹੀ ਨਵਾਂ ਵੀ ਕਿਹਾ ਜਾ ਸਕਦਾ ਹੈ। ਪੰਜਾਬੀਆਂ ਦਾ ਅਮਰੀਕਾ ਵਿਚ ਆਉਣਾ 19ਵੀਂ ਸਦੀ ਦੇ ਅਖੀਰ 'ਚ ਸ਼ੁਰੂ ਹੋ ਜਾਂਦਾ ਹੈ ਤੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਤਾਂ ਥੋੜ੍ਹੀ ਹੋਰ ਰਫ਼ਤਾਰ ਫੜਨ ਲੱਗੇ, ਜਿਸ ਵਿਚ ਗਦਰੀ ਬਾਬਿਆਂ ਦੀ ਗਦਰ ਲਹਿਰ, ਪੰਜਾਬੀਆਂ ਦੀ ਪਹਿਚਾਣ ਤੇ ਸ਼ਾਨ ਦੇ ਰੂਪ ਵਿਚ ਉਭਰੀ। ਭਾਰਤ ਦੇ ਆਜ਼ਾਦ ਹੋਣ ਉਪਰੰਤ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦਾ ਅਮਰੀਕਾ, ਕੈਨੇਡਾ ਤੇ ਯੂਰਪ ਦੇ ਹੋਰਨਾਂ ਦੇਸ਼ਾਂ 'ਚ ਆਉਣਾ ਖਾਸ ਕਰਕੇ ਵੀਹਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ 'ਚ ਪੰਜਾਬੀਆਂ ਦਾ ਆਉਣਾ ਕਾਫੀ ਤੇਜ਼ੀ ਨਾਲ ਵਧਿਆ ਤੇ ਸਿਲਸਿਲਾ ਜਾਰੀ ਹੈ। ਮੁੱਕਦੀ ਗੱਲ ਜੇਕਰ ਅਮਰੀਕਾ ਇਹ ਕਹਿ ਦੇਵੇ ਕਿ ਸਭ ਲਈ ਵੀਜ਼ਾ ਓਪਨ ਹੈ ਤਾਂ ਭਾਰਤ ਦੇ ਖਾਸ ਕਰਕੇ ਪੰਜਾਬੀਆਂ ਦਾ ਤਾਂ ਕੋਈ ਜੀਅ ਸ਼ਾਇਦ ਅਜਿਹਾ ਨਾ ਹੋਵੇਗਾ ਕਿ ਜੋ ਅਮਰੀਕਾ ਨਾ ਆਵੇ।

ਪੰਜਾਬੀਆਂ ਦਾ ਪੰਜਾਬ ਛੱਡ ਕੇ ਆਉਣਾ ਮੁੱਖ ਕਾਰਨ ਅਮਰੀਕਾ ਆ ਕੇ ਆਪਣੀ ਜ਼ਿੰਦਗੀ ਨੂੰ ਵਧੀਆ ਬਣਾਉਣਾ ਹੈ। ਪੰਜਾਬ ਦੇ ਲੋਕ ਮਿਹਨਤੀ ਤੇ ਕਿਰਸੀ ਦੇ ਨਾਲ-ਨਾਲ ਪੁੰਨ-ਦਾਨ ਵਜੋਂ ਵੀ ਮਸ਼ਹੂਰ ਹਨ। ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਕੇ ਛਕਣਾ ਇਹ ਉਹਨਾਂ ਨੂੰ ਆਪਣੇ ਵਿਰਸੇ ਅਤੇ ਸਿੱਖ ਧਰਮ ਤੋਂ ਮਿਲਿਆ ਹੈ।

ਪੰਜਾਬ ਦਾ ਕਿਸਾਨ, ਮਜ਼ਦੂਰ ਜਾਂ ਮੁਲਾਜ਼ਮ ਚਾਹੇ ਉਹ ਕਿਸੇ ਵੀ ਵਰਗ ਨਾਲ ਸਬੰਧਤ ਹੈ, ਉਹ ਆਪਣੀ ਰੋਜ਼ੀ-ਰੋਟੀ ਦੇ ਨਾਲ-ਨਾਲ ਸਵੈਮਾਣ ਨਾਲ ਵੀ ਜਿਊਣਾ ਜਾਣਦਾ ਤੇ ਚਾਹੁੰਦਾ ਹੈ। ਇਹੀ ਵਜ੍ਹਾ ਹੈ ਕਿ ਅਮਰੀਕਾ ਦੇ ਧਾਰਮਿਕ, ਸਮਾਜਿਕ, ਆਰਥਿਕ, ਸਭਿਆਚਾਰਕ ਆਦਿ ਖੇਤਰਾਂ 'ਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਆ ਰਿਹਾ ਹੈ। ਹੋਰ ਤਾਂ ਹੋਰ ਉਹ ਇਸ ਦੇਸ਼ ਨੂੰ ਆਪਣਾ ਦੇਸ਼ ਸਮਝਦਾ ਹੋਇਆ ਆਪ, ਆਪਣੇ ਬੱਚਿਆਂ/ਬੱਚੀਆਂ ਨੂੰ ਦੇਸ਼ ਦੀ ਸੇਵਾ ਚਾਹੇ ਪੁਲਿਸ ਦੀ ਹੋਵੇ ਜਾਂ ਫੌਜ ਆਦਿ 'ਚ ਵੀ ਭੇਜਦਾ ਹੈ। ਰਹੀ ਗੱਲ ਰਾਜਨੀਤਿਕ ਤੌਰ 'ਤੇ ਵੀ ਉਹ ਕਾਉਂਟੀ, ਅਸੈਂਬਲੀ ਮੈਂਬਰ, ਕਾਂਗਰਸਮੈਨ, ਗਵਰਨਰ ਤੱਕ ਵੀ ਆਪਣਾ ਸਿੱਕਾ ਜਮਾ ਚੁੱਕਿਆ ਹੈ। ਅਜਿਹਾ ਉਹ ਵੀ ਇਕ ਦਿਨ ਜ਼ਰੂਰ ਆਵੇਗਾ, ਜਦੋਂ ਕੋਈ ਪੰਜਾਬੀ ਵੀ ਇਸ ਸੁਪਰ ਪਾਵਰ ਦੇਸ਼ ਦਾ ਰਾਸ਼ਟਰਪਤੀ ਵੀ ਬਣੇਗਾ।



ਪਰ ਇਹ ਸਭ ਕੁਝ ਹਾਸਲ ਕਰਨ ਲਈ ਆਪਣੇ ਅੰਦਰ ਆਤਮ ਵਿਸ਼ਵਾਸ, ਦ੍ਰਿੜ੍ਹ ਇਰਾਦਾ, ਲਗਨ ਤੇ ਸਖ਼ਤ ਮਿਹਨਤ ਦੇ ਨਾਲ ਸਮੂਹ ਅਮਰੀਕਨ ਭਾਈਚਾਰੇ ਨਾਲ ਤਾਲਮੇਲ ਰੱਖਣਾ ਅਤੀ ਜ਼ਰੂਰੀ ਹੈ ਤੇ ਸਭ ਤੋਂ ਵੱਡੀ ਗੱਲ ਉਸ ਅੰਦਰ ਅਮਰੀਕਾ ਨੂੰ ਆਪਣਾ ਤੇ ਆਪਣਾ, ਸਿਰਫ ਆਪਣਾ ਦੇਸ਼ ਸਮਝ ਕੇ ਅੱਗੇ ਵਧਣਾ ਹੋਵੇਗਾ ਤੇ ਫਿਰ ਅਮਰੀਕਨ ਉਸਨੂੰ ਬਹੁਤ ਪਿਆਰ ਕਰਦੇ ਹੀ ਨਹੀਂ ਬਲਕਿ ਉਹਨਾਂ ਲਈ ਸੁਨਹਿਰੀ ਅਵਸਰਾਂ ਦੇ ਦੁਆਰ ਖੋਲ੍ਹ ਦਿੰਦੇ ਹਨ।

ਅਜਿਹਾ ਸੁਭਾਗ 30 ਜੂਨ 2017 ਨੂੰ ਇਕ ਆਤਮ ਵਿਸ਼ਵਾਸ ਨਾਲ ਲੈਸ, ਦ੍ਰਿੜ੍ਹ ਇਰਾਦੇ ਵਾਲਾ, ਸਖ਼ਤ ਮਿਹਨਤ ਕਰਨ ਵਾਲਾ, ਸਿੱਖ ਧਰਮ ਦਾ ਧਾਰਨੀ ਅਮਰੀਕਨ ਤੇ ਬਾਕੀ ਭਾਈਚਾਰਿਆਂ ਨਾਲ ਮਿਲਵਰਤਨ ਰੱਖਣ ਵਾਲੇ ਇਕ ਪੰਜਾਬੀ ਸਿੱਖ ਨੌਜਵਾਨ ਹਰਦੀਪ ਸਿੰਘ ਲਈ 30 ਜੂਨ 2017 ਨੂੰ ਕੈਲੇਫੋਰਨੀਆ ਦੀ ਤੇਹਮਾ ਕਾਉਂਟੀ ਦੇ ਸ਼ਹਿਰ ਲਾਸ ਮੋਲੀਨਸ ਦੇ ਮੇਅਰ ਵਜੋਂ ਖੁੱਲਿਆ।


ਸ. ਹਰਦੀਪ ਸਿੰਘ ਭਾਰਤੀ ਪੰਜਾਬ ਦੇ ਦੁਆਬਾ ਦੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਹੈ। ਜੋ 1998 ਵਿਚ ਪੰਜਾਬ ਤੋਂ ਅਮਰੀਕਾ ਆ ਵੱਸਿਆ। ਪਹਿਲੇ ਦਸ ਸਾਲ ਹਰਦੀਪ ਸਿੰਘ ਨੇ ਬੇ-ਏਰੀਆ (ਕੈਲੇਫੋਰਨੀਆ) 'ਚ ਗੁਜ਼ਾਰਦੇ ਹੋਏ ਇਕ ਪਹਿਲਵਾਨ ਵਜੋਂ ਉਹਨਾਂ ਕੰਮਕਾਰ ਦੇ ਨਾਲ ਖੇਡਾਂ ਵੱਲੋਂ ਵੀ ਰੁਝਾਨ ਨਹੀਂ ਤੋੜਿਆ। 2003 ਤੋਂ 2007 ਤੱਕ ਬੇ-ਏਰੀਆ 'ਚ ਕਬੱਡੀ ਪ੍ਰੇਮੀਆਂ ਨਾਲ ਖੂਬ ਸਾਥ ਨਿਭਾਇਆ। ਇਸ ਉਪਰੰਤ 2009 ਤੱਕ ਸਟਾਕਟਨ ਰਹਿੰਦਿਆਂ ਕਬੱਡੀ ਦਾ ਸ਼ੌਂਕ ਵੀ ਜਾਰੀ ਰੱਖਿਆ। ਉਹ ਆਪਣੀਆਂ ਸੇਵਾਵਾਂ ਇਕ ਕੋਚ ਵਜੋਂ ਵੀ ਨਿਭਾਉਂਦਾ ਰਿਹਾ। ਕਬੱਡੀ ਦੇ ਖੇਤਰ 'ਚ ਉਸ ਦੇ ਮੁੱਢਲੇ ਕੋਚ ਸ. ਗੁਰਪਾਲ ਸਿੰਘ ਤੱਖਰ (ਸਪੁੱਤਰ ਪਹਿਲਵਾਨ ਧਿਆਨ ਸਿੰਘ ਸੰਕਰੀਆ) ਜੋ ਜ਼ਿਆਦਾ ਕਰਕੇ ਪਾਲਾ ਪਹਿਲਵਾਨ ਸ਼ੰਕਰੀਆ ਵਜੋਂ ਹੀ ਜਾਣਿਆ ਜਾਂਦਾ ਹੈ, ਨੇ ਖੂਬ ਤਾਲੀਮ ਦਿੱਤੀ ਹੈ। ਪਾਲਾ ਪਹਿਲਵਾਨ ਸ਼ੰਕਰੀਆ ਨੂੰ ਹਰਦੀਪ ਸਿੰਘ ਉਪਰ ਬਹੁਤ ਮਾਣ ਹੈ ਅਤੇ ਉਹਨਾਂ ਹਰਦੀਪ ਸਿੰਘ ਨੂੰ ਮੇਅਰ ਬਣਨ 'ਤੇ ਦਿਲੀ ਪਰਿਵਾਰਕ ਹਾਰਦਿਕ ਵਧਾਈ ਦਿੱਤੀ।

ਹਰਦੀਪ ਸਿੰਘ ਮੇਅਰ ਬਣਨ ਤੋਂ ਪਹਿਲਾਂ ਲਾਸ ਮੋਲੀਨਸ ਚੈਂਬਰ ਆਫ਼ ਕਾਮਰਸ ਦਾ ਬੋਰਡ ਮੈਂਬਰ ਸੀ ਤੇ ਅੱਜ ਵੀ ਹੈ ਅਤੇ 2015 ਵਿਚ ਅਮਰੀਕਾ ਦੇ ਆਜ਼ਾਦੀ ਦਿਵਸ 4 ਜੁਲਾਈ ਵਾਲੇ ਦਿਨ ਹਰਦੀਪ ਸਿੰਘ ਨੂੰ ਆਜ਼ਾਦੀ ਦਿਵਸ ਪਰੇਡ ਮੌਕੇ ਲਾਸ ਮੋਲੀਨਸ ਦਾ ਵੀ. ਆਈ. ਪੀ. ਗੈਸਟ ਬਣਾਇਆ ਗਿਆ। ਹਰਦੀਪ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਆਪਣੇ ਸ਼ਹਿਰ ਅੰਦਰ ਸਾਰੇ ਭਾਈਚਾਰਿਆਂ ਨਾਲ ਖੂਬ ਮਿਲਵਰਤਨ ਬਣਾ ਕੇ ਰੱਖਿਆ ਹੈ ਤੇ ਸੇਵਾ ਪੱਖੋਂ ਵੀ ਕਦੇ ਪਿੱਛੇ ਨਹੀਂ ਹਟਿਆ। ਇਹੀ ਵਜ੍ਹਾ ਹੈ ਕਿ ਲਾਸ ਮੋਲੀਨਸ ਚੈਂਬਰ ਆਫ਼ ਕਾਮਰਸ ਦੇ ਬੋਰਡ ਤੇ ਸ਼ਹਿਰ ਨਿਵਾਸੀਆਂ ਨੇ ਮੈਨੂੰ ਆਨਰੇਰੀ ਮੇਅਰ ਦਾ ਖਿਤਾਬ ਬਖਸ਼ਿਆ।

ਹਰਦੀਪ ਸਿੰਘ ਨੇ ਦੱਸਿਆ ਕਿ ਹੋਲਾ-ਮਹੱਲਾ ਇੰਟਰਨੈਸ਼ਨਲ ਸਪੋਰਟਸ ਕਲੱਬ ਜਲੰਧਰ ਵੱਲੋਂ ਕੁਸ਼ਤੀ ਟੂਰਨਾਮੈਂਟ ਵੀ ਕਰਵਾਏ ਜਾਂਦੇ ਹਨ, ਉਹ ਇਸ ਟੂਰਨਾਮੈਂਟ ਨੂੰ ਕਰਵਾਉਣ ਵਿਚ ਸਰਗਰਮ ਰਹਿੰਦੇ ਸਨ, ਜੋ 1982 ਵਿਚ ਸ. ਸਰਦਾਰ ਸਿੰਘ ਸਿੱਧੂ ਜੀ ਨੇ ਸ਼ੁਰੂ ਕੀਤੇ ਸਨ।

ਮੈਂ ਉਸ ਅਕਾਲ ਪੁਰਖ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦੀ ਹਾਂ, ਜਿਸ ਦੀ ਆਪਾਰ ਕਿਰਪਾ ਹੋ ਰਹੀ ਹੈ ਮੈਂ, ਮੇਰੀ ਸੁਪਤਨੀ ਸੁਖਵੰਤ ਕੌਰ, ਬੇਟੀਆਂ ਸੁਖਮਨ ਤੇ ਰੂਪਕ ਅਤੇ ਬੇਟਾ ਯਸ਼ਦੀਪ ਰਾਣਾ ਅਕਾਲ ਪੁਰਖ, ਗੌਡ (ਪ੍ਰਮਾਤਮਾ) ਦੇ ਬਹੁਤ ਰਿਣੀ ਹਾਂ, ਜਿਹਨਾਂ ਨੇ ਇੰਨਾ ਮਾਣ ਬਖਸ਼ਿਆ।

ਹਰਦੀਪ ਸਿੰਘ ਦਾ ਕਹਿਣਾ ਹੈ ਕਿ ਉਹ ਆਪਣੇ ਲਾਸ ਮੋਲੀਨਸ ਚੈਂਬਰ ਆਫ਼ ਕਾਮਰਸ ਦੇ ਬੋਰਡ ਮੈਂਬਰ ਸਾਹਿਬਾਨ ਦਾ ਅਤੇ ਪਿਛਲੀ ਮੇਅਰ ਅਤੇ ਤੀਰਥ ਸਿੰਘ ਸੋਹਲ ਦਾ ਵੀ ਧੰਨਵਾਦੀ ਹੈ, ਜਿਹਨਾਂ ਨੇ ਮੈਨੂੰ ਆਨਰੇਰੀ ਮੇਅਰ ਬਣਨ ਤੇ ਦਿਲੀ ਹਾਰਦਿਕ ਵਧਾਈ ਦਿੱਤੀ। ਉਹ ਸਮੂਹ ਅਮਰੀਕਨ ਭਾਈਚਾਰੇ ਦੇ ਨਾਲ ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਤੇ ਭਾਈਚਾਰੇ ਦਾ ਵੀ ਧੰਨਵਾਦੀ ਹੈ, ਜੋ 4 ਜੁਲਾਈ ਦੇ ਪ੍ਰੋਗਰਾਮਾਂ ਵਿਚ ਸ਼ਾਮਲ ਹੋਏ ਤੇ ਵਧਾਈ ਦਿੱਤੀ।


















# ਲਾਸ ਮੋਲੀਨਸ ਦੇ ਹਰਦੀਪ ਸਿੰਘ ਬਣੇ ਮੇਅਰ







## ਹਰਦੀਪ ਸਿੰਘ ਦੇ ਮੇਅਰ ਬਣਨ 'ਤੇ ਹਾਰਦਿਕ ਵਧਾਈ

Brayn fox, Ashley ursry, Shawna haub, Shelley pathen, Trish kames, Molly lorenze, Diane lambert, Dale campbell.

Jagdeep Singh, Jagmohan Singh, Harkamal Singh (brother), Thirath Singh Sohal, Jarnal Gill, Balwinder Chatha, Gurdip Sahi, Ajit Grewal, Pappu Johal, Preet Gill, Sukh Kullar., Angrej Pahalwan, Arvind Atwal, Raju Bhinderi (Canada)

Surinder Singh, Navtej Singh, Matab Singh, Balwinder Mann, Tersem Lal, Randher, Kamal Sidhu, Raj Singh, Sonu Atwal (Oregon)

Avtar Lakaha, Sarb Sroya, Prem Chumber (Desh Doaba), Randhir Nijjar, Jaswant Singh Shaad, Vijay Sigh, Rampal Kadiyan, Jasvir Singh.




CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

# ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹਫਤਾਵਾਰੀ ਪ੍ਰੋਗਰਾਮ ਦੀਆਂ ਰੌਣਕਾਂ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਸੱਦੇ ਉਪਰ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹਫਤਾਵਾਰੀ (ਐਤਵਾਰ) ਪ੍ਰੋਗਰਾਮ ਵਿਚ ਸੰਗਤਾਂ ਵੱਡੀ ਗਿਣਤੀ ਵਿਚ ਸ਼ਾਮਲ ਹੋਈਆਂ।

ਇੱਥੇ ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਸੈਕਰਾਮੈਂਟੋ ਅਤੇ ਟਰੇਸੀ ਤੋਂ ਸੰਗਤਾਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿਚ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਆਰਤੀ ਅਤੇ ਅਰਦਾਸ ਕੀਤੀ ਗਈ। ਉਪਰੰਤ ਕਲਾਕਾਰਾਂ ਵੱਲੋਂ ਭਗਵਾਨ ਵਾਲਮੀਕ ਜੀ ਦੇ ਸ਼ਬਦ ਗਾਏ ਗਏ।

ਕਲਾਕਾਰਾਂ ਵਿਚ ਭੁਪਿੰਦਰ ਭਿੰਦਾ, ਵਿਸ਼ਾਲ ਸ਼ਰਬਤੀ, ਅਮਰਜੀਤ ਲਾਲੀ ਤੇ ਜੋਗਿੰਦਰ ਕੌਰ ਗਿੱਲ ਵੱਲੋਂ ਸ਼ਬਦ ਗਾਏ ਗਏ। ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਵਿਨੋਦ ਗਿੱਲ ਜੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਦੌਰਾਨ ਭਾਰਤ ਤੋਂ ਆਏ ਨਵੇਂ ਮਹਿਮਾਨਾਂ ਨੂੰ ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਸਿਰੋਪੇ ਭੇਂਟ ਕਰਕੇ ਸਨਮਾਨਿਤ ਕਰਦਿਆਂ ਹੋਇਆਂ ਜੀ ਆਇਆਂ ਕਿਹਾ ਗਿਆ। ਸ. ਫਤਿਹ ਸਿੰਘ ਵੱਲੋਂ ਸਤਿਗੁਰੂ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਬਹੁਤ ਹੀ ਵਧੀਆ ਵਿਚਾਰ ਸਾਂਝੇ ਕੀਤੇ ਗਏ। ਪ੍ਰੋਗਰਾਮ ਦੌਰਾਨ ਸਾਰਾ ਦਿਨ ਲੰਗਰ ਅਤੁੱਟ ਵਰਤਦੇ ਰਹੇ। ਇਸ ਹਫਤਾਵਾਰੀ ਪ੍ਰੋਗਰਾਮ ਵਿਚ ਲੰਗਰ ਦੀ ਸੇਵਾ ਸ੍ਰੀ ਸ਼ਾਮ ਲਾਲ ਸੌਂਧੀ ਤੇ ਪਰਿਵਾਰ ਵੱਲੋਂ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਜੀ ਵੱਲੋਂ ਆਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਮੰਦਰ ਦੇ ਵਿਸਥਾਰ ਲਈ ਸਮੂਹ ਸੰਗਤਾਂ ਨੂੰ ਦਿਲ ਖੋਲ੍ਹ ਕੇ ਆਰਥਿਕ ਸੇਵਾ ਦੀ ਬੇਨਤੀ ਵੀ ਕੀਤੀ ਗਈ।

**ਰਿਪੋਰਟ– ਸੰਤੋਖ ਸਿੰਘ ਗਿੱਲ**



ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਦੇ ਕਰੋ ਜੀ ਦਰਸ਼ਨ


















Karanjit Singh Deol during 4th. July celebration at 1554/1562 Anneka lane yuba city



USA 's Independence Day celebrated at 1554/1562 Anneka lane Yuba City on July 4, 2017. Renewed poet Joginder Singh Dhami "Joe Piplanwali" with the community members

## ਸਿੱਖ ਧਰਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਪੁਰਬ 'ਤੇ ਵਿਸ਼ੇਸ਼

# 'ਪੁਰਜਾ-ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ'



ਪ੍ਰੋ: ਐਚ.ਐਲ.ਕਪੂਰ

ਭਾਈ ਮਨੀ ਸਿੰਘ ਜੀ ਪੰਜਾਬ ਦੇ ਸਿੱਖ ਇਤਿਹਾਸ 'ਚ 18ਵੀਂ ਸਦੀ ਦੇ ਇਕ ਮਹਾਨ ਸ਼ਹੀਦ ਤੇ ਸਿੱਖ ਚਿੰਤਕ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਸਨ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਪ੍ਰੈਲ 1699 ਨੂੰ ਵਿਸਾਖੀ ਵਾਲੇ ਦਿਨ 'ਖਾਲਸਾ ਪੰਥ' ਦੀ ਸਿਰਜਣਾ ਕੀਤੀ ਤਾਂ ਉਹਨਾਂ ਨੇ ਵੀ ਅੰਮ੍ਰਿਤ ਛਕਿਆ। ਉਹ ਸਿੱਖ ਸਿਧਾਂਤਾਂ ਦੇ ਪੱਕੇ ਪੈਰੋਕਾਰ ਸਨ। ਇਸ ਤੋਂ ਉਪਰੰਤ ਛੇਤੀ ਹੀ ਗੁਰੂ ਸਾਹਿਬ ਨੇ ਉਹਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਕ ਨਿਗਰਾਨ ਤੇ ਪ੍ਰਬੰਧਕ ਵਜੋਂ ਨਿਯੁਕਤ ਕਰਕੇ ਅੰਮ੍ਰਿਤਸਰ ਭੇਜਿਆ ਕਿਉਂਕਿ 1696 ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਕੋਈ ਪ੍ਰਬੰਧਕ ਨਹੀਂ ਸੀ ਤੇ ਇਸ 'ਤੇ ਮੀਣਿਆਂ ਤੇ ਮਸੰਦਾਂ ਨੇ ਕਬਜ਼ਾ ਕੀਤਾ ਹੋਇਆ ਸੀ। ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਉਸ ਸਮੇਂ ਸੰਭਾਲਿਆ ਜਦੋਂ ਸਿੱਖ ਇਤਿਹਾਸ ਇਕ ਬੜੇ ਨਾਜ਼ੁਕ ਮੋੜ ਤੋਂ ਗੁਜ਼ਰ ਰਿਹਾ ਸੀ।

ਭਾਈ ਮਨੀ ਸਿੰਘ ਜੀ ਇਕ ਮਹਾਨ ਸਿੱਖ ਵਿਦਵਾਨ, ਇਕ ਸੱਚੇ-ਸੁੱਚੇ ਸਿੱਖ ਸਿਧਾਂਤਾਂ ਨੂੰ ਮੰਨਣ ਵਾਲੇ ਸਿੰਘ, ਸਿੱਖ ਧਰਮ ਨੂੰ ਅਗਵਾਈ ਦੇਣ ਵਾਲੇ ਨੇਤਾ, ਬੜੇ ਉੱਚੇ ਚਰਿੱਤਰ ਦੇ ਮਾਲਕ ਤੇ ਇਕ ਨੇਕਦਿਲ ਇਨਸਾਨ ਸਨ। ਉਹਨਾਂ ਨੇ ਸਿੱਖ ਧਰਮ ਦੀ ਆਨ ਤੇ ਸ਼ਾਨ ਦੀ ਚੜ੍ਹਦੀ ਕਲਾ ਬਣਾਈ ਰੱਖਣ ਲਈ ਆਪਣਾ ਸਾਰਾ ਜੀਵਨ ਅਰਪਿਤ ਕਰ ਦਿੱਤਾ। ਉਹਨਾਂ ਨੇ ਸਿੱਖ ਧਰਮ ਨੂੰ, ਭਾਰਤ ਦੀ ਕੌਮੀ ਪੱਤਰ 'ਤੇ ਲਿਆਉਣ ਲਈ ਸਿਰਤੋੜ ਯਤਨ ਕੀਤੇ। ਉਹਨਾਂ ਦੀ ਇਸ ਘਾਲਣਾ ਬਦਲੇ ਉਹਨਾਂ ਨੂੰ ਇਸ ਦਾ ਬੜਾ ਵੱਡਾ ਮੁੱਲ ਵੀ ਚੁਕਾਉਣਾ ਪਿਆ ਤੇ ਉਹਨਾਂ ਨੂੰ ਲਾਹੌਰ ਵਿਖੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਲਈ ਉਨ੍ਹਾਂ ਦੀ ਇੱਡੀ ਵੱਡੀ ਕੁਰਬਾਨੀ ਕਰਕੇ ਹੀ ਸਿੱਖ ਧਰਮ ਦੀ ਰੋਜ਼ਾਨਾ ਜ਼ਿੰਦਗੀ ਦੀ ਅਰਦਾਸ 'ਚ ਉਹਨਾਂ ਦਾ ਨਾਮ ਦਰਜ ਹੈ ਤੇ ਉਹ ਪੂਜਣਯੋਗ ਬਣ ਗਏ ਹਨ। ਉਹਨਾਂ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਸਿੱਖ ਧਰਮ ਦੇ ਪੁਰਾਣੇ ਇਤਿਹਾਸਕ ਗ੍ਰੰਥਾਂ ਜਿਵੇਂ: ਸ੍ਰੀ 'ਸੂਰਜ ਪ੍ਰਕਾਸ਼ ਗ੍ਰੰਥ' 'ਚੋਂ ਬੜੀ ਆਸਾਨੀ ਨਾਲ ਮਿਲ ਜਾਂਦੀ ਹੈ।

ਭਾਈ ਮਨੀ ਸਿੰਘ ਜੀ 'ਸ੍ਰੀ ਦਰਬਾਰ ਸਾਹਿਬ' ਅੰਮ੍ਰਿਤਸਰ ਦੇ ਪ੍ਰਮੁੱਖ ਗ੍ਰੰਥੀ ਸਨ। ਮਾਤਾ ਜੀਤੋ ਜੀ (ਜਿਹਨਾਂ ਦਾ ਪੂਰਾ ਨਾਮ ਅਜੀਤ ਕੌਰ ਤੇ ਉਹ ਮਾਤਾ ਸੁੰਦਰੀ ਜੀ ਦੇ ਨਾਮ ਨਾਲ ਵੀ ਜਾਣੇ ਜਾਂਦੇ ਸਨ) ਸੁਪਤਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਸ੍ਰੀ ਦਰਬਾਰ ਸਾਹਿਬ ਵਿਖੇ ਬਣੇ ਕਈ ਸਿੱਖ ਧੜਿਆਂ ਨੂੰ ਇਕ ਨੇਤਾ ਦੀ ਅਗਵਾਈ ਹੇਠ ਇਕੱਤਰ ਕਰਨ ਤਾਂ ਜੋ ਸਿੱਖ ਕੌਮ 'ਚ ਏਕਤਾ ਆ ਸਕੇ ਤੇ ਉਹ ਇਕ ਮਜ਼ਬੂਤ ਸੰਗਠਿਤ ਸ਼ਕਤੀ ਵਜੋਂ ਉਭਰ ਸਕਣ। ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਏ ਜਾਂਦੇ 'ਬੰਦੀ ਛੋੜ ਦਿਵਸ' (ਦੀਵਾਲੀ) ਦੇ ਦਿਨ ਨੂੰ, ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਚੁਣਿਆ।

ਉਸ ਵੇਲੇ ਦੀ ਲਾਹੌਰ ਮੁਗਲ ਹਕੂਮਤ ਤੋਂ ਇਸ ਦਿਨ 'ਤੇ ਭਾਰੀ ਇਕੱਠ ਕਰਨ ਦੀ ਆਗਿਆ ਵੀ ਲੈ ਲਈ ਗਈ। ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਇਸ ਦੇ ਨਾਲ ਹੀ ਇਕ ਸ਼ਰਤ ਵੀ ਰੱਖ ਦਿੱਤੀ ਕਿ ਉਹਨਾਂ ਨੂੰ ਇਸ ਵਿਸ਼ਾਲ ਇਕੱਠ ਕਰਨ ਬਦਲੇ ਸਰਕਾਰ ਪਾਸ 5000 ਰੁਪਏ ਟੈਕਸ ਵਜੋਂ ਵੀ ਜਮ੍ਹਾ ਕਰਵਾਉਣੇ ਪੈਣਗੇ। ਭਾਈ ਮਨੀ ਸਿੰਘ ਜੀ ਨੇ ਇਹ ਸ਼ਰਤ ਮੰਨ ਕੇ ਪੰਜਾਬ ਦੀ ਸਿੱਖ ਸੰਗਤ ਨੂੰ ਚਿੱਠੀਆਂ ਰਾਹੀਂ ਸੁਨੇਹੇ ਭੇਜ ਕੇ, ਦੀਵਾਲੀ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਇਹ ਦਿਨ ਮਨਾਉਣ ਲਈ ਹੁੰਮ-ਹੁੰਮਾ ਕੇ ਪੁੱਜਣ ਲਈ ਬੇਨਤੀ ਵੀ ਕਰ ਦਿੱਤੀ।

ਮੁਗਲ ਹਕੂਮਤ ਬੜੀ ਚਲਾਕ ਸੀ ਤੇ ਉਹਨਾਂ ਨੇ ਇਕ ਗੁਪਤ ਯੋਜਨਾ ਬਣਾਈ ਕਿ ਇਸ ਦਿਨ 'ਤੇ ਸਿੱਖਾਂ ਦਾ ਭਾਰੀ ਇਕੱਠ ਹੋਵੇਗਾ ਤੇ ਇਸ ਭੀੜ 'ਤੇ ਹਮਲਾ ਕਰਕੇ ਵੱਡੀ ਗਿਣਤੀ 'ਚ ਸਿੱਖ ਨੌਜਵਾਨਾਂ ਨੂੰ ਮਾਰ ਦਿੱਤਾ ਜਾਵੇਗਾ। ਵਾਹਿਗੁਰੂ ਦੀ ਕ੍ਰਿਪਾ ਇਹ ਹੋਈ ਕਿ ਇਕ ਸੂਹੀਏ ਨੇ ਇਸ ਗੁਪਤ ਯੋਜਨਾ ਦੀ ਸਾਰੀ ਜਾਣਕਾਰੀ ਭਾਈ ਮਨੀ ਸਿੰਘ ਜੀ ਨੂੰ ਦੇ ਦਿੱਤੀ। ਭਾਈ ਮਨੀ ਸਿੰਘ ਜੀ ਨੂੰ, ਗਵਰਨਰ ਜ਼ਕਰੀਆ ਖਾਨ ਦੇ ਇਸ ਤਰ੍ਹਾਂ ਦੇ ਵਿਸ਼ਵਾਸਘਾਤ ਕਰਨ 'ਤੇ ਬੜਾ ਗੁੱਸਾ ਆਇਆ ਤੇ ਉਹਨਾਂ ਨੇ ਦੁਬਾਰਾ ਚਿੱਠੀਆਂ ਲਿਖ ਕੇ ਸਾਰੇ ਪੰਜਾਬ 'ਚ ਸਿੱਖ ਸੰਗਤ ਨੂੰ ਸੂਚਿਤ ਕਰ ਦਿੱਤਾ ਕਿ ਉਹ ਇਸ ਦਿਨ 'ਤੇ ਦਰਬਾਰ ਸਾਹਿਬ 'ਚ ਇਕੱਤਰ ਹੋ ਕੇ ਇਹ ਦਿਨ ਨਾ ਮਨਾਉਣ ਕਿਉਂਕਿ ਇਹ ਪ੍ਰੋਗਰਾਮ ਰੱਦ ਕੀਤਾ ਜਾਂਦਾ ਹੈ।

ਭਾਈ ਮਨੀ ਸਿੰਘ ਜੀ ਨੇ ਇਕੱਤਰ ਹੋਣ ਵਾਲੇ ਇਕੱਠ ਬਦਲੇ ਸਰਕਾਰ ਨੂੰ ਜੋ 5000 ਰੁਪਏ ਟੈਕਸ ਵਜੋਂ ਦੇਣਾ ਸੀ, ਦੇਣ ਤੋਂ ਇਨਕਾਰ ਕਰ ਦਿੱਤਾ ਤੇ ਇਹ ਕਿਹਾ ਕਿ ਜਦ ਅਸੀਂ ਇਹ ਇਕੱਠ ਕੀਤਾ ਹੀ ਨਹੀਂ ਤਾਂ ਟੈਕਸ ਕਿਸ ਗੱਲ ਦਾ ਦਿੱਤਾ ਜਾਵੇ। ਭਾਈ ਮਨੀ ਸਿੰਘ ਜੀ ਦੇ ਇਹ ਇਨਕਾਰ ਕਰਨ 'ਤੇ ਉਹਨਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜ਼ਕਰੀਆ ਖਾਨ ਦੀ ਅਦਾਲਤ 'ਚ ਪੇਸ਼ ਕਰ ਦਿੱਤਾ। ਭਾਈ ਮਨੀ ਸਿੰਘ ਜੀ ਨੇ ਜਾਂਦਿਆਂ ਹੀ ਗਵਰਨਰ ਜ਼ਕਰੀਆ ਖਾਨ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਬੁਲਾ ਕੇ ਨਮਸਕਾਰ ਕੀਤਾ।

ਉਕਤ ਜੈਕਾਰਾ ਸੁਣ ਕੇ ਜ਼ਕਰੀਆ ਖਾਨ ਬੜੇ ਗੁੱਸੇ 'ਚ ਬੋਲਿਆ ਤੇ ਕਿਹਾ, "ਉਹ ਭਾਈ ਮਨੀ ਸਿੰਘਾ ਆਪਣੀਆਂ ਅੱਖਾਂ ਖੋਲ੍ਹ ਕੇ ਦੇਖ, ਤੂੰ ਦਰਬਾਰ ਸਾਹਿਬ ਦੀ ਪ੍ਰਕਰਮਾ 'ਚ ਨਹੀਂ ਘੁੰਮ ਰਿਹਾ ਕਿ ਜਿੱਥੇ ਤੂੰ ਇਹ ਫਤਿਹ ਦੇ ਜੈਕਾਰੇ ਬੋਲ ਰਿਹਾ ਹੋਵੇਂ। ਹੁਣ ਤੂੰ ਲਾਹੌਰ ਵਿਖੇ ਜ਼ਕਰੀਆ ਖਾਨ ਦੀ ਅਦਾਲਤ 'ਚ ਹੈ, ਜਿੱਥੇ ਇੱਥੋਂ ਦੀ ਹਵਾ ਵੀ ਇਹ ਕਹਿੰਦੀ ਹੈ ਕਿ, "ਅਲਾਹ ਹੀ ਮਹਾਨ ਹੈ, ਸਿਰਫ਼ ਅਲਾਹ ਹੀ ਮਹਾਨ ਹੈ।" ਤੂੰ ਇੱਥੇ ਇਹ ਸਿੱਖ ਧਰਮ ਦਾ ਜੈਕਾਰਾ ਕਿਵੇਂ ਬੋਲਣ ਦੀ ਜ਼ੁਰਅਤ ਕਰ ਲਈ? ਭਾਈ ਮਨੀ ਸਿੰਘ ਜੀ ਨੇ ਬੜੀ ਬਹਾਦਰੀ ਤੇ ਦ੍ਰਿੜ੍ਹ ਵਿਸ਼ਵਾਸ ਨਾਲ ਕਿਹਾ ਕਿ, "ਤੂੰ ਅੱਜ ਇਕ ਗਿੱਦੜ ਵਾਂਗ ਡਰਪੋਕ ਇਨਸਾਨ ਨੂੰ ਨਹੀਂ ਮਿਲਿਆ, ਸਗੋਂ ਤੇਰਾ ਅੱਜ ਸਾਹਮਣਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸ਼ੇਰ ਵਰਗੇ ਬਹਾਦਰ ਸਿੱਖ ਨਾਲ ਹੋਇਆ ਹੈ।"

ਜ਼ਕਰੀਆ ਖਾਨ ਬੜਾ ਕ੍ਰੋਧਿਤ ਹੋ ਕੇ ਬੋਲਿਆ ਤੇ ਕਿਹਾ, "ਉਹ ਬੁੱਢੇ ਆਦਮੀ, ਤੂੰ ਹੁਣ ਜਵਾਨ ਨਹੀਂ ਹੈ। ਜੇਕਰ ਤੂੰ ਮੇਰੇ ਇਸਲਾਮ ਧਰਮ 'ਚ ਸ਼ਾਮਲ ਹੋਵੇਂਗਾ ਤਾਂ ਮੈਂ ਤੇਰੀ ਜ਼ਿੰਦਗੀ ਖੁਸ਼ੀਆਂ ਨਾਲ ਭਰ ਦਿਆਂਗਾ। ਮੈਂ ਤੈਨੂੰ ਕਈ ਪਤਨੀਆਂ ਦੇਵਾਂਗਾ, ਜ਼ਮੀਨ-ਜਾਇਦਾਦ ਦੇਵਾਂਗਾ ਤੇ ਬੈਠਣ ਲਈ ਤੇਰੇ ਹੇਠਾਂ ਤਖਤ ਹੋਵੇਗਾ। ਉਹ ਭਾਈ ਮਨੀ ਸਿੰਘ, ਕੀ ਫਰਕ ਪਵੇਗਾ, ਜੇਕਰ ਤੂੰ ਗੁਰਬਾਣੀ ਪੜ੍ਹਨ ਤੋਂ ਪਹਿਲਾਂ ਕੁਰਾਨ ਸ਼ਰੀਫ਼ ਪੜ੍ਹ ਲਵੇਂਗਾ ਤਾਂ। 'ਵਾਹਿਗੁਰੂ' ਕਹਿਣ ਤੋਂ ਪਹਿਲਾਂ ਹੁਣ ਤੂੰ 'ਅੱਲਾਹ ਮਹਾਨ ਹੈ' ਕਹਿ ਸਕਦਾ ਹੈ। ਇਸ ਤਰ੍ਹਾਂ ਕਹਿਣ 'ਚ ਤੈਨੂੰ ਕੀ ਫਰਕ ਪੈਂਦਾ ਹੈ?"

ਭਾਈ ਮਨੀ ਸਿੰਘ ਜੀ ਇਕ ਵਿਦਵਾਨ ਸਿੱਖ ਸਨ ਤੇ ਉਨ੍ਹਾਂ ਨੇ ਕਿਹਾ, "ਐ! ਜ਼ਕਰੀਆ ਖਾਨ ਯਾਦ ਰੱਖ, ਸਾਡਾ ਤੇਰੇ ਧਰਮ ਨਾਲ ਕੋਈ ਗੁੱਸਾ ਨਹੀਂ ਹੈ ਤੇ ਨਾ ਹੀ ਤੇਰੇ ਧਰਮ ਨੂੰ ਅਸੀਂ ਨਫ਼ਰਤ ਕਰਦੇ ਹਾਂ। ਸਾਡੀ ਗੁਰਬਾਣੀ ਕਹਿੰਦੀ ਹੈ, "ਫਰੀਦਾ ਬੇਨਿਵਾਜਾ ਕੁੱਤਿਆਂ, ਇਹ ਨ ਭਲੀ ਰੀਤਿ। ਕਬੀ ਚਲਿ ਨ ਆਇਆ ਪੰਜੇ ਵਖਤ ਮਸੀਤੁ।" ਫਰੀਦ ਜੀ ਕਹਿੰਦੇ ਹਨ, ਹੇ! ਬੇਭਰੋਸਗੀ ਵਾਲੇ ਕੁੱਤੇ ਇਨਸਾਨ, ਇਹ ਜ਼ਿੰਦਗੀ ਜਿਊਣ ਦਾ ਅਸਲੀ ਰਸਤਾ ਨਹੀਂ ਹੈ। ਤੂੰ ਕਦੀ ਵੀ ਮਸੀਤ 'ਚ ਰੋਜ਼ਾਨਾ ਪੰਜੇ ਵਕਤ ਦੀ ਨਮਾਜ਼ ਪੜ੍ਹਨ ਲਈ ਨਹੀਂ ਆਇਆ। "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।" ਸਭ ਤੋਂ ਪਹਿਲਾਂ ਅੱਲਾਹ ਨੇ ਰੌਸ਼ਨੀ ਪੈਦਾ ਕੀਤੀ। ਫਿਰ ਉਸ ਨੇ ਆਪਣੀ ਸ਼ਕਤੀ ਨਾਲ ਉਸ 'ਚੋਂ ਸਾਰੀ ਮਾਨਵਤਾ ਪੈਦਾ ਕੀਤੀ, ਉਸੇ ਇਕ ਜੋਤੀ 'ਚੋਂ ਉਸ ਨੇ ਸਾਰੇ ਸੰਸਾਰ ਦੀ ਰਚਨਾ ਕੀਤੀ। ਇਸੇ ਲਈ ਉਸ ਅੱਲਾਹ ਨੂੰ ਹੀ ਪਤਾ ਹੈ ਕਿ ਕੌਣ ਮਾੜਾ ਹੈ ਤੇ ਕੌਣ ਚੰਗਾ ਹੈ।



ਭਾਈ ਮਨੀ ਸਿੰਘ ਜੀ ਨੇ ਕਿਹਾ, "ਉਹ ਜ਼ਕਰੀਆ ਖਾਨ ਇਹ ਗੱਲ ਯਾਦ ਰੱਖ, ਜਿਸ ਧਰਮ 'ਚ ਅਸੀਂ ਪੈਦਾ ਹੋਏ ਹਾਂ, ਉਸ ਧਰਮ 'ਚ ਹੀ ਅਸੀਂ ਆਪਣਾ ਆਖਰੀ ਸਾਹ ਲਵਾਂਗੇ। ਤੂੰ ਕਹਿੰਦਾ ਹੈ ਕਿ ਸਿੱਖਾਂ ਬਾਰੇ ਮੈਂ ਸਭ ਕਹਾਣੀਆਂ ਚੰਗੀ ਤਰ੍ਹਾਂ ਜਾਣਦਾ ਹਾਂ। ਤੂੰ ਜਾਣਦਾ ਹੈ ਕਿ ਸਿੱਖੀ ਦਾ ਫੁੱਲ ਰੂਪੀ ਬੂਟਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਲਗਾਇਆ ਹੈ। ਇਸ ਸਿੱਖੀ ਦੇ ਬੂਟੇ ਨੂੰ ਦੁਨੀਆ ਦਾ ਕੋਈ ਵੀ ਤੂਫਾਨ ਉਖਾੜ ਨਹੀਂ ਸਕਦਾ। ਇਹ ਫੁੱਲ ਰੂਪੀ ਬੂਟਾ ਟੁੱਟ ਤਾਂ ਸਕਦਾ ਹੈ ਪਰ ਕਦੀ ਝੁਕ ਨਹੀਂ ਸਕਦਾ।

ਇਸੇ ਤਰ੍ਹਾਂ ਦੇ ਸ਼ਬਦ ਅੰਗਰੇਜ਼ੀ ਦੇ ਮਹਾਨ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਨੇ ਕਹੇ ਸਨ ਕਿ, "ਜਿਹੜਾ ਇਨਸਾਨ ਮੁਸੀਬਤਾਂ ਦਾ ਡਟ ਕੇ ਸਾਹਮਣਾ ਕਰ ਸਕਦਾ ਹੈ, ਉਹੀ ਇਸ ਸੰਸਾਰ 'ਚ ਸਥਿਰ ਰਹਿ ਸਕਦਾ ਹੈ, ਜਿਹੜਾ ਝੁਕ ਜਾਂਦਾ ਹੈ ਉਹ ਟੁੱਟ ਜਾਂਦਾ ਹੈ।" ਗੁਰਬਾਣੀ ਵੀ ਇਹੀ ਸੰਦੇਸ਼ ਦਿੰਦੀ ਹੈ ਕਿ, "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟਿ ਮਰੈ ਕਬਹੁ ਨਾ ਛਾਡੈ ਖੇਤੁ।।" ਭਾਵ ਸੂਰਮਾ ਇਨਸਾਨ ਉਹੀ ਹੈ ਜੋ ਆਪਣੇ ਦੀਨ-ਇਮਾਨ ਤੇ ਧਰਮ ਦੀ ਖਾਤਰ ਲੜੇ। ਇਸ ਦੀ ਖਾਤਰ ਉਹ ਲੜਾਈ ਦੇ ਮੈਦਾਨ 'ਚ ਪੁਰਜਾ-ਪੁਰਜਾ ਹੋ ਕੇ ਕੱਟ ਤਾਂ ਸਕਦਾ ਹੈ ਪਰ ਲੜਾਈ ਦੇ ਮੈਦਾਨ 'ਚੋਂ ਭੱਜਦਾ ਨਹੀਂ ਹੈ।

ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਜੀ ਨੂੰ ਉਤਰ ਦਿੱਤਾ, "ਭਾਈ ਮਨੀ ਸਿੰਘ ਤੇਰੀ ਗੱਲ ਬਹੁਤ ਵਜ਼ਨਦਾਰ ਹੈ ਪਰ ਇਕ ਗੱਲ ਯਾਦ ਰੱਖ, ਮੈਂ ਤੈਨੂੰ ਐਸੇ ਤਸੀਹੇ ਦੇਵਾਂਗਾ, ਮੈਂ ਐਸਾ ਫਰਮਾਨ ਜਾਰੀ ਕਰਾਂਗਾ ਜਿਸ ਨੂੰ ਸੁਣ ਕੇ ਤੈਨੂੰ ਕੰਬਣੀ ਛਿੜ ਜਾਏਗੀ ਤੇ ਤੂੰ ਤਰਾਹ-ਤਰਾਹ ਕਰ ਉੱਠੇਂਗਾ।"

ਭਾਈ ਮਨੀ ਸਿੰਘ ਜੀ ਨੇ ਆਪਣੇ ਚਿਹਰੇ 'ਤੇ ਮੁਸਕਾਨ ਲਿਆਉਂਦਿਆਂ ਕਿਹਾ, "ਧਰਤੀ ਕੰਬ ਸਕਦੀ ਹੈ ਤੇ ਅਸਮਾਨ ਡੋਲ ਸਕਦਾ ਹੈ ਪ੍ਰੰਤੂ ਗੁਰੂ ਨਾਨਕ ਦੇਵ ਜੀ ਦਾ ਸਿੱਖ ਨਾ ਤਾਂ ਕੰਬ ਸਕਦਾ ਹੈ ਤੇ ਨਾ ਹੀ ਡੋਲ ਸਕਦਾ ਹੈ। ਸਿੱਖੀ ਇਕ ਉਹ ਧਰਮ ਹੈ, ਜਿਹਨਾਂ ਦੇ ਪੰਜਵੇਂ ਗੁਰੂ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਤੇ ਬੈਠ ਕੇ ਸਿਰ ਵਿਚ ਗਰਮ ਰੇਤਾ ਪਵਾ ਕੇ, ਭਿਆਨਕ ਤਸੀਹੇ ਝੱਲ ਕੇ ਵੀ ਸੀਅ ਤੱਕ ਨਹੀਂ ਕੀਤੀ ਸੀ। ਇਹ ਇਕ ਉਹ ਧਰਮ ਹੈ ਜਿਸ 'ਚ ਦੋ ਨਾਦਾਨ ਰੂਹਾਂ ਭਾਵ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਜਿਊਂਦੇ ਨੀਹਾਂ 'ਚ ਚਿਣ ਕੇ ਸ਼ਹੀਦ ਕੀਤੇ ਗਏ ਸਨ ਤੇ ਉਹਨਾਂ ਨੇ ਇਸਲਾਮ ਧਰਮ ਨਹੀਂ ਕਬੂਲ ਕੀਤਾ ਸੀ। ਯਾਦ ਰੱਖ ਜ਼ਕਰੀਆ ਖਾਨ, ਮੈਂ ਆਪਣੇ ਧਰਮ ਦੀ ਖਾਤਰ ਕੁਰਬਾਨ ਤਾਂ ਹੋ ਸਕਦਾ ਹਾਂ ਪਰ ਜੋ ਕੁਝ ਤੂੰ ਮੈਨੂੰ ਆਖਦਾ ਹੈਂ, ਉਸ ਨੂੰ ਮੈਂ ਹਰਗਿਜ਼ ਕਬੂਲ ਨਹੀਂ ਕਰਾਂਗਾ।"

ਅਗਲੇ ਦਿਨ ਜ਼ਕਰੀਆ ਖਾਨ ਨੇ ਕਾਜ਼ੀ ਨੂੰ ਸੱਦਿਆ ਤੇ ਕਿਹਾ, "ਹੇ ਕਾਜ਼ੀ! ਆਪਣੀ ਸ਼ਰੀਅਤ ਦੇ ਨਿਯਮਾਂ ਦੀ ਪੁਸਤਕ 'ਚੋਂ ਮੈਂ ਚਾਹੁੰਦਾ ਹਾਂ ਕਿ ਇਕ ਅਜਿਹਾ ਫਤਵਾ ਜਾਰੀ ਕੀਤਾ ਜਾਵੇ, ਜਿਸ ਨੂੰ ਸੁਣ ਕੇ ਸਾਰੀ ਧਰਤੀ ਤੇ ਆਕਾਸ਼ ਕੰਬ ਉੱਠਣ।" ਕਾਜ਼ੀ ਨੇ ਸ਼ਰੀਅਤ ਦੀ ਪੁਸਤਕ ਖੋਲ੍ਹੀ ਤੇ ਫਤਵਾ ਐਲਾਨ ਕਰ ਦਿੱਤਾ ਤੇ ਕਿਹਾ ਕਿ, "ਇਸ ਕਾਫ਼ਰ (ਕੁਰਾਹੀਆ ਜਾਂ ਗੈਰ ਮੁਸਲਮਾਨ) ਨੂੰ ਬੰਦ-ਬੰਦ ਭਾਵ ਪੋਟਾ-ਪੋਟਾ ਕੱਟ ਕੇ ਕਤਲ ਕਰ ਦਿੱਤਾ ਜਾਵੇ।"

ਭਾਈ ਮਨੀ ਸਿੰਘ ਜੀ ਇਹ ਸੁਣ ਕੇ ਲਲਕਾਰੇ ਤੇ ਜ਼ਕਰੀਆ ਖਾਨ ਉਹਨਾਂ ਦੇ ਨਜ਼ਦੀਕ ਹੀ ਖੜ੍ਹਾ ਸੀ ਤੇ ਉਹ ਕਹਿਣ ਲੱਗਾ, "ਉਹ ਮਨੀ ਸਿੰਘ ਕੀ ਤੂੰ ਡਰ ਗਿਆ ਹੈ? ਤੂੰ, ਘਬਰਾਇਆ ਹੋਇਆ ਲਲਕਾਰ ਰਿਹਾ ਹੈ, ਅਜੇ ਤਾਂ ਤੈਨੂੰ ਫਤਵਾ ਸੁਣਾਇਆ ਈ ਹੈ ਤੇ ਤੇਰਾ ਅਜੇ ਬੰਦ-ਬੰਦ ਤਾਂ ਕੱਟਣਾ ਹੈ।"

ਭਾਈ ਮਨੀ ਸਿੰਘ ਜੀ ਨੇ ਜ਼ਕਰੀਆ ਖਾਨ ਵੱਲ ਤਾੜਵੀਂ ਨਜ਼ਰ ਨਾਲ ਦੇਖਿਆ ਤੇ ਕਿਹਾ, "ਉਹ ਜ਼ਕਰੀਆ ਖਾਨ ਮੈਂ ਬਿਲਕੁਲ ਨਹੀਂ ਘਬਰਾਇਆ, ਮੈਂ ਤਾਂ ਆਪਣੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰ ਰਿਹਾ ਹਾਂ।" ਜ਼ਕਰੀਆ ਖਾਨ ਨੇ ਫਿਰ ਕਿਹਾ, "ਤੂੰ ਸਪਸ਼ਟ ਤੌਰ 'ਤੇ ਆਪਣੇ ਗੁਰੂ ਨੂੰ ਯਾਦ ਕਰਕੇ ਘਬਰਾ ਗਿਆ ਹੈ! ਤੂੰ ਆਪਣੇ ਗੁਰੂ ਦੀ ਸਿੱਖੀ ਤੋਂ ਕੀ ਹਾਸਲ ਕੀਤਾ ਹੈ? ਅਜੇ ਤੇਰਾ ਬੰਦ-ਬੰਦ ਕੱਟ ਹੋਣ 'ਚ ਸਮਾਂ ਪਿਆ ਹੈ, ਤੂੰ ਉਸ ਤੋਂ ਪਹਿਲਾਂ-ਪਹਿਲਾਂ ਇਸਲਾਮ ਧਰਮ ਕਬੂਲ ਕਰ ਸਕਦਾ ਹੈ।"

ਭਾਈ ਮਨੀ ਸਿੰਘ ਜੀ ਨੇ ਉੱਤਰ ਦਿੱਤਾ, "ਇਹ ਮਸਲਾ ਨਹੀਂ ਹੈ ਕਿ ਮੈਂ ਆਪਣੇ ਗੁਰੂ ਸਾਹਿਬ ਨੂੰ ਯਾਦ ਕਰਕੇ ਘਬਰਾ ਗਿਆ ਹਾਂ, ਦਰਅਸਲ 'ਚ ਮੈਂ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਛੱਡਿਆ ਸੀ, ਉਦੋਂ ਮੈਂ ਅਰਦਾਸ ਕੀਤੀ ਸੀ ਤੇ ਉਸ 'ਚ ਮੈਂ ਆਪਣੇ ਗੁਰੂ ਸਾਹਿਬ ਤੋਂ ਇਹ ਮੰਗਿਆ ਸੀ ਕਿ ਹੇ! ਸੱਚੇ ਪਾਤਸ਼ਾਹ ਮੇਰੇ ਸਰੀਰ ਦਾ ਇਕ-ਇਕ ਵਾਲ ਭਾਵ ਇਕ-ਇਕ ਰੋਮ ਵੀ ਸਿੱਖੀ ਸਿਦਕ ਲਈ ਪ੍ਰਵਾਨ ਚੜ੍ਹੇ, ਪਰ ਇਸ ਦੀ ਥਾਂ ਇਕ-ਇਕ ਬੰਦ ਹੀ ਕਿਉਂ ਪ੍ਰਵਾਨ ਚੜ੍ਹੇ, ਸਿਰਫ਼ ਮੇਰੀ ਅਰਦਾਸ 'ਚ ਇਹੀ ਕਮੀ ਰਹਿ ਗਈ ਸੀ, ਮੈਂ ਤਾਂ ਸਿਰਫ਼ ਇਹੀ ਸੋਚ ਰਿਹਾ ਸੀ।"

ਜ਼ਕਰੀਆ ਖਾਨ ਨੇ ਕਿਹਾ, "ਇਹ ਲੱਗਦਾ ਹੈ ਕਿ ਤੁਸੀਂ ਗੱਲਾਂ ਬਹੁਤ ਕਰਦੇ ਹੋ, ਪਰ ਯਾਦ ਰੱਖ ਤੂੰ ਅਜੇ ਜਲਾਦ ਦੀ ਸ਼ਕਲ ਨਹੀਂ ਦੇਖੀ। ਜਦੋਂ ਤੂੰ ਉਸ ਦੀ ਸ਼ਕਲ ਦੇਖੇਂਗਾ ਤਾਂ ਤੂੰ ਡਰ ਜਾਏਂਗਾ।" ਇੰਨੇ ਨੂੰ ਜਲਾਦ ਆ ਜਾਂਦਾ ਹੈ। ਉਸ ਦੇ ਹੱਥ 'ਚ ਤਲਵਾਰ ਫੜੀ ਹੋਈ ਹੈ। ਭਾਈ ਮਨੀ ਸਿੰਘ ਜੀ ਨੇ ਜਲਾਦ ਨੂੰ ਕਿਹਾ, "ਤੂੰ ਆਪਣੀ ਤਲਵਾਰ ਤਿੱਖੀ ਕਰ ਲੈ ਤੇ ਮੈਂ ਆਪਣਾ ਮਨ ਤਿੱਖਾ ਕਰ ਲੈਂਦਾ ਹਾਂ।" ਜਲਾਦ ਨੇ ਉੱਤਰ ਦਿੱਤਾ, "ਮੈਂ ਆਪਣੀ ਤਲਵਾਰ ਰੇਤੀ 'ਤੇ ਰਗੜ ਕੇ ਤੇਜ਼ ਕਰ ਲੈਂਦਾ ਹਾਂ ਤੇ ਤੁਸੀਂ ਆਪਣਾ ਮਨ ਕਿਸ ਚੀਜ਼ ਨਾਲ ਤੇਜ ਕਰੋਗੇ? ਭਾਈ ਮਨੀ ਸਿੰਘ ਜੀ ਨੇ ਉੱਤਰ ਦਿੱਤਾ, "ਉਹ ਜਲਾਦ! ਜਿਸ ਰੇਤੀ 'ਤੇ ਰਗੜ ਕੇ ਤੂੰ ਆਪਣੀ ਤਲਵਾਰ ਤਿੱਖੀ ਕਰੇਗਾ। ਇਹ ਰੇਤੀ ਟੁੱਟ ਜਾਏਗੀ, ਕਿਉਂਕਿ ਇਸ ਨੂੰ ਆਦਮੀ ਨੇ ਹੀ ਬਣਾਇਆ ਹੈ, ਪ੍ਰੰਤੂ ਮੈਂ ਆਪਣਾ ਮਨ ਅਕਾਲ ਪੁਰਖ ਦੇ ਨਾਮ ਤੇ ਗੁਰਬਾਣੀ ਨਾਲ ਜੋੜ ਕੇ ਤੇਜ ਕਰ ਲਵਾਂਗਾ, ਕਿਉਂਕਿ ਉਸ ਨੇ ਹੀ ਮਨੁੱਖ ਨੂੰ ਸਿਰਜਿਆ ਹੈ।"

ਹੁਣ ਜਲਾਦ ਨੇ ਆਪਣੀ ਤਲਵਾਰ ਤੇਜ ਕਰ ਲਈ ਤੇ ਭਾਈ ਮਨੀ ਸਿੰਘ ਜੀ ਨੇ ਆਪਣਾ ਮਨ ਵਾਹਿਗੁਰੂ ਤੇ ਗੁਰਬਾਣੀ ਦੇ ਪਾਠ ਨਾਲ ਜੋੜ ਲਿਆ। ਉਹਨਾਂ ਨੇ 'ਜਪੁਜੀ' ਸਾਹਿਬ ਦੇ ਪਾਠ ਦੀ ਸਮਾਪਤੀ ਤੋਂ ਬਾਅਦ ਉੱਚੀ ਆਵਾਜ਼ 'ਚ ਜੈਕਾਰਾ ਛੱਡਿਆ, "ਬੋਲੇ ਸੋ ਨਿਹਾਲ! ਸਤਿ ਸ੍ਰੀ ਅਕਾਲ।" ਨਾਮ ਦੀ ਖੁਮਾਰੀ ਤੇ ਗੁਰਬਾਣੀ ਦਾ ਜਾਪੁ ਕਰਨ ਨਾਲ ਉਹ ਆਪਣੀ ਪੂਰੀ ਤਾਕਤ ਨਾਲ ਦਹਾੜ ਕੇ ਜਲਾਦ ਨੂੰ ਬੋਲੇ, "ਆਓ ਜਲਾਦ! ਹੁਣ ਸਿਰਫ਼ ਮੈਂ ਤੇ ਤੂੰ ਹੀ ਗੱਲ ਕਰਾਂਗੇ।" ਜਲਾਦ ਨੇ ਲੱਕੜ ਦਾ ਇਕ ਅੱਡਾ ਨੁਮਾ ਟੋਟਾ ਥੋੜ੍ਹਾ ਅੱਗੇ ਕੀਤਾ ਤੇ ਭਾਈ ਮਨੀ ਸਿੰਘ ਜੀ ਥੋੜ੍ਹਾ ਅਗਾਂਹ ਵਧਦੇ ਹੋਏ ਕਹਿੰਦੇ ਹਨ, "ਸਤਿਨਾਮ ਸ੍ਰੀ ਵਾਹਿਗੁਰੂ" ਤੇ ਫਿਰ ਆਪਣਾ ਸੱਜਾ ਹੱਥ ਉਸ ਲੱਕੜ ਦੇ ਟੁਕੜੇ ਉਪਰ ਰੱਖ ਦਿੰਦੇ ਹਨ।

ਜਲਾਦ ਭਾਈ ਮਨੀ ਸਿੰਘ ਜੀ ਦੀਆਂ ਉਂਗਲਾਂ 'ਤੇ ਵਾਰ ਕਰਕੇ ਉਹਨਾਂ ਨੂੰ ਕੱਟ ਦਿੰਦਾ ਹੈ। ਭਾਈ ਮਨੀ ਸਿੰਘ ਜੀ ਆਪਣਾ ਹੱਥ ਪਿੱਛੇ ਖਿੱਚ ਲੈਂਦੇ ਹਨ। "ਭਾਈ ਮਨੀ ਸਿੰਘ, ਤੂੰ ਡਰ ਗਿਆ ਹੈ! ਪਹਿਲਾਂ ਤੂੰ ਬੜੀਆਂ ਗੱਲਾਂ ਕਰਦਾ ਸੀ, ਇਹ ਤਾਂ ਅਜੇ ਸਿਰਫ਼ ਪਹਿਲਾ ਹੀ ਕੱਟ ਹੈ।" ਤੂੰ ਸਾਡਾ ਪਹਿਲਾ ਵਾਰ ਹੀ ਸਹਾਰ ਨਹੀਂ ਸਕਿਆ, ਅਸੀਂ ਤਾਂ ਅਜੇ ਤੇਰੇ ਸਰੀਰ ਦਾ ਬੰਦ-ਬੰਦ ਕੱਟਣਾ ਹੈ," ਜ਼ਕਰੀਆ ਖਾਨ ਨੇ ਕਿਹਾ।

ਭਾਈ ਮਨੀ ਸਿੰਘ ਨੇ ਉੱਤਰ ਦਿੱਤਾ, "ਐ ਜਲਾਦ! ਤੁਹਾਡੇ ਫਤਵੇ ਮੁਤਾਬਕ ਕੀ ਹੈ? ਤੁਸੀਂ ਮੇਰਾ ਬੰਦ-ਬੰਦ ਕੱਟਣਾ ਹੈ। ਤੁਸੀਂ ਤਾਂ ਇਕੋ ਵਾਰ 'ਚ ਹੀ ਮੇਰੀਆਂ ਸਾਰੀਆਂ ਉਂਗਲਾਂ ਕੱਟ ਦਿੱਤੀਆਂ ਹਨ।

ਜ਼ਕਰੀਆ ਖਾਨ, ਤੁਸੀਂ ਆਪਣੇ ਨੌਕਰ ਨੂੰ ਆਖੋ ਕਿ ਉਹ ਤੁਹਾਡੇ ਹੁਕਮਾਂ ਦੀ ਪੂਰੀ ਪਾਲਣਾ ਕਰੇ ਤੇ ਮੈਂ ਆਪਣੇ ਸੱਚੇ-ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦੀ ਪੂਰੀ ਪਾਲਣਾ ਕਰਾਂਗਾ।

ਭਾਈ ਮਨੀ ਸਿੰਘ ਜੀ ਦੇ ਸਰੀਰ ਦਾ ਇਕ-ਇਕ ਬੰਦ ਕੱਟ ਦਿੱਤਾ ਗਿਆ ਤੇ ਉਹ ਗੁਰਬਾਣੀ ਦਾ ਜਾਪੁ ਆਪਣੇ ਆਖਰੀ ਸਵਾਸਾਂ ਤੱਕ ਕਰਦੇ ਰਹੇ। ਉਹਨਾਂ ਨੇ ਗੁਰਬਾਣੀ ਦੇ ਇਸ ਕਥਨ ਨੂੰ ਕਿ, "ਪੁਰਜਾ ਪਰਜਾ ਕਟਿ ਮਰੈ ਕਬਹੁ ਨਾ ਛਾਡੈ ਖੇਤੁ" ਨੂੰ ਸੱਚ ਸਾਬਤ ਕਰ ਦਿਖਾਇਆ ਤੇ ਉਹ ਧਰਮ ਦੀ ਰਾਖੀ ਖਾਤਰ ਰਣ ਦੇ ਮੈਦਾਨ 'ਚੋਂ ਨਹੀਂ ਦੌੜੇ।

ਸਤਿਨਾਮ ਵਾਹਿਗੁਰੂ ਦਾ ਜਾਪੁ ਕਰਦਿਆਂ ਭਾਈ ਮਨੀ ਸਿੰਘ ਜੀ ਦੇ ਸਰੀਰ ਦਾ ਇਕ-ਇਕ ਬੰਦ ਉਂਗਲਾਂ, ਲੱਕ, ਕੂਹਣੀਆਂ, ਮੋਢੇ, ਪੈਰਾਂ ਦੀਆਂ ਉਂਗਲਾਂ, ਗੋਡੇ ਤੇ ਸਰੀਰ ਦੇ ਸਾਰੇ ਅੰਗ, ਉਸ ਲੱਕੜ ਦੇ ਟੋਟੇ ਉਪਰ ਕੱਟੇ ਪਏ ਸਨ। ਉਸ ਦੇ ਗਿਰਦ ਮਾਨੋਂ ਖੂਨ ਦਾ ਛੱਪੜ ਲੱਗਾ ਹੋਇਆ ਸੀ। ਸਰੀਰ ਦੇ ਨਾਲ ਨਾ ਕੋਈ ਬਾਂਹ ਤੇ ਨਾ ਕੋਈ ਲੱਤ। "ਮੇਰਾ ਸਿਰ ਜਾਵੇ ਤਾਂ ਜਾਵੇ ਪਰ ਮੇਰਾ ਸਿੱਖੀ ਸਿਦਕ ਨਾ ਜਾਵੇ।" ਭਾਈ ਮਨੀ ਸਿੰਘ ਜੀ ਸਿੱਖੀ ਦੀ ਇਸ ਧਾਰਨਾ ਦੀ ਕਸਵੱਟੀ 'ਤੇ ਪੂਰੇ ਉਤਰੇ।

ਇਸ ਤਰ੍ਹਾਂ ਲਾਹੌਰ ਦੇ ਨਿਖਾਸ ਚੌਂਕ 'ਚ ਭਾਈ ਮਨੀ ਸਿੰਘ ਜੀ ਨੂੰ ਉਹਨਾਂ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਕਈ ਇਤਿਹਾਸਕਾਰ ਇਸ ਸਾਕੇ ਨੂੰ 9 ਜੁਲਾਈ 1737 ਅਤੇ ਕਈ 14 ਜੂਨ 1738 ਨੂੰ ਹੋਇਆ ਦੱਸਦੇ ਹਨ। ਇਸ ਨਿਖਾਸ ਚੌਂਕ ਨੂੰ ਅੱਜ ਵੀ 'ਸ਼ਹੀਦ ਗੰਜ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਸੰਨ 1900 'ਚ ਭਾਈ ਮਨੀ ਸਿੰਘ ਜੀ ਦੀ ਯਾਦ 'ਚ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਦੇ ਨੇੜੇ ਉਹਨਾਂ ਦੇ ਪਿੰਡ ਕੰਬੋਵਾਲ 'ਚ ਗੁਰਦੁਆਰਾ ਸਾਹਿਬ ਬਣਾਇਆ ਗਿਆ ਹੈ, ਕਿਉਂਕਿ ਇਹ ਪਿੰਡ ਉਹਨਾਂ ਦਾ ਜੱਦੀ ਪਿੰਡ ਹੈ। ਸੰਨ 1737 'ਚ ਲਾਹੌਰ ਮੁਗਲ ਸਰਕਾਰ ਨੇ ਸਿੱਖਾਂ 'ਤੇ ਪਾਬੰਦੀ ਲਾ ਦਿੱਤੀ ਸੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਆ ਕੇ ਮੱਥਾ ਨਹੀਂ ਟੇਕ ਸਕਦੇ ਸਨ ਤੇ ਨਾ ਹੀ ਪਵਿੱਤਰ ਸਰੋਵਰ 'ਚ ਇਸ਼ਨਾਨ ਕਰ ਸਕਦੇ ਸਨ। ਜ਼ਕਰੀਆ ਖਾਨ ਦੀ 1745 'ਚ ਮੌਤ ਹੋ ਗਈ ਸੀ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਤਿਹਾਸ 'ਚ ਪ੍ਰਸਿੱਧ ਹਸਤੀ ਨਵਾਬ ਕਪੂਰ ਸਿੰਘ 1675 ਤੋਂ 1753 ਜੀ ਹੋਏ ਹਨ।

ਮੈਂ ਸ਼ਹੀਦ ਭਾਈ ਮਨੀ ਸਿੰਘ ਜੀ ਵਰਗੇ ਮਹਾਨ ਯੋਧੇ, ਸਿੱਖ ਚਿੰਤਕ, ਮਹਾਨ ਵਿਦਵਤਾ ਦੇ ਮੁਜੱਸਮੇ, ਦੇਸ਼ ਭਗਤ ਤੇ ਸਿੱਖੀ ਸਿਦਕ ਦੇ ਪੂਰੇ ਮਹਾਂਪੁਰਸ਼ ਨੂੰ ਉਹਨਾਂ ਦੀ ਬਰਸੀ 'ਤੇ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ ਤੇ ਅਜਿਹੇ ਮਹਾਨ ਸ਼ਹੀਦ ਨੂੰ ਆਪਣਾ ਸਲਿਊਟ ਮਾਰਦਾ ਹਾਂ। ਉਹ ਨਵੀਂ ਪੀੜ੍ਹੀ ਲਈ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣੇ ਰਹਿਣਗੇ। ਮੈਂ ਆਪਣੇ ਇਸ ਹੱਥਲੇ ਲੇਖ ਦੀ ਸਮਾਪਤੀ ਸ਼ਾਹ ਮੁਹੰਮਦ ਜੀ ਦੀਆ ਨਿਮਨ-ਲਿਖਤ ਸੱਤਰਾਂ ਨਾਲ ਕਰਦਾ ਹਾਂ:

ਲੱਗੀ ਧਮਕ ਸਾਰੇ ਹਿੰਦੋਸਤਾਨ ਅੰਦਰ, ਦਿੱਲੀ, ਆਗਰੇ, ਹਾਂਸੀ, ਹਿਸਾਰ, ਮੀਆਂ।
ਬੀਕਾਨੇਰ, ਲਖਨਊ, ਅਜਮੇਰ, ਜੈਪੁਰ, ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।
ਚੱਲੀ ਸਭ ਪੰਜਾਬ ਦੀ ਬਾਦਸ਼ਾਹੀ, ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ, ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ।

# ਅਮਰੀਕੀ ਪੰਜਾਬੀ ਕਵਿਤਾ ਦਾ ਇਕ ਸਮਰੱਥ ਸ਼ਾਇਰ ਦਲਵੀਰ ਸਿੰਘ 'ਦਿਲ ਨਿੱਜਰ'



ਡਾ. ਮੋਹਨ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ ਪਟਿਆਲਾ

**ਦਲਵੀਰ** ਸਿੰਘ 'ਦਿਲ ਨਿੱਜਰ' ਅਮਰੀਕੀ ਪੰਜਾਬੀ ਕਵਿਤਾ ਦਾ ਇਕ ਸਮਰੱਥ ਸ਼ਾਇਰ ਹੈ। 'ਦਿਲ ਦਰਿਆ ਦੇ ਵਹਿਣ' ਉਸਦਾ ਦਿਲ-ਦਹਿਲੀਜ਼ ਅਤੇ 'ਪਰਵਾਜ਼ੇ-ਇ-ਦਿਲ' ਤੋਂ ਬਾਅਦ ਤੀਜਾ ਕਾਵਿ ਸੰਗ੍ਰਹਿ ਹੈ। ਇਸ ਕਾਵਿ-ਸੰਗ੍ਰਹਿ ਰਾਹੀਂ ਉਸਨੇ ਜਿੱਥੇ ਆਪਣੀ ਵਿਸ਼ਾਲ ਰਚਨਾ ਦ੍ਰਿਸ਼ਟੀ ਅਤੇ ਸਿਰਜਣ ਸਮਰੱਥਾ ਦਾ ਪ੍ਰਮਾਣ ਦਿੱਤਾ ਹੈ, ਉਸਦੇ ਨਾਲ ਹੀ ਸਮਕਾਲੀ ਪੰਜਾਬੀ ਕਾਵਿਤਾ ਦੇ ਖੇਤਰ ਵਿਚ ਵੀ ਇਕ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ। ਉਸਦੀ ਕਵਿਤਾ ਆਪਣੀ ਨਿਰੰਤਰਤਾ ਵਿਚ ਵਿਕਾਸ ਕਰਦੀ ਹੋਈ ਆਪਣੀ ਚਰਮ ਸੀਮਾ ਤੇ ਪਹੁੰਚਦੀ ਹੈ। ਉਸਦੇ ਪੂਰਵਲੇ ਕਾਵਿ-ਸੰਗ੍ਰਹਿ ਜਿੱਥੇ ਆਵਾਸ-ਪਰਵਾਸ ਦੇ ਸੁਲਗਦੇ ਮਸਲਿਆਂ ਅਤੇ ਸਰੋਕਾਰਾਂ ਨੂੰ ਵਧੇਰੇ ਸੰਬੋਧਤ ਹੁੰਦੇ ਹਨ, ਉਸਦੇ ਨਾਲ ਹੀ ਆਪਣੀ ਪਛਾਣ ਅਤੇ ਸ਼ਲਾਖਤ ਲਈ ਵਾਰ ਵਾਰ ਪੰਜਾਬ ਵੱਲ ਮੋੜਾ ਵੀ ਕੱਟਦੇ ਹਨ। ਇਸ ਕਵਿਤਾ ਵਿਚ ਜਿੱਥੇ ਵਾਰ-ਵਾਰ ਪੰਜਾਬ ਦਾ ਮੋਹ ਅਤੇ ਹੇਰਵਾ ਬੜੇ ਜਜ਼ਬਾਤੀ ਰੂਪ ਵਿਚ ਪੇਸ਼ ਹੁੰਦਾ ਹੈ, ਉਥੇ ਨਾਲ ਹੀ ਆਵਾਸ-ਪਰਵਾਸ ਦੀ ਧਰਤੀ ਦਾ ਇਕ ਸੰਵਾਦ ਵੀ ਬਣਿਆ ਰਹਿੰਦ ਹੈ। ਇਹ ਕਵਿਤਾ ਅਨੇਕਾਂ ਸਮਾਜਿਕ ਸਰੋਕਾਰਾਂ ਨੂੰ ਪ੍ਰਵਚਨੀ ਲਹਿਜੇ ਵਿਚ ਸਮੇਟਦੀ ਹੋਈ ਲੋਕ ਪੱਖੀ ਚੇਤਨਾ ਦਾ ਪ੍ਰਗਟਾਵਾ ਕਰਦੀ ਹੈ। ਜੇਕਰ ਇਸ ਕਵਿਤਾ ਦਾ ਜ਼ਰਾ ਗਹੁ ਨਾਲ ਅਧਿਐਨ ਕੀਤਾ ਜਾਵੇ, ਇਸ ਕਵਿਤਾ ਵਿਚ ਪਰਵਾਸੀ ਪਰਿਵੇਸ਼ ਵਿਚ ਇਕ ਪੂਰੇ ਦਾ ਪੂਰਾ ਪੰਜਾਬ ਸੁਲਗਦਾ ਨਜ਼ਰ ਆਉਂਦਾ ਹੈ। ਪਰ ਇਹ ਸਾਰੀ ਦੀ ਸਾਰੀ ਕਵਿਤਾ ਰੁਦਨ ਅਤੇ ਹੇਰਵੇ ਤੋਂ ਮੁਕਤ ਹੈ। ਇਸ ਵਿਚ ਜੜ੍ਹਾਂ ਦੀ ਤਲਾਸ਼ ਅਤੇ ਪੁਰਖਿਆਂ ਦੀ ਵਿਰਾਸਤ ਦਾ ਮਸਲਾ ਅਗਰ ਭੂਮੀ ਵਿਚ ਬਣਿਆ ਰਹਿੰਦਾ ਹੈ। ਜੇਕਰ ਸਮੁੱਚੀ ਪਰਵਾਸੀ ਪੰਜਾਬੀ ਕਾਵਿਤਾ ਦੀ ਗੱਲ ਕੀਤੀ ਜਾਵੇ ਤਾਂ ਇਹ ਕਵਿਤਾ ਜਿੱਥੇ ਆਪਣੇ ਮੂਲ ਅਤੇ ਜੜ੍ਹਾਂ ਨਾਲ ਸੰਵਾਦ ਦੀ ਸਥਿਤੀ ਵਿਚ ਹੈ, ਉਸਦੇ ਨਾਲ ਹੀ ਵਿਲੀਨੀਕਰਨ ਦੀ ਸਹਿਜ ਪ੍ਰਕਿਰਿਆ ਨੂੰ ਵੀ ਆਪਣੀ ਕਾਵਿ-ਚੇਤਨਾ ਦਾ ਹਿੱਸਾ ਬਣਾ ਰਹੀ ਹੈ। ਇਹ ਕਵਿਤਾ ਜਿੱਥੇ ਪੂਰਵਲੀ ਕਾਵਿ-ਸਿਰਜਣਾ ਦੇ ਸੰਕੁਚਿਤ ਦਾਇਰਿਆਂ ਨੂੰ ਤੋੜ ਕੇ ਵਿਸ਼ਵੀ ਸਰੋਕਾਰਾਂ ਨਾਲ ਦਸਤਪੰਜਾ ਲੈ ਰਹੀ ਹੈ, ਉਸਦੇ ਨਾਲ ਹੀ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਵਾਪਰ ਰਹੇ ਮੂੰਹਜ਼ੋਰ ਵਰਤਾਰਿਆਂ ਨੂੰ ਵੀ ਫੋਕਸ ਵਿਚ ਲਿਆਉਣ ਦਾ ਯਤਨ ਕਰਦੀ ਹੈ। ਇਸ ਕਵਿਤਾ ਵਿਚ ਨਿਖੇਧ ਨੂੰ ਸਪਸ਼ਟ ਰੂਪ 'ਚ ਪਹਿਚਾਣਿਆ ਜਾ ਸਕਦਾ ਹੈ। ਇਹ ਸ਼ਾਇਰੀ ਜਿੱਥੇ ਗਹਿਰ ਗੰਭੀਰ ਮਾਨਵੀ ਸਰੋਕਾਰਾਂ ਅਤੇ ਗਲੋਬਲ ਮਸਲਿਆਂ ਨੂੰ ਖੰਘਾਲਦੀ ਹੈ, ਉਸਦੇ ਨਾਲ ਹੀ ਮਾਨਵੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਵਰਤਾਰਿਆਂ ਨੂੰ ਘੋਖਦੀ ਪੜ੍ਹਚੋਲਦੀ ਅਤੇ ਪਰਿਭਾਸ਼ਿਤ ਕਰਨ ਦਾ ਯਤਨ ਵੀ ਕਰਦੀ ਹੈ।




ਨਵੀਂ ਪੰਜਾਬੀ ਕਵਿਤਾ ਦਾ ਇਹ ਹਾਸਲ ਹੈ ਕਿ ਇਹ ਕਵਿਤਾ ਨਿੱਜ ਤੋਂ ਪਾਰ ਵੱਲ ਜਾਂਦੀ ਹੋਈ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿਚ ਨਿਕਲਦੀ ਹੈ। ਇਸ ਵਿਚ ਮਨੁੱਖੀ ਜੀਵਨ ਦੇ ਵਿਰਾਟ ਪਾਸਾਰਾਂ ਨੂੰ ਭਰਵੀਂ ਅਭਿਵਿਅਕਤੀ ਮਿਲੀ ਹੈ। ਇਸ ਪ੍ਰਸੰਗ ਵਿਚ ਜੇਕਰ ਅਮਰੀਕੀ ਪੰਜਾਬੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਇਹ ਕਵਿਤਾ ਉਥੋਂ ਦੀ ਰਾਜਨੀਤੀ ਦੀਆਂ ਵੱਖ ਵੱਖ ਤਹਿਆਂ ਨੂੰ ਫਰੋਲਦੀ ਹੋਈ ਗਹਿਰੀ ਕਾਵਿ-ਸੰਵੇਦਨਾ ਅਤੇ ਕਾਵਿ-ਚੇਤਨਾ ਦਾ ਪ੍ਰਗਟਾਵਾ ਕਰਦੀ ਹੈ। ਇਸ ਵਿਚ ਇਕ ਬਹੁਪਰਤੀ ਸੰਵਾਦ ਉਭਰਦਾ ਦਿਖਾਈ ਦਿੰਦਾ ਹੈ। ਇਹ ਕਵਿਤਾ ਜਿੱਥੇ ਅਮਰੀਕੀ ਸਟੇਟ ਦੀ ਰਾਜਨੀਤੀ ਅਤੇ ਇਸ ਦੇ ਦੂਜੇ ਮੁਲਕਾਂ ਨਾਲ ਸਬੰਧਾਂ ਦੀ ਵਿਆਕਰਣ ਨੂੰ ਰੂਪਾਂਤਰਿਤ ਕਰਨ ਦਾ ਯਤਨ ਕਰਦੀ ਹੈ, ਉਥੇ ਨਾਲ ਹੀ ਇਸਦੇ ਸਿਧਾਂਤ ਅਤੇ ਵਿਹਾਰ ਵਿਚਲੇ ਪਾੜੇ ਨੂੰ ਵੀ ਦਰਸਾਉਣ ਦਾ ਯਤਨ ਕਰਦੀ ਹੈ। ਸਾਡੇ ਬਹੁਤ ਸਾਰੇ ਕਵੀਆਂ ਨੇ ਉਸਦੇ ਸੁਪਰ ਪਾਵਰ ਦੇ ਬਿੰਬ ਨੂੰ ਆਧਾਰ ਬਣਾ ਕੇ ਉਸਦੀਆਂ ਕੂਟਨੀਤੀਆਂ ਅਤੇ ਸਾਜਿਸ਼ੀ ਪ੍ਰਪੰਚਾਂ ਦਾ ਵਿਸਫੋਟ ਕੀਤਾ ਹੈ। ਇਸ ਤੋਂ ਇਲਾਵਾ ਇਸ ਕਵਿਤਾ ਵਿਚ ਪਰਵਾਸੀ ਮਨੁੱਖ ਦੀ ਦੂਜੈਲੀ ਪਛਾਣ ਦਾ ਮਸਲਾ ਵੀ ਕੇਂਦਰ ਵਿਚ ਬਣਿਆ ਰਹਿੰਦਾ ਹੈ। ਜੇਕਰ ਸਮਕਾਲੀ ਪਰਵਾਸੀ ਪੰਜਾਬੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਇਹ ਕਵਿਤਾ ਆਪਣੇ ਪੂਰਵਲੇ ਥੀਮਕ-ਪੈਟਰਨ ਨੂੰ ਰੱਦ ਕਰਦੀ ਹੋਈ ਨਵੇਂ ਕਾਵਿ-ਸ਼ਾਸਤਰ ਦੀ ਤਲਾਸ਼ ਵਿਚ ਨਿਕਲਦੀ ਹੈ। ਹੁਣ ਇਹ ਸ਼ਾਇਰੀ ਭੂ-ਹੇਰਵੇ, ਪੀੜ੍ਹੀ ਪਾੜੇ, ਨਸਲਵਾਦ ਸੱਭਿਆਚਾਰਕ ਤਣਾਓ ਅਤੇ ਆਪਣੀ ਮੂਲ ਸੰਵੇਦਨਾ ਤੋਂ ਹੌਲੀ-ਹੌਲੀ ਮੁਕਤ ਹੋ ਰਹੀ ਹੈ। ਜੇਕਰ ਪਿਛਲੇ ਇਕ ਦਹਾਕੇ ਦੀ ਕਵਿਤਾ ਦਾ ਅਧਿਐਨ ਕੀਤਾ ਜਾਵੇ ਤਾਂ ਇਸ ਕਵਿਤਾ ਵਿਚ ਬਹੁ-ਸਭਿਆਚਾਰਕ ਸਾਂਝ ਅਤੇ ਵਿਸ਼ਵ ਰਾਜਨੀਤੀ ਦੀਆਂ ਕਈ ਅਹਿਮ ਪਰਤਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਉਦੋਂ ਇਹ ਕਵਿਤਾ ਮਾਨਵੀ ਪਰਿਪੇਖ ਤੋਂ ਵਧੇਰੇ ਬਲ ਦਿੰਦੀ ਹੋਈ ਨਵੀਆਂ ਸੰਭਾਵਨਾਵਾਂ ਦੇ ਸਨਮੁੱਖ ਹੁੰਦੀ ਹੈ। ਇਸ ਤਰ੍ਹਾਂ ਇਹ ਕਵਿਤਾ ਆਵਾਸ-ਪਰਵਾਸ ਦੇ ਸੰਕੀਰਨ ਦਾਇਰਿਆਂ ਤੋਂ ਉਪਰ ਉਠਦੀ ਹੋਈ ਨਵੇਂ ਅਰਥ ਗ੍ਰਹਿਣ ਕਰ ਲੈਂਦੀ ਹੈ। ਅਮਰੀਕਾ ਦੀ ਨਾਇਨ ਇਲੈਵਨ ਦੀ ਘਟਨਾ ਤੋਂ ਬਾਅਦ ਇੱਥੋਂ ਦੇ ਸਾਹਿਤਕ ਪਾਠਾਂ ਵਿਚ ਨਸਲਵਾਦ ਅਤੇ ਹਿੰਸਾ ਇਕ ਪ੍ਰਮੁੱਖ ਥੀਮ ਵਜੋਂ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਸੰਦਰਭ ਵਿਚ ਜੇਕਰ ਦਿਲ ਨਿੱਜਰ ਦੀ ਕਵਿਤਾ ਦੀ ਗੱਲ ਕੀਤੀ ਜਾਵੇ ਤਾਂ ਦਿਲ ਦੀ ਕਵਿਤਾ ਆਪਣੀ ਨਿਰੰਤਰਤਾ ਵਿਚ ਚਲਦੀ ਹੋਈ ਆਪਣੇ ਇਸ ਪੜਾਅ ਤੇ ਪਹੁੰਚ ਕੇ ਜਾਤਾਂ, ਪਾਤਾਂ, ਧਰਮਾਂ ਅਤੇ ਹੱਦਾਂ ਸਰਹੱਦਾਂ ਤੋਂ ਮੁਕਤ ਹੁੰਦੀ ਹੋਈ ਵਿਸ਼ਵ ਵਿਆਪੀ ਪਹੁੰਚ ਅਖਤਿਆਰ ਕਰ ਲੈਂਦੀ ਹੈ। ਇਹ ਕਵਿਤਾ ਦੇਸ਼ਾਂ ਵਿਦੇਸ਼ਾਂ ਦੀਆਂ ਹੱਦਾਂ ਬੰਦੀਆਂ ਨੂੰ ਤੋੜਦੀ ਹੋਈ ਵਿਸ਼ਵ ਭਾਈਚਾਰੇ ਦੀ ਜ਼ਾਮਨ ਬਣਦੀ ਹੈ। ਦਿਲ ਆਪਣੀ ਕਵਿਤਾ ਵਿਚ ਇਕ ਵਿਲੱਖਣ ਮੁਹੱਬਤੀ ਸੰਸਾਰ ਸਿਰਜਦਾ ਹੈ। ਉਹ ਇਸ ਮੁਹੱਬਤੀ ਸੰਸਾਰ ਦੀਆਂ ਧੁਪਾਂ ਛਾਪਾਂ ਵਿਚ ਸੜਦਾ ਹੋਇਆ ਆਪਣੀ ਰੂਹ ਤੇ ਜਿੱਤ ਪ੍ਰਾਪਤ ਕਰਦਾ ਹੈ। ਇਸ ਤੋਂ ਇਲਾਵਾ ਉਹ ਧਰਮ, ਜਾਤੀ ਅਤੇ ਰਾਜਨੀਤੀ ਦੀਆਂ ਉਹਨਾਂ ਪਰਤਾਂ ਨੂੰ ਹੱਥ ਪਾਉਣ ਦਾ ਯਤਨ ਵੀ ਕਰਦਾ ਹੈ, ਜਿਹਨਾਂ ਨੇ ਇਸ ਧਰਤੀ ਤੇ ਆਮ ਆਦਮੀ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਉਹ ਆਪਣੀ ਕਵਿਤਾ ਦੇ ਸਹਾਰੇ ਇਸ ਭਵਸਾਗਰ ਤੋਂ ਪਾਰ ਜਾਣਾ ਲੋਚਦਾ ਹੈ। ਇੱਥੇ ਆ ਕੇ ਉਸਦੀ ਕਵਿਤਾ ਬੜੀ ਸਾਰਥਕ ਪਹੁੰਚ ਅਖਤਿਆਰ ਕਰ ਲੈਂਦੀ ਹੈ।


ਅਸੀਂ ਜਿਵੇਂ ਜਿਵੇਂ ਉਸਦੀ ਕਵਿਤਾ ਪੜ੍ਹਦੇ ਜਾਂਦੇ ਹਾਂ, ਉਹ ਧਰਮ, ਜਾਤੀ ਅਤੇ ਰਾਜਨੀਤੀ ਦੇ ਆਡੰਬਰ ਅਤੇ ਮਾਇਆਜਾਲ ਨੂੰ ਰੱਦ ਕਰਦਾ ਜਾਂਦਾ ਹੈ। ਅੰਤ ਵਿਚ ਇਕ ਮੋੜ ਅਜਿਹਾ ਵੀ ਆਉਂਦਾ ਹੈ ਜਦੋਂ ਇਹ ਕਵਿਤਾ ਮਾਨਵੀ ਮੁਹੱਬਤ ਅਤੇ ਭਾਈਚਾਰਕ ਸਾਂਝ ਵਿਚ ਵਿਸ਼ਵਾਸ ਪੱਕਾ ਕਰਦੀ ਹੈ। ਉਦੋਂ ਇਹ ਕਵਿਤਾ ਆਪਣਾ ਵਿਸ਼ਾਲ ਪਾਸਾਰ ਗ੍ਰਹਿਣ ਕਰਦੀ ਹੋਈ ਗਹਿਰੀ ਊਰਜਾ ਅਤੇ ਗਤੀਸ਼ੀਲਤਾ ਦਾ ਪ੍ਰਗਟਾਵਾ ਕਰਦੀ ਹੈ। ਉਸਦਾ ਹੱਥਲਾ ਕਾਵਿ ਸੰਗ੍ਰਹਿ 'ਦਿਲ ਦਰਿਆ ਦੇ ਵਹਿਣ' ਜਿੱਥੇ ਆਪਣੇ ਕਾਵਿ-ਪੈਰਾਡਾਈਮ ਵਿਚ ਯੁੱਗ ਚੇਤਨਾ ਨੂੰ ਸਮੇਟਦਾ ਨਜ਼ਰ ਆਉਂਦਾ ਹੈ, ਉਥੇ ਵਿਸ਼ਵ-ਰਾਜਨੀਤੀ ਦੀਆਂ ਵੱਖ-ਵੱਖ ਪਰਤਾਂ ਨੂੰ ਵੀ ਹੱਥ ਪਾਉਣ ਦਾ ਯਤਨ ਕਰਦਾ ਹੈ। ਇਸ ਵਿਚ ਘਰ, ਪਰਿਵਾਰ, ਸਮਾਜ ਅਤੇ ਪੂਰੀ ਦੁਨੀਆ ਨੂੰ ਕਲਾਵੇ ਵਿਚ ਲੈਣ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਹੈ। ਇਸ ਕਾਵਿ-ਪੁਸਤਕ ਵਿਚ ਝਲਕਾਰੇ ਮਾਰਦੀਆਂ ਅਥਾਹ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਅੰਤਰ ਦ੍ਰਿਸ਼ਟੀਆਂ ਇਸ ਪੁਸਤਕ ਨੂੰ ਇਕ ਵਿਸ਼ਾਲ ਕੈਨਵਸ ਪ੍ਰਦਾਨ ਕਰਦੀਆਂ ਹਨ। ਦਿਲ ਦੀ ਸ਼ਾਇਰੀ ਮਾਨਵੀ ਚੇਤਨਾ ਦੇ ਆਰ-ਪਾਰ ਫੈਲਦੀ ਹੋਈ ਵਾਰ ਵਾਰ ਆਪਣੇ ਇਤਿਹਾਸ, ਵਿਰਾਸਤ ਅਤੇ ਜੜ੍ਹਾਂ ਪ੍ਰਤੀ ਅਹਿਦਨਾਮਾ ਜ਼ਾਹਿਰ ਕਰਦੀ ਹੈ।

ਦਿਲ ਦੀ ਸ਼ਾਇਰੀ ਇਹਨਾਂ ਹਨੇਰੇ ਸਮਿਆਂ ਵਿਚ ਆਪਣੇ ਇਤਿਹਾਸ ਅਤੇ ਵਿਰਾਸਤ ਤੋਂ ਰੌਸ਼ਨੀ ਪ੍ਰਾਪਤ ਕਰਦੀ ਹੋਈ ਮਾਨਵੀ ਜੀਵਨ ਦੇ ਸੰਘਰਸ਼ ਅਤੇ ਨਿਰੰਤਰਤਤ ਵਿਚ ਵਿਸ਼ਵਾਸ ਪੱਕਾ ਕਰਦੀ ਹੈ। ਕਵਿਤਾ ਦੇ ਖੇਤਰ ਵਿਚ ਇਸ ਨਵੀਂ ਰੁੱਤ ਦਾ ਆਗਾਜ਼ ਕਰਨ ਵਾਲੀ ਸ਼ਾਇਰੀ ਦਾ ਸਵਾਗਤ ਹੈ।

# ਦਿਲ ਦਰਿਆ ਦੇ ਵਹਿਣ, ਚਲਦੇ-ਚਲਦੇ ਬੜਾ ਕੁਝ ਕਹਿਣ

**ਵੇਖਣਾ**, ਪਰਖਣਾ, ਸਮਝਣਾ, ਸਿੱਖਣਾ ਤੇ ਕਰਨਾ ਵਰਗੇ ਕਈ ਤਰ੍ਹਾਂ ਦੇ ਪੜਾਵਾਂ ਵਿਚੋਂ ਲੰਘ ਕੇ ਇਨਸਾਨ ਯੋਗ ਤੇ ਕਾਬਲ ਬਣਦਾ ਹੈ। ਸਿੱਖਿਆ ਤੇ ਜਾਣਕਾਰੀ ਘੱਟ ਬਲਕਿ ਕਿਰਦਾਰ ਇਨਸਾਨ ਦੇ ਅੰਦਰਲੇ ਗੁਣਾਂ ਨੂੰ ਜ਼ਿਆਦਾ ਉਜਾਗਰ ਕਰਦਾ ਹੈ ਤੇ ਉਸਦੇ ਜੀਵਨ ਪੱਧਰ ਤੇ ਸ਼ੈਲੀ ਨੂੰ ਉਪਰ ਚੁੱਕਣ ਵਿਚ ਦੁੱਗਣੀ ਮਦਦ ਕਰਦਾ ਹੈ ਤੇ ਫਿਰ ਇਸ ਯੋਗਤਾ ਨਾਲ ਜ਼ਿੰਦਗੀ ਦੇ ਨੇਮ ਸਮਝੇ ਜਾਂਦੇ ਹਨ। 'ਦਿਲ ਦਰਿਆ ਦੇ ਵਹਿਣ' ਕਿਤਾਬ ਦਾ ਲੇਖਕ ਦਿਲ ਨਿੱਜਰ ਵੀ ਇਕ ਐਸਾ ਹੀ ਸਾਫ-ਸੁਥਰਾ ਕਿਰਦਾਰ ਹੈ। ਮੈਂ ਉਹਨਾਂ ਦੀਆਂ ਪਹਿਲੀਆਂ ਦੋ ਕਿਤਾਬਾਂ ਵੀ ਪੜ੍ਹੀਆਂ ਤੇ ਇਹ ਤੀਜੀ ਹੈ। ਮੈਂ ਉਹਨਾਂ ਨੂੰ ਉਹਨਾਂ ਦੇ ਨਾਲ ਵਿਚਰ ਕੇ ਜਾਣਿਆ ਤੇ ਸਮਝਿਆ ਹੈ, ਉਹ ਆਪਣੇ ਆਲੇ-ਦੁਆਲੇ ਪ੍ਰਤੀ ਜਾਗਰੂਕ ਰਹਿ ਕੇ, ਜ਼ਿੰਦਗੀ ਤੇ ਕੁਦਰਤ ਵਿਚਲੇ ਸਬੰਧਾਂ ਤੇ ਵਰਤਾਰੇ ਨੂੰ ਸਮਝ-ਪਰਖ ਕੇ ਸ਼ਾਇਰੀ ਸਿੱਖਦਾ ਹੈ ਤੇ ਫਿਰ ਲਿਖਦਾ ਹੈ। ਅੰਤ ਉਸਨੂੰ ਪਰਖਦਾ ਵੀ ਹੈ। ਲਿਖਣ ਲੱਗਿਆਂ ਲੁਕੇ ਹੋਏ ਰਾਜ਼ ਉਜਾਗਰ ਹੋਣ ਤੇ ਉਹਨਾਂ ਦੀ ਅੰਦਰਲੀ ਗਤੀ ਪ੍ਰਤੱਖ ਹੋਵੇ ਤਾਂ ਲੇਖਕ ਨੂੰ ਵੀ ਨਵੀਂ ਸੂਝ ਮਿਲਦੀ ਹੈ। ਮਨ ਦੀਆਂ ਤਪਦੀਆਂ ਛਾਂਵਾਂ, ਸੁਚੇਤ ਤੇ ਅਚੇਤ ਦੀ ਟੱਕਰ, ਪਿਆਰ-ਤੜਪਾਂ ਦੁਨੀਆ ਦੇ ਬਦਲਦੇ ਤੌਰ-ਤਰੀਕੇ, ਇਨਸਾਨ ਦਾ ਨਿਰਮੋਹਾਪਣ ਉਸਦੀਆਂ ਕਵਿਤਾਵਾਂ ਦੇ ਜ਼ਰੀਏ ਬਹੁਤ ਹੀ ਵਧੀਆ ਬਿਆਨਿਆ ਗਿਆ ਹੈ। ਸਮੇਂ ਦੇ ਪਰਿਵਰਤਨ ਨਾਲ ਹਰ ਵਸਤੂ ਪਰਿਵਰਤਨਸ਼ੀਲ ਰਹਿੰਦੀ ਹੈ। ਇਹ ਸ੍ਰਿਸ਼ਟੀ ਅਤੇ ਪ੍ਰਾਕਿਰਤੀ ਦਾ ਅਟੱਲ ਨਿਯਮ ਹੈ। ਦਿਲ ਨਿੱਜਰ ਦੀਆਂ ਰਚਨਾਵਾਂ ਬੜੀਆਂ ਅਲੱਗ ਤੇ ਨਿਰੋਲ ਹਨ, ਉਹਨਾਂ ਨੂੰ ਪੜ੍ਹ ਕੇ ਇਹ ਵੀ ਲੱਗਦਾ ਹੈ ਕਿ ਉਹਨਾਂ ਕੋਲ ਇੱਛਾਵਾਂ ਤੇ ਸ਼ਿਕਾਇਤਾਂ ਘੱਟ ਪਰ ਉਦੇਸ਼ ਵਧੇਰੇ ਨੇ ਜੋ ਉਸ ਕੋਲੋਂ ਹੋਰ ਵੀ ਵਧੀਆ ਲਿਖਵਾਉਂਦੇ ਹਨ। ਫਟਿਆਂ ਕੱਪੜਿਆਂ ਤੇ ਉਹ ਨਵੇਂ ਬਟਨ ਨਹੀਂ ਲਾਉਂਦਾ, ਸਭਿਆਚਾਰ ਨਿਰੰਤਰ ਦੁਹਰਾਓ ਨਾਲ ਹੀ ਜਿਉਂਦਾ ਹੈ, ਸਾਹਿਤ ਨਾਲ ਅਸੀਂ ਉੱਚੇ ਵੀ ਉੱਠਦੇ ਹਾਂ ਤੇ ਡੂੰਘੇ ਵੀ ਉੱਤਰਦੇ ਹਾਂ। ਭਾਵੇਂ ਇਹ ਵੀ ਠੀਕ ਹੈ ਕਿ ਮਨੁੱਖ ਦੀ ਕੋਈ ਵੀ ਕਿਰਤ ਨਿਰੋਲ-ਨਵੀਂ ਨਹੀਂ ਹੁੰਦੀ, ਉਸਦੀਆਂ ਤੰਦਾਂ ਅਤੇ ਜੜ੍ਹਾਂ ਨਿਸ਼ਚੇ ਹੀ ਅਤੀਤ ਵਿਚ ਫੈਲੀਆਂ ਹੁੰਦੀਆਂ ਹਨ। ਦਿਲ ਨਿੱਜਰ ਦੀਆਂ ਕਵਿਤਾਵਾਂ ਤਰੋ-ਤਾਜ਼ਾ ਤੇ ਆਮ ਨਾਲੋਂ ਹਟਕੇ ਹਨ, ਜੋ ਉਸਦੇ ਵੀ ਅਤੀਤ ਨਾਲ ਜੁੜੇ ਹੋਣ ਦੀ ਸਚਾਈ ਨੂੰ ਸਾਬਤ ਕਰਦੀਆਂ ਹਨ। ਉਸਦੀ ਭਾਸ਼ਾ ਸਾਫ-ਸੁਥਰੀ, ਸੌਖੀ ਤੇ ਅਰਥਪੂਰਨ ਹੈ, ਕੋਈ ਵੀ ਬੇਲੋੜਾ ਸ਼ਬਦ ਵਰਤਣੋਂ ਗੁਰੇਜ਼ ਕੀਤਾ ਗਿਆ ਹੈ। ਨਿਵੇਕਲੀ ਤੇ ਸਾਰਥਕ ਸ਼ਾਇਰੀ ਕਰਨਾ ਹੀ ਦਿਲ ਨਿੱਜਰ ਦਾ ਇਕ ਉਦੇਸ਼ ਹੈ।

'ਦਿਲ ਦਰਿਆ ਦੇ ਵਹਿਣ' ਕਿਤਾਬ 'ਚ ਲਿਖੇ ਗੀਤ, ਗਜ਼ਲ, ਕਵਿਤਾਵਾਂ, ਨਜ਼ਮਾਂ ਦਾ ਵਿਸ਼ਾ ਆਪਣੀ ਗਹਿਰ ਗੰਭੀਰ ਅਤੇ ਯਥਾਰਥ ਸੁੱਚਤਾ ਨੂੰ ਕਾਇਮ ਰੱਖਦਾ ਹੋਇਆ ਚੇਤਨਾ ਦੇ ਧਰਾਤਲ ਉਤੇ ਹੰਝੂਆਂ ਦੇ ਅਤਿ-ਨਿਰਮਲ ਦਰਿਆ ਵਾਂਗ ਵਗਦਾ ਹੋਇਆ ਇਕ ਦਾਰਸ਼ਨਿਕ ਤਰਜ਼ ਪੈਦਾ ਕਰਦਾ ਹੈ। ਪੰਜਾਬੀ ਭਾਸ਼ਾ ਵਾਸਤੇ ਇਹ ਗੌਰਵ ਦੀ ਗੱਲ ਹੈ ਕਿ ਉਸਦੀ ਝੋਲੀ ਵਿਚ ਦਿਲ ਨਿੱਜਰ ਜਿਹੇ ਅਰਥ-ਭਰਪੂਰ ਸ਼ਾਇਰੀ ਲਿਖਣ ਵਾਲੇ ਲੇਖਕ ਹਨ। ਇਸ ਤੀਜੀ ਕਿਤਾਬ ਵਿਚ ਜਿਹਨਾਂ-ਜਿਹਨਾਂ ਵਿਸ਼ਿਆਂ ਨੂੰ ਛੋਹਿਆ ਗਿਆ ਹੈ, ਉਹਨਾਂ ਵਿਚੋਂ ਮੁਹੱਬਤ ਤੇ ਉਸ ਵਿਚੋਂ ਉਪਜੇ ਜਜ਼ਬਾਤ ਜਿਵੇਂ ਪਿਆਰੇ ਦੀ ਯਾਦ, ਬਿਰਹਾ ਉਤੇ ਆਧਾਰਿਤ ਰਚਨਾਵਾਂ ਆਈਨਾ, ਹਿਜਰ ਦੀ ਪੂਣੀ, ਯਾਦ, ਈਦ ਦਾ ਚੰਨ, ਦਰਿਆ, ਹੰਝੂ, ਪੀੜ ਪਰਾਈ, ਖੁਸ਼ੀ ਗਮੀ, ਤੇਰਾ ਦੀਦਾਰ, ਕਾਲੀ ਰਾਤ, ਜੁਦਾਈ, ਮਿਹਰਬਾਨ, ਦਿਲਦਾਰ, ਇਸ਼ਕ-ਮਿਜਾਜ਼ੀ, ਮਹਿਰਮ ਤੇ ਉਡੀਕ ਬਹੁਤ ਖੂਬ ਨੇ। ਪਰਿਵਾਰਕ, ਸਮਾਜਿਕ ਰਿਸ਼ਤੇ, ਆਪਸੀ ਸਾਂਝ ਤੇ ਏਕਤਾ, ਰਿਸ਼ਤਿਆਂ ਦੀ ਟੁੱਟ-ਭੱਜ ਤੇ ਦੁਨੀਆਦਾਰੀ ਦੇ ਵਿਸ਼ੇ ਉਪਰ ਲਿਖੀਆਂ ਗਜ਼ਲਾਂ ਤੇ ਕਵਿਤਾਵਾਂ ਵਿਚ, ਫਰਜ਼, ਜ਼ਮਾਨੇ ਦੀ ਹਵਾ, ਚਿਰਾਗ, ਯੁੱਗ ਵੇਦਨਾ, ਦੁਨੀਆਦਾਰੀ, ਨਵਾਂ ਜ਼ਮਾਨਾ, ਵਿਸ਼ਵੀਕਰਨ, ਰੰਗਰੇਜ, ਸੱਭਿਅਤਾ, ਦਰ-ਦਰਵਾਜੇ ਬਹੁਤ ਹੀ ਭਾਵਪੂਰਨ ਨੇ। ਧਰਮ, ਰਾਜਨੀਤੀ ਤੇ ਇਹਨਾਂ 'ਚੋਂ ਉਪਜੇ ਦਰਦ, ਸੰਤਾਪ, ਮਨੁੱਖ ਦਾ ਆਪ ਹੁਦਰਾ ਤੇ ਮਤਲਬ ਭਰਿਆ ਵਿਵਹਾਰ ਸਬੰਧੀ ਲਿਖੀਆਂ ਕਵਿਤਾਵਾਂ ਤੇ ਨਜ਼ਮਾਂ, ਸੁੰਨੀਆਂ ਗਲੀਆਂ, ਉਨਤੀ, ਸਿਆਸਤ, ਕਤਲ, ਧਰਮ-ਕਰਮ, ਤਿਰੰਗਾ, ਪਦਾਰਥਵਾਦੀ ਯੁੱਗ, ਧਰਮ ਦੁਆਰਾ, ਫਿਜ਼ਾ, ਸ਼ਹਿਰ, ਖੰਡਰ, ਰਾਜਨੇਤਾ, ਫਰਿਆਦ ਤੇ ਕਰਮ ਕਾਂਡ ਨੇ ਕਵੀ ਦੀ ਬਹੁਤ ਹੀ ਡੂੰਘੀ ਸੋਚ ਦਾ ਨਮੂਨਾ ਪੇਸ਼ ਕੀਤਾ ਹੈ। ਜ਼ਿੰਦਗੀ ਦੇ ਔਖੇ ਤੇ ਟੇਢੇ-ਮੇਢੇ ਰਸਤਿਆਂ ਤੇ ਚਲਦਿਆਂ ਸੱਚ ਦਾ ਪੱਲਾ ਫੜਨ ਦੀ ਗੱਲ; ਹੱਕ-ਸੱਚ, ਸਨਮਾਨ, ਸੱਚ ਤੇ ਅੰਗਾਰ ਗਜ਼ਲਾਂ 'ਚ ਬਹੁਤ ਹੀ ਬਾਖੂਬੀ ਤੇ ਬਾਕਮਾਲ ਕੀਤੀ ਗਈ ਹੈ। ਹਰ ਤਰ੍ਹਾਂ ਦੇ ਹਾਲਾਤਾਂ ਵਿਚ ਹੌਸਲਾ ਤੇ ਦ੍ਰਿੜ੍ਹ ਇਰਾਦਾ ਰੱਖ ਕੇ ਸੰਘਰਸ਼ ਕਰਦੇ ਰਹਿਣਾ, ਜੁਗਨੂੰ, ਕਿਸਮਤ, ਮੰਝਧਾਰ, ਜ਼ਿੰਦਗੀ-ਮੌਤ, ਖੰਜਰ, ਕਾਫਲਾ, ਮੋਹ ਦਾ ਦੀਵਾ, ਗੁਲਾਬ, ਪੁਰਸਲਾਤ, ਪਤਝੜ, ਸੰਗੀ-ਸਾਥੀ ਤੇ ਗੈਰਤ ਕਵਿਤਾਵਾਂ ਵਿਚ ਕਵੀ ਦੀ ਦਲੇਰੀ ਤੇ ਨਿਡਰਤਾ ਨੂੰ ਦਰਸਾਉਂਦੀਆਂ ਹਨ।




ਸ਼ਹੀਦਾਂ ਦਾ ਸੁਨੇਹ, ਸ਼ਹੀਦਾਂ ਦੇ ਨਾਂ ਅਤੇ ਅੰਧਕਾਰ ਦਾ ਰੇਖਾ ਚਿੱਤਰ ਬਹੁਤ ਹੀ ਪ੍ਰਸੰਸਾਯੋਗ ਨੇ ਤੇ ਸਭ ਤੋਂ ਉੱਤਮ 'ਮਸੀਹਾ' ਕਵਿਤਾ 'ਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਿਜਦਾ ਬਹੁਤ ਸ਼ਲਾਘਾਯੋਗ ਹਨ।

ਚੰਗੀ-ਮਾੜੀ, ਕੱਚੀ-ਪੱਕੀ, ਨਿਪੁੰਨ-ਅਧੂਰੀ, ਤਕਨੀਕੀ ਜਾਂ ਗੈਰ ਤਕਨੀਕੀ ਸ਼ਾਇਰੀ ਦੇ ਪੈਮਾਨੇ 'ਤੇ ਮਾਅਨੇ ਵੀ ਲੋਕਾਂ ਲਈ ਵੱਖ-ਵੱਖ ਨੇ। ਤੁਕਬੰਦੀਆਂ, ਪਿੰਗਲ ਤੇ ਅਰੂਜ ਵੀ ਸਮੇਂ ਦੇ ਨਾਲ ਲੇਖਕ/ਕਵੀ ਸਿੱਖਦਾ ਹੈ ਪਰ ਅਸਲ ਗੱਲ ਤਜਰਬੇ ਤੇ ਸੋਚ ਦੀ ਹੈ ਜਾਂ ਜਿਵੇਂ ਪਹਿਲਾਂ ਮੈਂ ਲਿਖਿਆ ਸਾਡੇ ਕਿਰਦਾਰ ਦੀ ਹੈ। ਸਾਡਾ ਵਤੀਰਾ ਅਤੇ ਹੋਰਾਂ ਨਾਲ ਵਿਚਰਨ ਸਾਨੂੰ ਬਹੁਤ ਕੁਝ ਦਿਖਾਉਂਦਾ ਤੇ ਸਿਖਾਉਂਦਾ ਹੈ ਤੇ ਇਸ ਮੇਲ-ਮਿਲਵਰਤਨ ਵਿਚੋਂ ਕਵਿਤਾਵਾਂ ਤੇ ਗਜ਼ਲਾਂ ਪੈਦਾ ਕਰਨਾ ਬਾਝ ਲੋਕਾਂ ਨੂੰ ਖੂਬ ਆਉਂਦਾ ਹੈ।

ਦਿਲ ਨਿੱਜਰ ਉਹਨਾਂ ਹੀ ਕ੍ਰੀਏਟਿਵ ਸ਼ਖਸੀਅਤਾਂ ਵਿਚੋਂ ਇਕ ਹੈ ਜੋ ਇਸ ਹੁਨਰ ਨੂੰ ਬਾਖੂਬੀ ਜਾਣਦੇ ਨੇ ਤੇ ਉਹਨਾਂ ਦੀ ਬੇਪਰਵਾਹੀ ਵਾਲੀ ਇਹ ਆਦਤ ਕਿ 'ਜ਼ਿੰਦਗੀ ਜੇ ਤੂੰ ਸਿਤਮ ਨਹੀਂ ਗਿਣਦੀ ਤਾਂ ਮੈਂ ਵੀ ਜ਼ਖਮ ਨਹੀਂ ਗਿਣਦਾ' ਉਹਨਾਂ ਨੂੰ ਹੋਰ ਵੀ ਜ਼ਿਆਦਾ ਪ੍ਰਪੱਕ ਤੇ ਪ੍ਰਭਾਵਸ਼ਾਲੀ ਕਵੀ ਬਣਾਉਂਦੀ ਹੈ। ਇਸ ਸੁਭਾਅ ਵਿਚੋਂ ਫਿਰ ਉਹ ਕਵਿਤਾ ਨਿਕਲਦੀ ਹੈ ਜੋ ਦੂਸਰੇ ਦੇ ਹਿਰਦੇ ਤੱਕ ਨੂੰ ਛੂਹਦੀ ਹੈ। ਇਸ ਕਿਤਾਬ ਵਿਚ ਵੀ ਦਿਲ ਨਿੱਜਰ ਨੇ ਭਿੰਨ-ਭਿੰਨ ਡੂੰਘੇ ਤੇ ਸੰਵੇਦਨਸ਼ੀਲ ਵਿਸ਼ਿਆਂ ਨੂੰ ਛੋਹਿਆ ਹੈ ਤੇ ਉਹ ਇਕ ਬਹੁਤ ਹੀ ਗੰਭੀਰ ਤੇ ਸਪਸ਼ਟ ਸ਼ਾਇਰ ਜਾਪਦਾ ਹੈ। ਇਸ ਕਿਤਾਬ ਤੋਂ ਮਿਲੇ ਹੁੰਗਾਰੇ ਨੇ ਉਹਨਾਂ ਨੂੰ ਹੋਰ ਜ਼ਿਆਦਾ ਤੇ ਵਧੀਆ ਲਿਖਣ ਲਈ ਪ੍ਰੇਰਿਤ ਕੀਤਾ ਹੈ। ਕਿਸੇ ਲੇਖਕ ਦਾ ਕਹਿਣਾ ਹੈ ਕਿ ਜੱਦੋ-ਜਹਿਦ ਦੌਰਾਨ ਸਾਡੀ ਆਪਣੀ ਹੀ ਸ਼ਖਸੀਅਤ ਦੇ ਅਨੇਕਾਂ ਛੁਪੇ ਪੱਖਾਂ ਨਾਲ ਜਾਣ-ਪਛਾਣ ਹੋ ਜਾਂਦੀ ਹੈ। ਦਿਲ ਨਿੱਜਰ ਵੀ ਲਗਾਤਾਰ ਕੋਸ਼ਿਸ਼ਾਂ ਕਰਨ ਨਾਲ ਹੋਰ ਜ਼ਿਆਦਾ ਵਧੀਆ ਲਿਖ ਰਹੇ ਨੇ। ਮੈਨੂੰ ਯਕੀਨ ਹੈ ਕਿ ਉਹ ਅਗਲੀ ਕਿਤਾਬ ਦੀ ਤਿਆਰੀ ਬਾਰੇ ਵੀ ਸੋਚ ਰਹੇ ਹੋਣਗੇ ਤੇ ਛੋਟੀਆਂ-ਮੋਟੀਆਂ ਕਮੀਆਂ ਨੂੰ ਸੁਧਾਰ ਕੇ ਹੋਰ ਵੀ ਖੂਬਸੂਰਤ ਸ਼ਾਇਰੀ ਆਪਣੇ ਪਾਠਕਾਂ ਦੀ ਝੋਲੀ ਪਾਉਣਗੇ। ਮੇਰੇ ਵੱਲੋਂ ਉਹਨਾਂ ਨੂੰ ਹਮੇਸ਼ਾ ਸ਼ੁਭ ਇੱਛਾਵਾਂ ਨੇ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਪ੍ਰਧਾਨ ਹੋ ਕੇ ਜਿਵੇਂ ਉਹਨਾਂ ਨੇ ਪੰਜਾਬੀ ਮਾਂ-ਬੋਲੀ ਤੇ ਪੰਜਾਬੀਅਤ ਦਾ ਮਾਣ ਵਧਾਇਆ ਹੈ, ਉਸੇ ਤਰ੍ਹਾਂ ਇਕ ਸ਼ਾਇਰ ਹੋਣ ਦੇ ਨਾਤੇ ਵੀ ਉਹ ਆਪਣਾ ਇਹ ਉਪਰਾਲਾ ਤੇ ਉਦਮ ਜਾਰੀ ਰੱਖਣਗੇ। ਜਿਹਨਾਂ ਨੇ ਕਿਤਾਬ ਅਜੇ ਨਹੀਂ ਪੜ੍ਹੀ, ਉਹਨਾਂ ਲਈ ਉਹਨਾਂ ਦੀ ਸ਼ਾਇਰੀ ਦੇ ਕੁਝ ਨਮੂਨੇ ਪੇਸ਼ ਹਨ। ਪੜ੍ਹ ਕੇ ਵਿਚਾਰਿਓ ਜ਼ਰਾ ਕਿ ਕੀ ਕਹਿੰਦੀ ਹੈ ਸ਼ਾਇਰ ਦੀ ਸੋਚ:

ਬਿਨਾਂ ਗਰਜ਼ ਦੇ ਬੋਲ-ਚਾਲ ਹੁਣ ਕੌਣ ਕਿਸੇ ਨਾਲ ਰੱਖਦਾ
ਮਤਲਬ ਖੋਰ ਲੋਕਾਂ ਦੇ ਨਾਲ,
ਦਿਲ ਦੀ ਕੀ ਗੱਲਬਾਤ ਕਰਾਂ।



ਜੀਵਨ ਰੱਤੂ

ਹੋਰਾਂ ਪਿੱਛੇ ਲੱਗਕੇ ਬੇਸ਼ੱਕ ਮੈਂ
ਖੁੰਝਿਆ ਮੰਜ਼ਿਲ ਤੋਂ
ਪਰ ਫਿਰ ਵੀ ਕਈਆਂ ਨੂੰ
ਮੰਜ਼ਿਲ ਤੱਕ ਪਹੁੰਚਾਇਆ
ਮੈਂ।

ਜਿਉਂਦੇ-ਜੀਅ ਕਈ ਏਥੇ
ਕਠਪੁਤਲੀਆਂ ਨੇ ਹੋਏ
ਕਾਦਰ ਦੇ ਰੰਗਾਂ ਨੂੰ ਵੀ ਉਹ
ਆਖਦੇ ਬੇਰੰਗੇ।

ਬੇਈਮਾਨੀ, ਮੱਕਾਰੀ ਅੰਦਰ ਕਿੱਦਾਂ ਹੱਕ ਇਨਸਾਫ ਮਿਲੂ
ਮੁਨਸਿਫ ਜਿੱਥੇ ਕਾਤਿਲ ਉਥੇ ਸੱਚ ਸੁਣਾਉਣੇ ਔਖੇ ਨੇ।

ਆਪਣਾ ਹੀ ਕੋਈ ਮਾਰ ਗਿਆ ਏ, ਸੀਨੇ ਖੰਜਰ ਉਤਾਰ
ਗਿਆ ਏ
ਦਰਦ ਕਿਸੇ ਨੇ ਕੀ ਵੰਡਾਉਣਾ, ਆਪਣਾ ਬੋਝ ਉਤਾਰ
ਗਿਆ ਏ।

ਕਾਇਮ ਰੱਖਿਓ ਸਭ ਰਵਾਇਤਾਂ ਜੇ ਹੋ ਸਿੱਖ ਗੁਰੂ ਦੇ
ਸ਼ੋਹਰਤ ਖਾਤਰ ਜਣੇ-ਖਣੇ ਦੇ ਪੱਗ ਨਾ ਪੈਰੀਂ ਧਰਿਓ।

ਕਈ ਵਾਰੀ ਲੋਚਦਾ 'ਦਿਲ' ਮੁੜਕੇ ਹੈ ਪਿੰਡ ਆਉਣਾ
ਖੰਡਰਾਂ 'ਚੋਂ ਲੱਭੂ ਕਿੱਦਾਂ ਸਿਰਨਾਵਾਂ ਜੋ ਘਰਾਂ ਦਾ।

ਨਾਲ ਵਕਤ ਦੇ ਉੱਡ ਗਏ ਤੇ ਜਾਂ ਮਰਕੇ ਰਹਿ ਗਏ
ਰੱਖਦਾ ਸੀ ਜੁਗਨੂੰ ਅਤੇ ਤਿਤਲੀਆਂ ਫੜ-ਫੜ ਕੇ।

ਸਾਗਰ ਦੇ ਸੀਨੇ ਤੇ ਕੀ ਉਹ ਠੱਲਣਗੇ ਬੇੜੀਆਂ
ਜੋ ਮੁੜ ਗਏ ਕਿਨਾਰਿਓਂ ਤੂਫਾਨਾਂ ਤੋਂ ਡਰ ਕੇ।

ਘੜੀ ਪਲ ਦੇ ਇਸ ਨ੍ਹੇਰੇ ਤੋਂ ਐਵੇਂ ਨਾ ਘਬਰਾ ਜਾਇਓ
ਡੁੱਬਿਆ ਨਈ ਬਸ ਛੁਪਿਆ ਹੈ ਚੜ੍ਹੇਗਾ ਸੂਰਜ ਗਲੀ।

ਕਰ ਟਕੋਰਾਂ ਲਾਈਆਂ ਮਲ੍ਹਮਾਂ, ਪਰ ਨਾ ਮਿਲੀਆਂ ਸਬਰਾਂ
ਯਾਦ ਤੇਰੀ ਦੇ ਜ਼ਖਮ ਜੋ ਸੱਜਣਾ ਦੀਦ ਬਿਨਾ ਨਾਂ ਭਰਦੇ।

ਸੇਲ ਉਤੇ ਲੱਗੀ ਕਿਸੇ ਅਣਚਾਹੀ ਚੀਜ਼ ਵਾਂਗ
ਆਪਣਿਆਂ 'ਚੋਂ ਆਪਣਾ ਹੀ ਮੁੱਲ ਘਟਦਾ ਜਾ ਰਿਹਾ।

ਖੁੱਲ੍ਹੇ ਦਰ ਤੋਂ ਖਾਲੀ ਹੱਥੀਂ ਮੁੜਿਆ ਹਾਂ
ਕਿਹੜੀ ਆਸੇ ਦਸਤਕ ਦੇਵਾਂ ਢੋਏ 'ਤੇ।

# "ਸ਼ਰਾਬ ਪੀਣਾ ਫਜ਼ੂਲ ਹੈ"

ਸਾਹਿਤਕਾਰ ਅਮਨਪ੍ਰੀਤ ਸਿੰਘ
ਵਟਸ ਅਪ: 09465554088



ਸ਼ਰਾਬ ਪੀਣ ਦਾ ਲੋਕਾਂ ਵਿੱਚ ਅੱਜਕੱਲ੍ਹ ਰਿਵਾਜ ਹੀ ਬਣ ਗਿਆ ਹੈ। ਚਾਹੇ ਕੋਈ ਕਿਹੜੇ ਵੀ ਧਰਮ ਦਾ ਕਿਉਂ ਨਾਂ ਹੋਵੇ, ਹਰ ਧਰਮ ਵਿੱਚ ਅੱਝਕੱਲ੍ਹ ਅਜਿਹੇ ਲੋਕਾਂ ਦੀ ਕਮੀ ਨਹੀਂ, ਜੋ ਸ਼ਰਾਬ ਨਾਂ ਪੀਂਦੇ ਹੋਣ। ਮੈਂ ਬਹੁਤ ਸਾਰੇ ਸ਼ਰਾਬ ਪੀਣ ਵਾਲਿਆਂ ਨਾਲ ਗੱਲਾਂ ਕੀਤੀਆਂ ਕਿ ਉਹ ਸ਼ਰਾਬ ਕਿਉਂ ਪੀਂਦੇ ਹਨ। ਮੈਂ ਉਹਨਾਂ ਤੋਂ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਦਾ ਰਹਿੰਦਾ ਹਾਂ। ਕੀ ਸ਼ਰਾਬ ਤੁਹਾਨੂੰ ਸਵਾਦ ਲਗਦੀ ਹੈ? ਕੀ ਇਸ ਨਾਲ ਤੁਹਾਡੀ ਚਿੰਤਾ ਦੂਰ ਹੋ ਜਾਂਦੀ ਹੈ? ਕੀ ਇਸ ਨਾਲ ਤੁਹਾਡੀ ਸਮੱਸਿਆ ਦਾ ਹੱਲ ਹੋ ਜਾਂਦਾ ਹੈ? ਸ਼ਰਾਬ ਪੀਣ ਨਾਲ ਤੁਹਾਨੂੰ ਕਿੰਝ ਮਹਿਸੂਸ ਹੁੰਦਾ ਹੈ? ਹੁਣ ਉਹਨਾਂ ਦੇ ਜਵਾਬ ਸੁਣੋ। ਉਯਾਰ ਸ਼ਰਾਬ ਪੀਣ ਵਿੱਚ ਜਵਾਂ ਵੀ ਸੁਆਦ ਨਹੀਂ ਹੁੰਦੀ। ਇਹ ਤਾਂ ਬਹੁਤ ਕੌੜੀ ਹੁੰਦੀ ਹੈ। ਇਹ ਪੀਣ ਨਾਲ ਸਰੂਰ ਜਿਹਾ ਬਣ ਜਾਂਦਾ। ਦਿਲ ਦੀਆਂ ਗਲਾਂ ਬਾਹਰ ਆਉਣ ਲਗ ਜਾਂਦੀਆਂ। ਬੰਦਾ ਖੁਲ੍ਹ ਕੇ ਆਪਣੇ ਦੁੱਖ-ਦਰਦ ਦੱਸਣ ਲਗ ਜਾਂਦਾ।ਚਿੰਤਾ ਮੁੱਕ ਜਾਂਦੀ ਹੈ। ਸ਼ਰਾਬ ਪੀਣ ਦਾ ਮਜ਼ਾ ਯਾਰਾਂ ਦੋਸਤਾਂ ਨਾਲ ਹੀ ਹੈ।" ਇੱਕ ਜਵਾਬ ਹੋਰ ਵੀ ਸੁਣੋ ਜੋ ਇੱਕ ਡਾਕਟਰ ਨੇ ਮੈਨੂੰ ਦਿੱਤਾ "ਯਾਰ ਸ਼ਰਾਬ ਪੀਣ ਨਾਲ ਕੁੱਝ ਇੰਝ ਹੁੰਦਾ ਹੈ ਕਿ ਜੋ ਗਲ ਆਪਣੇ ਦਿਲ ਵਿੱਚ ਦੱਬੀ ਹੁੰਦੀ ਹੈ, ਭਾਵੇ ਉਹ ਚੰਗੀ ਹੋਵੇ ਯਾ ਮਾੜੀ ਉਹ ਬਾਹਰ ਆ ਜਾਂਦੀ ਹੈ। ਅਤੇ ਜੋ ਗਲਾਂ ਆਪਾਂ ਹੋਸ਼ ਵੇਲੇ ਦਬਾ ਕੇ ਨਹੀਂ ਰੱਖਦੇ ਉਹ ਆਪਾਂ ਸ਼ਰਾਬ ਪੀਣ ਤੋਂ ਬਾਅਦ ਜ਼ਿਆਦਾ ਜ਼ਾਹਰ ਨਹੀਂ ਕਰਦੇ। ਸ਼ਰਾਬ ਪੀਣ ਦਾ ਮਜ਼ਾ ਦੋਸਤਾਂ ਵਿੱਚ ਹੀ ਹੈ। ਮੈਂ ਇਹ ਵੀ ਦੇਖਿਆ ਹੈ ਕਿ ਜੇ ਤੁਸੀਂ ਆਪਣੇ ਮਨਪਸੰਦ ਦੇ ਦੋਸਤਾਂ ਵਿੱਚ ਹੀ ਬੈਠੇ ਹੋ, ਤਾਂ ਸ਼ਰਾਬ ਦਾ ਨਸ਼ਾ ਵਧੇਰੇ ਚੜ੍ਹਦਾ ਅਤੇ ਖੁਲ੍ਹਕੇ ਬੰਦਾ ਗਲਾਂ ਕਰਦਾ ਅਤੇ ਆਪਣੀ ਸਾਰੀ ਚਿੰਤਾ ਉੱਥੇ ਮੁਕਾ ਕੇ ਹੀ ਆਉਂਦਾ। ਇੰਝ ਨਹੀਂ ਹੁੰਦਾ ਕਿ ਇਕੱਲੀ ਸ਼ਰਾਬ ਪੀਣ ਨਾਲ ਹੀ ਚਿੰਤਾ ਦੂਰ ਹੁੰਦੀ ਹੈ। ਇੱਕ ਗਲ ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਇੱਕਲੀ ਸ਼ਰਾਬ ਨਹੀਂ ਚੜ੍ਹਦੀ ਬੰਦੇ ਨੂੰ, ਸ਼ਰਾਬ ਦੇ ਨਾਲ ਨਾਲ ਕੰਪਨੀ ਵੀ ਚੜ੍ਹਦੀ ਹੈ। ਸ਼ਰਾਬ ਦੇ ਨਾਲ ਨਾਲ ਕੰਪਨੀ ਦਾ ਨਸ਼ਾ ਵੀ ਹੁੰਦਾ ਹੈ। ਉਦਾਹਰਨ ਵਜੋਂ ਜੇ ਤੁਸੀਂ ਸ਼ਰਾਬ ਇਹੋ ਜਿਹੇ ਬੰਦਿਆਂ ਵਿੱਚ ਬੈਠਕੇ ਪੀ ਰਹੇ ਹੋਂ, ਜੋ ਤੁਹਾਨੂੰ ਪਸੰਦ ਨਹੀਂ ਹਨ, ਜਿੰਨ੍ਹਾਂ ਉੱਤੇ ਤੁਹਾਨੂੰ ਭਰੋਸਾ ਹੀ ਨਹੀਂ ਹੈ, ਤਾਂ ਅਜਿਹੇ ਮੌਕੇ ਤੁਹਾਨੂੰ ਸ਼ਰਾਬ ਦਾ ਨਸ਼ਾ ਵੀ ਨਹੀਂ ਚੜ੍ਹੇਗਾ, ਨਾਂ ਹੀ ਤੁਸੀਂ ਖੁਲ੍ਹਕੇ ਗਲਾਂ ਕਰ ਸਕੋਂਗੇ ਅਤੇ ਨਾਂ ਹੀ ਤੁਹਾਡੀ ਚਿੰਤਾ ਦੂਰ ਹੋ ਸਕੇਗੀ।" ਜੋ ਇਹ ਮੈਂ ਉਪਰੋਕਤ ਦੋ ਗਲਾਂ ਲਿੱਖਿਆਂ ਹਨ, ਹਰ ਕਿਸੇ ਸ਼ਰਾਬ ਪੀਣ ਵਾਲੇ ਬੰਦੇ ਦੀ ਇਹੋ ਹੀ ਸੋਚ ਹੈ। ਜੇ ਉਪਰੋਕਤ ਗਲਾਂ ਨੂੰ ਧਿਆਨ ਨਾਲ ਸੋਚੀਏ, ਤਾਂ ਇੱਕ ਗਲ ਬਹੁਤ ਹੀ ਹੈਰਾਨ ਕਰ ਦੇਣ ਵਾਲੀ ਹੈ। ਇਹਨਾਂ ਗਲਾਂ ਵਿੱਚ ਕਿਹਾ ਗਿਆ ਹੈ ਕਿ ਭਾਵੇਂ ਬੰਦਾ ਸ਼ਰਾਬ ਪੀ ਲਵੇ, ਪਰ ਜੇ ਉਹ ਆਪਣੀ ਮਨਪਸੰਦ ਕੰਪਨੀ ਵਿੱਚ ਨਹੀਂ ਬੈਠਾ ਤਾਂ ਨਾਂ ਹੀ ਉਸਨੂੰ ਨਸ਼ਾ ਚੜ੍ਹੇਗਾ, ਨਾਂ ਹੀ ਉਸ ਦੀ ਚਿੰਤਾ ਦੂਰ ਹੋਵੇਗੀ। ਪਰ ਜੇ ਉਹ ਆਪਣੀ ਮਨਪਸੰਦ ਕੰਪਨੀ ਵਿੱਚ ਬੈਠਾ ਹੈ, ਤਾਂ ਠੀਕ ਇਸਦੇ ਉਲਟਾ ਹੋਵੇਗਾ, ਉਹ ਖੁੱਲ੍ਹ ਕੇ ਗਲਾਂ ਵੀ ਕਰੇਗਾ ਅਤੇ ਚਿੰਤਾ ਵੀ ਦੂਰ ਹੋਵੇਗੀ। ਇਥੋਂ ਗਲ ਤਾਂ ਇਹ ਸਮਝ ਆਉਂਦੀ ਹੈ ਕਿ ਫਿਰ ਸ਼ਰਾਬ ਪੀਣ ਦੀ ਤਾਂ ਕੋਈ ਗਲ ਹੀ ਨਹੀਂ ਬਣਦੀ, ਨਸ਼ਾ ਤਾਂ ਸਿਰਫ ਮਨਪਸੰਦ ਕੰਪਨੀ ਵਿੱਚ ਹੀ ਹੈ। ਨਸ਼ਾ ਤਾਂ ਸਿਰਫ ਚੰਗੇ ਦੋਸਤਾਂ ਵਿੱਚ ਬੈਠਣ ਦਾ ਹੀ ਹੈ। ਮੇਰੇ ਹਿਸਾਬ ਨਾਲ ਜੇ ਆਦਮੀ ਚੰਗੇ ਦੋਸਤਾਂ ਵਿੱਚ ਚਾਹ ਪੀਂਦੇ ਹੋਏ ਅਜਿਹਾ ਮਹਿਸੂਸ ਕਰਨ ਦੀ ਕੋਸ਼ਿਸ਼ ਕਰੇ ਕਿ ਉਸਨੂੰ ਨਸ਼ਾ ਚੜ੍ਹ ਰਿਹਾ ਹੈ, ਤਾਂ ਉਹ ਵਧੀਆ ਮਹਿਸੂਸ ਕਰੇਗਾ, ਠੀਕ ਉਸੇ ਤਰ੍ਹਾਂ ਹੀ ਖੁਲ੍ਹਕੇ ਗਲਾਂ ਕਰੇਗਾ, ਅਤੇ ਆਪਣੀ ਚਿੰਤਾ ਦੂਰ ਕਰੇਗਾ। ਚਿੰਤਾ ਦੂਰ ਸ਼ਰਾਬ ਪੀਕੇ ਨਹੀਂ ਹੁੰਦੀ, ਖੁਲ੍ਹ ਕੇ ਗਲਾਂ ਕਰਨ ਨਾਲ ਹੁੰਦੀ ਹੈ, ਇਹ ਮਨੋਵਿਗਿਆਨਿਕ ਵੀ ਕਹਿੰਦੇ ਹਨ। ਸ਼ਰਾਬ ਪੀਣ ਦਾ ਤਾਂ ਇੱਕ ਬਹਾਨਾ ਹੈ, ਖੁਲ੍ਹ ਕੇ ਗਲਾਂ ਕਰਨ ਦਾ। ਇੱਕ ਵਾਰ ਮੇਰੇ ਇੱਕ ਦੋਸਤ ਨੇ ਮੈਨੂੰ ਕਿਹਾ "ਯਾਰ ਤੂੰ ਵੀ ਇੱਕ ਪੈੱਗ ਲਾ ਲਿਆ ਕਰ ਸਾਡੇ ਨਾਲ, ਫਿਰ ਤੂੰ ਖੁਲ੍ਹਕੇ ਗਲਾਂ ਕਰੇਂਗਾ ਅਤੇ ਤੇਰੀ ਸਾਰੀ ਚਿੰਤਾ ਦੂਰ ਹੋ ਜਾਵੇਗੀ।" ਮੈਂ ਜਵਾਬ ਦਿੱਤਾ ਉਤੈਨੂੰ ਤਾਂ ਪਤਾ ਹੀ ਹੈ ਕਿ ਮੈਂ ਤਾਂ ਇੱਕ ਖੁਲ੍ਹੀ ਕਿਤਾਬ ਵਰਗਾ ਹਾਂ। ਜਿੱਥੇ ਮੇਰੀ ਬੇਇਜ਼ਤੀ ਹੋਵੇ ਯਾ ਇੱਜ਼ਤ ਮੈਂ ਹਰ ਗਲ ਬਿੰਨ੍ਹਾਂ ਨਸ਼ੇ ਤੋਂ ਹੀ ਹਰ ਕਿਸੇ ਨੂੰ ਹੀ ਖੁਲ੍ਹਕੇ ਦੱਸ ਦਿੰਦਾ ਹਾਂ। ਮੈਂ ਸ਼ਰਾਬ ਪੀਕੇ ਹੀ ਸ਼ਰਾਬੀ ਨਹੀਂ ਬਣਦਾ। ਮੈਂ ਤਾਂ ਚੌਵੀ ਘੰਟੇ ਦਾ ਸ਼ਰਾਬੀ ਹਾਂ। ਮੈਨੂੰ ਤਾਂ ਕੁਦਰਤ ਦਾ ਹੀ ਨਸ਼ਾ ਹੈ।" ਮੈਂ ਹੱਸਕੇ ਕਿਹਾ। ਇੱਕ ਗਲ ਮੈਂ ਹੋਰ ਵੀ ਕਹਿ ਦੇਣਾ ਚਾਹਾਂਗਾ। ਮੈਂ ਕਈ ਵਾਰ ਸ਼ਰਾਬੀਆਂ ਦੀ ਸੰਗਤ ਕੀਤੀ ਹੈ। ਅਤੇ ਮੈਂ ਕਈ ਵਾਰ ਆਪਣੀ ਤੁਲਨਾ ਉਹਨਾਂ ਨਾਲ ਕੀਤੀ ਹੈ। ਮੈਂ ਦੇਖਿਆ ਹੈ ਕਿ ਮੈਂ ਉਹਨਾਂ ਨਾਲੋਂ ਵਧੇਰੇ ਖੁਲ੍ਹਕੇ ਗਲਾਂ ਕਰਦਾ ਹਾਂ ਬਿੰਨਾਂ ਨਸ਼ੇ ਤੋਂ। ਇਸੇ ਲਈ ਮੈਂ ਵਧੇਰੇ ਉਹਨਾਂ ਤੋਂ ਜ਼ਿਆਦਾ ਖੁਸ਼ ਰਹਿੰਦਾ ਹਾਂ ਅਤੇ ਹੱਸਦਾ ਰਹਿੰਦਾ ਹਾਂ। ਮੇਰੇ ਹਿਸਾਬ ਨਾਲ ਸ਼ਰਾਬ ਪੀਣਾ ਫਜ਼ੂਲ ਹੈ।

ਇਸ ਵਿੱਚ ਕੋਈ ਜਾਦੂਈ ਕਰਾਮਾਤ ਨਹੀਂ ਹੁੰਦੀ। ਇਸ ਨਾਲ ਚਿੰਤਾ ਦੂਰ ਹੁੰਦੀ ਹੈ, ਬੰਦਾ ਖੁਲ੍ਹਕੇ ਗਲਾਂ ਕਰਦਾ ਹੈ, ਇਹ ਸੱਭ ਆਪਣੇ ਦਿਮਾਗਾਂ ਦੇ ਵਹਿਮ ਹਨ। ਕਿਉਂਕਿ ਸ਼ੁਰੂ ਤੋਂ ਹੀ ਆਪਾਂ ਇਹ ਗਲਾਂ ਸੁਣਦੇ ਆ ਰਹੇ ਹਾਂ ਕਿ ਸ਼ਰਾਬ ਨਾਲ ਚਿੰਤਾ ਦੂਰ ਹੋ ਜਾਂਦੀ ਹੈ, ਸੋ ਹੌਲੀ ਹੌਲੀ ਆਪਣਾ ਫੋਕਾ ਵਿਸ਼ਵਾਸ ਇਸ ਉਪਰ ਬਣ ਗਿਆ ਹੈ ਸੁਣ ਸੁਣਕੇ। ਪਰ ਇਸ ਵਿੱਚ ਕੋਈ ਹਕੀਕਤ ਨਹੀਂ ਹੈ।

# ਟਿਊਸ਼ਨ ਪੜ੍ਹਾਉਣ 'ਤੇ ਪਾਬੰਦੀ ਕਿਉਂ?



ਮੇਜਰ ਸਿੰਘ ਨਾਭਾ

ਕਿਸੇ ਦੇਸ਼ ਦੀ ਉੱਨਤੀ ਦਾ ਆਧਾਰ ਉੱਥੋਂ ਦੀ ਸਿੱਖਿਆ ਪ੍ਰਣਾਲੀ 'ਤੇ ਨਿਰਭਰ ਕਰਦਾ ਹੈ। ਚੰਗੇ ਵਿਗਿਆਨੀ, ਇੰਜੀਨੀਅਰ, ਡਾਕਟਰ ਆਦਿ ਦੇਸ਼ ਦੇ ਅਧਿਆਪਕਾਂ ਦੀ ਬਦੌਲਤ ਹੀ ਬਣਦੇ ਹਨ। ਸਾਡੇ ਸਮਾਜ ਅੰਦਰ ਅਧਿਆਪਕਾਂ ਦਾ ਰੁਤਬਾ ਬੜਾ ਮਹਾਨ ਮੰਨਿਆ ਗਿਆ ਹੈ ਪਰ ਸਮੇਂ ਦੀ ਰਫ਼ਤਾਰ ਨਾਲ ਅਧਿਆਪਕ ਕਿੱਤਾ ਵੀ ਵੱਡੇ ਪੱਧਰ ਤੇ ਵਪਾਰਕ ਬਣਦਾ ਜਾ ਰਿਹਾ ਹੈ। ਕਿਉਂਕਿ ਅਧਿਆਪਕ ਵੀ ਸਮਾਜਿਕ ਬਦਲਾਅ ਦੇ ਨਾਲ ਆਪਣਾ ਜੀਵਨ ਪੱਧਰ ਉੱਚਾ ਰੱਖਣਾ ਚਾਹੁੰਦਾ ਹੈ। ਜੇਕਰ ਪ੍ਰਾਈਵੇਟ ਸਕੂਲ/ਸੰਸਥਾਵਾਂ ਨਾਂ ਹੋਣ ਤਾਂ ਏਨੀ ਵੱਡੀ ਆਬਾਦੀ ਵਾਲੇ ਦੇਸ਼ 'ਚ ਸੱਚਮੁੱਚ ਸਰਕਾਰ ਲਈ ਦੇਸ਼ ਦੇ ਬੱਚਿਆਂ ਨੂੰ ਸਿੱਖਿਆ ਦੇਣਾ ਇੱਕ ਵੱਡੀ ਚੁਣੌਤੀ ਹੋਵੇਗੀ। ਪਰ ਇਹਨਾਂ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਵੱਲੋਂ ਅਧਿਆਪਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਨਾਮਵਰ ਅਕੈਡਮੀਆਂ ਵੱਲੋਂ ਮੋਟੀਆਂ ਫੀਸਾਂ ਲੈ ਕੇ ਬੱਚਿਆਂ ਨੂੰ ਟਿਊਸ਼ਨ ਪੜ੍ਹਾਈ ਜਾ ਰਹੀ ਹੈ। ਕਿਉਂਕਿ ਹਰੇਕ ਮਾਪਾ ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ ਦੇਣਾ ਚਾਹੁੰਦਾ ਹੈ। ਇਸ ਲਈ ਬੱਚਿਆਂ ਨੂੰ ਟਿਊਸ਼ਨ ਦਾ ਸਹਾਰਾ ਲੈਣਾ ਪੈਂਦਾ ਹੈ। ਅਗਰ ਬੱਚਾ ਕਿਸੇ ਵਿਸ਼ੇ ਵਿਚ ਕਈ ਵਾਰ ਕਮਜ਼ੋਰ ਹੁੰਦਾ ਹੈ ਤਾਂ ਉਹ ਟਿਊਸ਼ਨ ਲੈ ਕੇ ਵਧੀਆ ਅੰਕ ਲੈ ਸਕਦਾ ਹੈ। ਇਸੇ ਤਰ੍ਹਾਂ ਚੰਗੇ ਅੰਕ ਪ੍ਰਾਪਤ ਕਰਨ ਲਈ ਬਹੁਤੇ ਮਾਪੇ ਆਪਣੇ ਬੱਚਿਆਂ ਨੂੰ ਟਿਊਸ਼ਨ ਦਿਵਾਉਣ 'ਚ ਵਿਸ਼ਵਾਸ਼ ਰੱਖਦੇ ਹਨ। ਪਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਟਿਊਸ਼ਨ ਪੜ੍ਹਾਉਣ ਤੋਂ ਸਰਕਾਰ ਨੇ ਮਨ੍ਹਾਂ ਕੀਤਾ ਹੋਇਆ ਹੈ। ਇਹ ਕੋਈ ਵਧੀਆ ਫੈਸਲਾ ਨਹੀਂ ਸਗੋਂ ਟਿਊਸ਼ਨ ਪੜ੍ਹਾਉਣ ਲਈ ਕੁਝ ਨਿਯਮ ਜਰੂਰ ਹੋਣੇ ਚਾਹੀਦੇ ਹਨ ਤਾਂ ਜੋ ਇਸ ਦੀ ਦੁਰਵਰਤੋਂ ਨਾ ਹੋ ਸਕੇ। ਜੋ ਅਧਿਆਪਕ ਟਿਊਸ਼ਨ ਪੜ੍ਹਾਉਂਦਾ ਹੈ ਉਹ ਜ਼ਿਆਦਾ ਤਜ਼ਰਬੇ ਨਾਲ ਜ਼ੁਬਾਨੀ ਪੜ੍ਹਾਉਣ ਦੇ ਕਾਬਲ ਹੋ ਜਾਂਦਾ ਹੈ। ਵਾਰ ਵਾਰ ਇਕ ਵਿਸ਼ੇ ਨੂੰ ਪੜ੍ਹਾਉਣ ਨਾਲ ਸਾਰੇ ਉੱਤਰ ਅਧਿਆਪਕ ਦੀਆਂ ਉਂਗਲਾਂ 'ਤੇ ਆ ਜਾਂਦੇ ਹਨ।

ਉਹ ਬੇਝਿਜਕ ਹੋ ਕੇ ਆਪਣਾ ਪਾਠ ਬੱਚਿਆਂ ਨੂੰ ਪੜ੍ਹਾ ਸਕਦਾ ਹੈ। ਜਦੋਂ ਕਿ ਬਹੁਤੇ ਅਧਿਆਪਕ ਬਿਨਾਂ ਪਾਠ ਦੀ ਤਿਆਰੀ ਤੋਂ ਹੀ ਸਕੂਲਾਂ 'ਚ ਆ ਜਾਂਦੇ ਹਨ। ਉਹਨਾਂ ਦਾ ਸਮਾਂ ਪਾਠ ਪੜ੍ਹਾਉਣ ਲਈ ਜ਼ਿਆਦਾ ਖਰਾਬ ਹੋ ਜਾਂਦਾ ਹੈ ਤੇ ਉਹ ਚੰਗੀ ਤਰ੍ਹਾਂ ਪੜ੍ਹਾ ਨਹੀਂ ਸਕਦੇ। ਕੋਈ ਵੀ ਕੰਮ ਜਿੰਨਾਂ ਇਨਸਾਨ ਦੁਹਰਾਏਗਾ ਉਨਾ ਹੀ ਉਸ ਕੰਮ ਵਿਚ ਪ੍ਰਪੱਕ ਹੋ ਜਾਵੇਗਾ।

ਅਧਿਆਪਕ ਵੱਲੋਂ ਟਿਊਸ਼ਨ ਪੜ੍ਹਾਉਣ ਵਾਲੇ ਵਿਦਿਆਰਥੀ ਜੇਕਰ ਉਸ ਦੇ ਸਕੂਲ ਦੇ ਨਹੀਂ ਤਾਂ ਇਸ ਵਿਚ ਕੋਈ ਹਰਜ਼ ਨਹੀਂ ਹੋਣਾ ਚਾਹੀਦਾ। ਪਰ ਜੇਕਰ ਉਸ ਦੇ ਸਕੂਲ ਦੇ ਵਿਦਿਆਰਥੀ ਟਿਊਸ਼ਨ ਪੜ੍ਹਦੇ ਹਨ ਇਸ ਨਾਲ ਵਿਦਿਆਰਥੀ 'ਤੇ ਜਰੂਰ ਪ੍ਰਭਾਵ ਪੈਂਦਾ ਹੈ। ਕਈ ਵਾਰੀ ਅਧਿਆਪਕ ਵੀ ਨਜਾਇਜ਼ ਤਰੀਕੇ ਨਾਲ ਟਿਊਸ਼ਨ ਲਈ ਵਿਦਿਆਰਥੀ ਨੂੰ ਮਜ਼ਬੂਰ ਕਰਦਾ ਹੈ।

ਇਸ ਲਈ ਪਾਬੰਦੀ ਹੋ ਸਕਦੀ ਹੈ। ਦੂਸਰਾ ਪੱਖ ਅਧਿਆਪਕ ਦੀ ਆਮਦਨ ਦਾ ਰੇਟ ਦਾ ਹੈ। ਡਾਕਟਰਾਂ ਦੀ ਪ੍ਰੈਕਟਿਸ ਵਾਂਗ ਅਧਿਆਪਕਾਂ ਦੀ ਟਿਊਸ਼ਨ ਦੇ ਰੇਟ ਵੀ ਫਿਕਸ ਕੀਤੇ ਜਾ ਸਕਦੇ ਹਨ। ਇਹ ਪੈਸਾ ਆਮਦਨ 'ਚ ਸ਼ਾਮਿਲ ਹੋਣ ਯੋਗ ਹੋਣਾ ਚਾਹੀਦਾ ਹੈ।

ਪਰ ਉੱਧਰ ਕਈ ਅਧਿਆਪਕ ਆਪਣੇ ਸਾਈਡ ਬਿਜਨੇਸ ਕਰੀਂ ਬੈਠੇ ਹਨ। ਉਹਨਾਂ ਦਾ ਧਿਆਨ ਸਕੂਲ ਸਮੇਂ ਵੀ ਆਪਣੇ ਕਾਰੋਬਾਰ ਵਿਚ ਹੁੰਦਾ ਹੈ। ਆਮ ਤੌਰ 'ਤੇ ਇਹੋ ਜਿਹੇ ਅਧਿਆਪਕ ਛੁੱਟੀਆਂ, ਡਿਊਟੀਆਂ, ਫਰਲੋਆਂ ਆਦਿ 'ਤੇ ਹੀ ਰਹਿੰਦੇ ਹਨ। ਜਿਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਇਹੋ ਜਿਹੇ ਅਧਿਆਪਕਾਂ ਦੀ ਸਰਕਾਰ ਵੱਲੋਂ ਕੋਈ ਪੁੱਛ ਪੜਤਾਲ ਨਹੀਂ। ਇਸ ਲਈ ਅਧਿਆਪਕ ਦਾ ਟਿਊਸ਼ਨ ਪੜ੍ਹਾਉਣਾ ਉਸ ਦੀ ਆਪਣੀ ਮਿਹਨਤ ਹੈ ਜੋ ਕਿ ਡਿਊਟੀ ਸਮੇਂ ਤੋਂ ਬਾਅਦ ਬਿਨਾਂ ਸਕੂਲ ਦੇ ਕੰਮ ਕਾਜ਼ ਵਿਚ ਵਿਘਨ ਪਾਉਣ ਤੋਂ ਕੀਤਾ ਜਾ ਸਕਦਾ ਹੈ।

ਜੇਕਰ ਅਧਿਆਪਕਾਂ ਦੇ ਵਾਧੂ ਸਮੇਂ ਤੋਂ ਲੋੜਵੰਦ ਵਿਦਿਆਰਥੀਆਂ ਦੀ ਜ਼ਿੰਦਗੀ ਸਫਲਤਾ ਵੱਲ ਨੂੰ ਮੁੜ ਜਾਵੇ ਤਾਂ ਇਸ ਤੋਂ ਚੰਗਾ ਕੰਮ ਹੋਰ ਕੀ ਹੋ ਸਕਦਾ ਹੈ। ਪਰ ਅਧਿਆਪਕ ਨੂੰ ਲਾਲਚ ਵਸ ਹੋ ਕੇ ਪੈਸੇ ਦਾ ਪੁੱਤ ਬਣ ਕੇ ਇਹ ਕੰਮ ਨਹੀਂ ਕਰਨਾ ਚਾਹੀਦਾ ਸਗੋਂ ਗਰੀਬ ਬੱਚਿਆਂ ਦੀ ਸੰਭਵ ਮਦਦ ਜਰੂਰ ਕਰਨੀ ਚਾਹੀਦੀ ਹੈ।

ਵਿਦਿਆਰਥੀ ਅਤੇ ਅਧਿਆਪਕ ਦੇ ਰਿਸ਼ਤੇ ਦੀ ਪਵਿੱਤਰਤਾ ਨੂੰ ਕਾਇਮ ਰੱਖਣਾ ਦੋਹਾਂ ਦਾ ਹੀ ਫਰਜ਼ ਹੈ। ਇਹ ਵਿਸ਼ਾ ਵੀ ਸਮੇਂ ਦੀ ਲੋੜ ਅਨੁਸਾਰ ਧਿਆਨ ਮੰਗਦਾ ਹੈ।

ਸਿੱਖਿਆ ਵਿਭਾਗ ਨੇ 'ਰੈਮੇਡੀਅਲ ਕੋਚਿੰਗ' ਸਕੀਮ ਅਧੀਨ ਸਰਕਾਰੀ ਸਕੂਲਾਂ 'ਚ ਗਰੀਬ ਅਤੇ ਕਮਜ਼ੋਰ ਬੱਚਿਆਂ ਨੂੰ ਸਕੂਲ ਸਮੇਂ ਤੋਂ ਪਹਿਲਾਂ ਜਾਂ ਬਾਅਦ ਟਿਊਸ਼ਨ ਦੇ ਰੂਪ 'ਚ ਪੜ੍ਹਾਉਣ ਲਈ ਸ਼ਪੈਸ਼ਲ ਅਧਿਆਪਕ ਰੱਖ ਕੇ ਮੁੱਖ ਵਿਸ਼ਿਆਂ ਦੀ ਕਮਜ਼ੋਰੀ ਦੂਰ ਕਰਨ ਦਾ ਯਤਨ ਕੀਤਾ ਹੈ। ਇਸ ਲਈ ਜਾਪਦਾ ਹੈ ਸਾਡੇ ਬੱਚਿਆਂ ਨੂੰ ਸੱਚਮੁੱਚ ਟਿਊਸ਼ਨ ਦੀ ਲੋੜ ਹੈ। ਜੋ ਸਰਕਾਰ ਨੂੰ ਟਿਊਸ਼ਨ ਪੜ੍ਹਾਉਣ ਦੀ ਪਾਬੰਦੀ ਨੂੰ ਹਟਾ ਕੇ ਅਧਿਆਪਕਾਂ ਦੀ ਕਾਬਲੀਅਤ ਨੂੰ "ਦੇਸ਼ ਦੇ ਨਿਰਮਾਤਾਵਾਂ" ਲਈ ਯੋਗ ਤਰੀਕੇ ਨਾਲ ਵਰਤਣ ਦੀ ਆਗਿਆ ਦੇਣੀ ਚਾਹੀਦੀ ਹੈ। ਸਿਆਣੇ ਕਹਿੰਦੇ ਹਨ ਕਿ, "ਚੱਲਦੇ ਪੁਰਜ਼ੇ ਹੀ ਵਧੀਆ ਕੰਮ ਦਿੰਦੇ ਹਨ, ਖੜ੍ਹਿਆਂ ਨੂੰ ਤਾਂ ਜੰਗਾਲ ਹੀ ਲੱਗੇਗੀ।"

ਇਸ ਨਾਲ ਗਰੀਬ ਵਰਗ ਦੇ ਜੋ ਬੱਚੇ ਪ੍ਰਾਈਵੇਟ ਸਕੂਲਾਂ ਦੀਆਂ ਮੋਟੀਆਂ ਫੀਸਾਂ ਨਹੀਂ ਦੇ ਸਕਦੇ ਜੋ ਕਿ ਟਿਊਸ਼ਨ ਦੇ ਰੂਪ ਵਿਚ ਪੜ੍ਹਾਉਂਦੇ ਹਨ ਉਹ ਵੀ ਦੋ ਤਿੰਨ ਮਹੀਨੇ ਟਿਊਸ਼ਨ ਰੱਖ ਕੇ ਵਧੀਆ ਅੰਕ ਲੈ ਸਕਦੇ ਹਨ।

# ਵਿਦਿਆਰਥੀਆਂ ਦਾ ਮਨ ਪੜ੍ਹਾਈ 'ਚ ਨਹੀਂ ਲੱਗਣ ਦਿੰਦੀਆਂ ਕਾਪੀਆਂ 'ਤੇ ਛਪੀਆਂ ਫਿਲਮੀ ਜਿਲਦਾਂ

## ਸਕੂਲੀ ਪਾਠਕ੍ਰਮ ਦੀਆਂ ਕਾਪੀਆਂ 'ਤੇ ਫਿਲਮੀ ਐਕਟਰਾਂ 'ਤੇ ਗਾਇਕਾਂ ਦੀ ਫੋਟੋ ਵਾਲੀਆਂ ਜਿਲਦਾਂ ਨਹੀਂ ਹੋਣੀਆਂ ਚਾਹੀਦੀਆਂ



ਪ੍ਰਮੋਦ ਧੀਰ ਜੈਤੋ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੋੜੀਕਪੂਰਾ (ਫਰੀਦਕੋਟ)

ਵਿਦਿਆਰਥੀਆਂ ਲਈ ਸਕੂਲੀ ਪਾਠਕ੍ਰਮ ਦੀਆਂ ਕਾਪੀਆਂ 'ਤੇ 'ਆਦਰਸ਼' ਦੀ ਥਾਂ 'ਅਨੈਤਿਕਤਾ' ਪਰੋਸੀ ਜਾ ਰਹੀ ਹੈ। 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦਾ ਨਾਅਰਾ ਤਾਂ ਭਾਵੇਂ ਸਕੂਲਾਂ ਦੇ ਮੁੱਖ ਗੇਟਾਂ 'ਤੇ ਲਿਖਿਆ ਮਿਲਦਾ ਹੈ ਪਰ ਇਨ੍ਹਾਂ ਵਿਚ ਪੜ੍ਹਦੇ ਬੱਚਿਆਂ ਦੇ ਬਸਤਿਆਂ ਵਿਚ ਜੋ ਕਾਪੀਆਂ (ਨੋਟ ਬੁੱਕਸ) ਹੁੰਦੀਆਂ ਹਨ, ਉਨ੍ਹਾਂ ਦੀਆਂ ਜਿਲਦਾਂ 'ਤੇ ਫਿਲਮੀ ਐਕਟਰਾਂ,ਐਕਟਰਸਾਂ, ਗਾਇਕਾਂ, ਮਾਡਲਾਂ, ਖਿਡਾਰੀਆਂ, ਫਿਲਮਾਂ ਆਦਿ ਦੀਆਂ ਫੋਟੋ ਛਪੀਆਂ ਹੁੰਦੀਆਂ ਹਨ ਜੋ ਵਿਦਿਆਰਥੀਆਂ ਦਾ ਮਨ ਪੜ੍ਹਾਈ 'ਚ ਇਕਾਗਰ ਨਹੀਂ ਹੋਣ ਦਿੰਦੀਆਂ। ਉਨ੍ਹਾਂ ਦੀਆਂ ਜਿਲਦਾਂ 'ਤੇ 'ਸਰਦਾਰਾ ਮੇਰੀ ਕਾਲੀ ਗੁੱਤ ਨੇ ਡੰਗ ਸੱਪਾਂ ਨੂੰ ਸਿਖਾਏ ਹੋਏ ਨੇ', 'ਸਾਨੂੰ ਬੱਲੀਏ ਨੀਂ ਦੇਖ-ਦੇਖ ਕੇ ਸਿੱਖੇ ਸ਼ੇਰਾਂ ਨੇ ਸ਼ਿਕਾਰ ਕਰਨੇ' ਅਤੇ ਘੁੰਮਣ ਘੁਮਾਉਣ ਨੂੰ ਤਾਂ ਥਾਰ ਰੱਖੀ ਐ, ਬੁਲਟ ਤਾਂ ਰੱਖਿਐ ਪਟਾਕੇ ਪਾਉਣ ਨੂੰ' ਜਿਹੇ ਗੀਤਾਂ ਦੇ ਗਾਇਕਾਂ ਦੀਆਂ ਤਸਵੀਰਾਂ ਛਪੀਆਂ ਹੁੰਦੀਆਂ ਹਨ। ਕਾਪੀਆਂ ਦੀਆਂ ਜਿਲਦਾਂ 'ਤੇ ਗੀਤਾਂ ਦੇ ਮੁਖੜੇ ਅਤੇ ਸਿਰਲੇਖ ਵੀ ਲਿਖੇ ਹੁੰਦੇ ਹਨ। ਇਨ੍ਹਾਂ ਕਾਪੀਆਂ ਨੂੰ ਆਕਰਸ਼ਕ ਬਣਾਉਣ ਲਈ ਵੱਧ ਤੋਂ ਵੱਧ ਰੰਗ-ਬਿਰੰਗਾ ਅਤੇ ਭੜਕੀਲਾ ਕੀਤਾ ਜਾਂਦਾ ਹੈ। ਇਨ੍ਹਾਂ ਕਾਪੀਆਂ ਨੂੰ ਦੇਖ ਕੇ ਪਹਿਲੀ ਨਜ਼ਰੇ ਇਹ ਪਹਿਚਾਨਣਾ ਔਖਾ ਹੋ ਜਾਂਦਾ ਹੈ ਕਿ ਇਹ ਸਕੂਲੀ ਪਾਠਕ੍ਰਮ ਦੀਆਂ ਕਾਪੀਆਂ ਹਨ ਜਾਂ ਕਿਸੇ ਫਿਲਮ ਅਤੇ ਗੀਤਾਂ ਵਾਲੀ ਸੀ.ਡੀ. ਦਾ ਕਵਰ ਪੇਜ਼ ਹੈ। ਮਨੋਵਿਸ਼ਲੇਸ਼ਕਾਂ ਅਨੁਸਾਰ ਸਕੂਲੀ ਕਾਪੀਆਂ ਦਾ ਇਹ 'ਰੂਪ' ਨਾ ਸਿਰਫ ਬਾਲ ਮਨਾਂ ਦੀ 'ਮਨੋਦਿਸ਼ਾ' ਅਤੇ 'ਮਨੋਦਸ਼ਾ' ਨੂੰ ਹੀ ਵਿਗਾੜਦਾ ਹੈ ਸਗੋਂ ਸਕੂਲਾਂ ਅਤੇ ਘਰਾਂ ਵਿੱਚ ਪੜ੍ਹਾਈ ਦੇ ਮਾਹੌਲ ਨੂੰ ਵੀ ਪ੍ਰਭਾਵਿਤ ਕਰਦਾ ਹੈ। ਸਕੂਲੀ ਕਾਪੀਆਂ ਦਾ ਮੌਜੂਦਾ ਰੂਪ ਵਿੱਦਿਅਕ ਮਾਹੌਲ ਦੇ ਅਨੁਕੂਲ ਨਹੀਂ ਹੈ। ਸਕੂਲੀ ਕਾਪੀ 'ਤੇ ਬਣੇ ਗਾਣੇ ਦੇ ਦ੍ਰਿਸ਼ ਦੇਖ ਕੇ ਬੱਚੇ ਆਪ ਮੁਹਾਰੇ ਉਹੀ ਗਾਣਾ ਗੁਣਗੁਣਾਉਣ ਲੱਗ ਪੈਂਦੇ ਹਨ ਜਾਂ ਫਿਰ ਦਿਮਾਗ ਵਿਚ ਉਸੇ ਗਾਣੇ,ਐਕਟਰ,ਗਾਇਕ ਆਦਿ ਦੇ ਫਿਮਾਂਕਣ ਬਾਰੇ ਸੋਚਣ ਲੱਗ ਪੈਂਦੇ ਹਨ। ਕਾਪੀਆਂ ਦੇ ਨਿਰਮਾਤਾਵਾਂ ਅਤੇ ਗਾਇਕਾਂ, ਅਦਾਕਾਰਾਂ ਵੱਲੋਂ ਕੀਤੇ ਵਪਾਰਕ ਸਮਝੌਤੇ ਤਹਿਤ ਹੀ ਕਾਪੀਆਂ ਦੀਆਂ ਅਜਿਹੀਆਂ ਜਿਲਦਾਂ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਜੋ ਗਾਇਕਾਂ, ਅਦਾਕਾਰਾਂ 'ਤੇ ਖਿਡਾਰੀਆਂ ਦੀ ਮਸ਼ਹੂਰੀ ਘਰ ਘਰ ਅਤੇ ਬੱਚੇ ਬੱਚੇ ਤੱਕ ਹੋ ਜਾਵੇ। ਇਹ ਬੜ੍ਹੀ ਤਰਾਸਦੀ ਹੈ ਕਿ ਪੰਜਾਬ ਦੇ ਮਹਾਨ ਨਾਇਕਾਂ, ਸੂਰਬੀਰਾਂ, ਯੋਧਿਆਂ, ਦੇਸ਼ ਭਗਤਾਂ, ਜਰਨਲ ਨਾਲਿਜ਼ ਦੀਆਂ ਗੱਲਾਂ ਆਦਿ ਨੂੰ ਵਿਸਾਰ ਕੇ ਊਲ-ਜਲੂਲ ਗਾਉਣ ਵਾਲਿਆਂ ਨੂੰ ਵਿਦਿਆਰਥੀਆਂ ਦੇ ਬਸਤਿਆਂ ਅਤੇ ਪੜ੍ਹਨ ਸਮੱਗਰੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਜਿਸ 'ਤੇ ਪੂਰਨ ਪਾਬੰਦੀ ਹੋਣੀ ਚਾਹੀਦੀ ਹੈ। ਵਿਦਿਆਰਥੀਆਂ 'ਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਤਰ੍ਹਾਂ ਦੀਆਂ ਘਟੀਆ ਜਿਲਦਾਂ ਵਾਲੀਆਂ ਕਾਪੀਆਂ ਨਹੀਂ ਖਰੀਦਣੀਆਂ ਚਾਹੀਦੀਆਂ ਤੇ ਨਾਂ ਹੀ ਅਖਬਾਰਾਂ ਦੇ ਫਿਲਮੀ ਪੇਜ ਵਾਲੀਆਂ ਜਿਲਦਾਂ ਕਾਪੀਆਂ ਕਿਤਾਬਾਂ ਆਦਿ ਤੇ ਚੜ੍ਹਾਉਣੀਆਂ ਚਾਹੀਦੀਆਂ ਹਨ। ਸਰਕਾਰ ਨੂੰ ਇਸ ਤਰਾਂ ਦੇ ਕਵਰ ਤਿਆਰ ਕਰਨ ਵਾਲੀਆਂ ਕੰਪਨੀਆਂ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ 'ਅਨੈਤਿਕਤਾ' ਦੀ ਥਾਂ ਤੇ 'ਆਦਰਸ਼' ਵੱਲ ਵਧ ਸਕਣ ਤੇ ਉਹਨਾਂ ਦੀ ਪੜ੍ਹਾਈ ਤੋਂ ਇਕਾਗਰਤਾ ਭੰਗ ਨਾਂ ਹੋਵੇ ਅਤੇ ਉਹ ਮਨ ਲਗਾ ਕੇ ਪੜ੍ਹਾਈ ਕਰਦੇ ਹੋਏ ਸਫਲਤਾ ਦੀਆਂ ਪਾਉੜੀਆਂ ਚੜ੍ਹ ਸਕਣ।



# ਪਾਨੀ ਮੇ ਮੀਨ ਪਿਆਸੀ (ਸਤਿਗੁਰੂ ਕਬੀਰ)



ਦੀਪਕ ਸਰੋਆ
408-650-2699

ਅੱਜ ਜਦੋਂ ਭਾਰਤ ਦਾ ਬਹੁਜਨ ਆਪਣੀ ਬਰਾਬਰਤਾ, ਮਨੁੱਖਤਾ, ਸਮਾਨਤਾ ਦੀ ਲੜਾਈ ਵਿਚ ਚੌਥੇ ਪੜਾਅ ਵਿਚ ਪੈਰ ਰੱਖ ਚੁੱਕੀਆਂ ਹੈ। ਸਾਡਾ ਆਪਣੇ ਪੁਰਖਿਆਂ ਦੇ ਕੀਤੇ ਸੰਘਰਸ਼ਾਂ ਤੋਂ ਸਿੱਖਣ ਦਾ ਫਰਜ਼ ਬਣਦਾ ਹੈ। ਬਾਬਾ ਸਾਹਿਬ ਡਾ .ਭੀਮ ਰਾਓ ਅੰਬੇਦਕਰ ਜੀ ਦੇ ਕਹਿਣ ਮੁਤਾਬਕ ਕ੍ਰਾਂਤੀ ਅਤੇ ਪ੍ਰਤੀ-ਕ੍ਰਾਂਤੀ ਨਾਲ-ਨਾਲ ਚਲਦੀਆਂ ਹਨ। ਭਾਰਤ ਦੀ ਧਰਤੀ ਉੱਤੇ ਦੁਨੀਆ ਦੇ ਪਹਿਲੇ ਮਹਾਨ ਵਿਗਿਆਨੀ ਮਨੁੱਖ ਭਗਵਾਨ ਬੁੱਧ ਨੇ ਪਹਿਲੀ ਕ੍ਰਾਂਤੀ ਕੀਤੀ। ਉਸ ਤੋਂ ਬਾਅਦ ਸਿੱਖ ਲਹਿਰ ਦੇ ਸਿਰਜਕ ਸਤਿਗੁਰੂ ਨਾਮਦੇਵ, ਸਤਿਗੁਰੂ ਕਬੀਰ, ਸਤਿਗੁਰੂ ਰਵਿਦਾਸ ਨੇ ਦੂਸਰੀ ਕ੍ਰਾਂਤੀ ਕੀਤੀ। ਜੋ ਅੱਗੇ ਚੱਲ ਸਿੱਖ ਲਹਿਰ ਬਣੀ। ਤੀਸਰੀ ਕ੍ਰਾਂਤੀ ਫੂਲੇ- ਅੰਬੇਦਕਰ ਕ੍ਰਾਂਤੀ ਹੈ ਜੋ 19-20ਵੀ ਸਦੀ 'ਚ ਸ਼ੁਰੂ ਹੋਈ। ਚੌਥੀ ਕ੍ਰਾਂਤੀ ਦਾ ਅਗਾਜ ਉਸੇ ਭਾਰਤ ਦੀ ਧਰਤੀ ਉੱਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਕੀਤਾ ਜੋ ਅੱਜ ਗਤੀਸ਼ੀਲ ਹੈ। ਜਿਸ ਨੂੰ ਅਸੀਂ ਅੰਬੇਦਕਰਾਈਟ ਜਾ ਅੰਬੇਦਕਰਵਾਦੀ ਲੋਕਾ ਵਾਲੋਂ ਕੀਤੀ ਜਾਣ ਵਾਲੀ ਕ੍ਰਾਂਤੀ ਵੀ ਕਹਿ ਸਕਦੇ ਹਾਂ। ਇਹ ਚਾਰਾਂ ਕ੍ਰਾਂਤੀਆ ਦਾ ਮੁੱਖ ਉਦੇਸ਼ ਭਾਰਤ ਵਿਚ ਨੀਚ, ਗੁਲਾਮ ,ਢੇਡ, ਸ਼ੂਦਰ ਜਾ ਅਤਿ ਸ਼ੂਦਰ ਕਹੇ ਜਾਣ ਲੋਕਾਂ ਲਈ ਬਰਾਬਰੀ ਪੈਦਾ ਕਰਨਾ ਹੈ। ਇਹ ਸਭ ਵੈਦਿਕ ਧਰਮ ਤੋਂ ਪੀੜਤ ਲੋਕ ਹਨ। ਇਹਨਾ ਕ੍ਰਾਂਤੀਆ ਦੇ ਮੁੱਖ ਕੇਂਦਰ ਪੰਜਾਬ, ਮਹਾਰਾਸ਼ਟਰ ਅਤੇ ਉੱਤਰ-ਪ੍ਰਦੇਸ ਰਹੇ ਹਨ।

ਈਸ਼ਵਰ ਦੀ ਪ੍ਰਾਪਤੀ, ਸਵਰਗ ਦੀ ਪ੍ਰਾਪਤੀ ਅਤੇ ਮਰਨ ਉਪਰੰਤ ਮੁਕਤੀ ਭਾਰਤੀ ਮਨੁਖਾਂ ਦੇ ਜੀਵਨ ਦਾ ਖਾਸ ਮਨੋਰਥ ਰਿਹਾ ਹੈ। ਸੰਤ, ਸਤਿਗੁਰੂਆਂ ਦੀ ਬਾਣੀ ਇਸ ਭਟਕਣ ਨੂੰ ਖਤਮ ਕਰਦੀ ਹੈ। ਸੱਚਾ ਗਿਆਨ ਇਸ ਦੀ ਕੁਜੀ ਹੈ। ਜੋ ਸਾਨੂੰ ਸ਼ਬਦਾ ਰਾਹੀ ਮਿਲਦਾ ਹੈ। ਸ਼ਬਦ ਕੁੱਝ ਅੱਖਰਾਂ ਦਾ ਜੋੜ ਹੁੰਦੇ ਹਨ। ਜਿਸ ਵਿੱਚ ਭੇਦ ਦੀ ਗੱਲ ਹੁੰਦੀ ਹੈ ਜਾ ਗਿਆਨ ਛੁਪਿਆ ਹੁੰਦਾ ਹੈ। ਇਸ ਗਿਆਨ ਦਾ ਗਲਤ ਜਾ ਸਹੀ ਹੋਣਾ ਦੀ ਪਰਖ ਵਿਵੇਕ ਬੁੱਧੀ ਤਹਿ ਕਰਦੀ ਹੈ। ਵਿਵੇਕ ਬੁੱਧੀ ਗੁਰੂ ਦੇ ਸਹੀ ਗਿਆਨ ਨਾਲ ਪੈਦਾ ਹੁੰਦੀ ਹੈ। ਸ਼ਬਦ ਨੂੰ ਸੁਣਿਆ, ਪੜਿਆ, ਲਿਖਿਆ, ਬੋਲਿਆ ਜਾ ਸਕਦਾ ਹੈ। ਸ਼ਬਦ ਨੂੰ ਬਿਨਾਂ ਸਮਝੇ, ਬਿਨਾਂ ਅਮਲ ਕੀਤੇ, ਮੱਥਾ ਟੇਕਣਾ ਜਾ ਦਰਸ਼ਨ ਕਰਨਾ ਇਕ ਮੂਰਤੀ ਨੂੰ ਮੱਥਾ ਟੇਕਣ ਜਾ ਦਰਸ਼ਨ ਕਰਨ ਦੇ ਬਰਾਬਰ ਹੈ। ਕੋਈ ਗੁਰੂ ਗ੍ਰੰਥ ਸਾਹਿਬ ਨੂੰ ਲੱਖ ਮੱਥੇ ਟੇਕੀ ਜਾਵੇ ਭਰ ਗੁਰੂ ਦੇ ਸ਼ਬਦਾ ਦਾ ਭੇਦ ਨਹੀ ਪਾ ਸਕਦਾ।

ਬਾਣੀ ਇਸ ਗੱਲ ਦਾ ਦਾਅਵਾ ਕਰਦੀ ਹੈ ਕੀ ਸ੍ਰੀਰ ਪੰਜ ਤੱਤਾ ਦਾ ਪੁੱਤਲਾ ਹੈ। ਹਵਾ, ਪਾਣੀ, ਮਿੱਟੀ, ਅੱਗ (ਤਾਪਮਾਨ) ਅਤੇ ਪੰਜਵਾ ਤੱਤ ਸੂਖਮ ਤੱਤ ਕਿਹਾ ਜਾਂਦਾ ਹੈ ਜੋ ਪਹਿਲੇ ਚਾਰ ਤੱਤਾਂ ਦੇ ਮਿਸ਼ਣ ਤੋਂ ਬਣਦਾ ਹੈ। ਪੰਜਵਾਂ ਤੱਤ ਹੀ ਮਨ (ਚਿਤ) ਅਤੇ ਬੁੱਧੀ ਪੈਦਾ ਕਰਦਾ ਹੈ। ਗੱਲ ਸਾਰੀ ਸਮਞੱਕ ਦ੍ਰਿਸ਼ਟੀ ਤੇ ਮੁੱਕਦੀ ਹੈ। ਸਟੀਕ ਦ੍ਰਿਸ਼ਟੀ ਸਹੀ ਗਿਆਨ ਤੋਂ ਬਿਨਾ ਨਹੀ ਹੋ ਸਕਦੀ। ਅੰਤ ਵਿਚ ਈਸ਼ਵਰ ਕੁਦਰਤ ਤੋਂ ਵੱਖਰਾ ਨਹੀ ਹੈ ਅਤੇ ਕੁਦਰਤ ਮਨੁੱਖ ਤੋਂ ਇਕੋ ਰੂਪ ਹਨ ਸਾਰੇ।

ਜੋ ਬ੍ਰਹਿਮੰਡੇ ਸੋਈ ਪੀਡੇ।
ਜੋ ਖੋਜੈ ਸੋ ਪਾਵੈ। (ਬਾਣੀ)



ਭਾਵ ਜੋ ਇਸ ਸੱਚ ਦੀ ਖੋਜ ਕਰ ਲਵੇਗਾ ਉਹ ਇਸ ਸੱਚ ਨੂੰ ਪ੍ਰਾਪਤ ਕਰ ਲਵੇਗਾ ਕੇ ਜਿਹਨਾਂ ਤੱਤਾਂ ਤੋਂ ਬ੍ਰਹਿਮੰਡ ਬਣਿਆ ਹੈ ਉਸੇ ਤੱਤ ਦਾ ਉਸ ਦਾ ਪਿੰਡਾ ਬਣਿਆ ਹੈ। ਕੋਈ ਫ਼ਰਕ ਨਹੀ ਹੈ। ਇਹ ਮਨੁੱਖ ਦਾ ਸ੍ਰੀਰ ਬ੍ਰਹਿਮੰਡ ਦਾ ਹੀ ਵਖਰਾ ਰੂਪ ਹੈ ਅਤੇ ਮਨੁੱਖ ਬ੍ਰਹਿਮੰਡ ਵਾਂਗ ਹੀ ਸ਼ਕਤੀਸ਼ਾਲੀ ਹੈ। ਸਭ ਮਨੁਖਾ ਦੀ ਰਚਨਾ ਇਸੇ ਤੋ ਹੋਈ ਹੈ ਬਰੋਬਰ, ਇਕੋ ਜਿਹੀ, ਕੋਈ ਉੱਚਾ ਨੀਵਾ ਨਹੀਂ, ਕੋਈ ਛੋਟਾ ਵੱਡਾ ਨਹੀਂ। ਇਹ ਸੀ ਸਿੱਖ ਕ੍ਰਾਂਤੀ ਦੀ ਬੁਨਿਆਦ;

ਬ੍ਰਹਿਮ ਗਿਆਨੀ ਤਤ ਕਾ ਵੇਤਾ।।
ਜਾ ਨਾਨਕ ਬ੍ਰਹਿਮ ਗਿਆਨੀ ਆਪ ਪਰਮੇਸਰ।।

ਭਾਵ ਬ੍ਰਹਿਮੰਡ ਨੂੰ ਜਾਣ ਲੈਣ ਵਾਲਾ ਜਾਣ ਜਾਂਦਾ ਹੈ ਕਿ ਉਹ ਬ੍ਰਹਿਮੰਡ ਦੇ ਤੱਤਾਂ ਦੀ ਬਣਤਰ ਹੈ। ਉਹ ਨਾਨਕ ਜਿਸ ਨੂੰ ਅਸੀ ਈਸ਼ਵਰ, ਪਰਮੇਸ਼ਵਰ ਕਹਿੰਦੇ ਹਾਂ ਅਸਲ ਵਿਚ ਉਹ ਬ੍ਰਹਮ ਗਿਆਨੀ ਬੰਦਾ ਹੀ ਹੈ। ਜੋ ਖੁਦ ਹੀ ਈਸ਼ਵਰ ਸ਼ਕਤੀਆ ਦਾ ਮਾਲਕ ਹੈ।

ਹੇਠਾਂ ਲਿਖੇ ਸਤਿਗੁਰੂ ਕਬੀਰ ਜੀ ਦੇ ਸ਼ਬਦ ਇਸ ਗਲ ਨੂੰ ਹੋਰ ਪੱਕਾ ਕਰਦੇ ਹਨ ਅਤੇ ਰੱਬ ਦੀ ਭਾਲ ਚ ਲੱਗੇ ਲੋਕਾਂ ਨੂੰ ਵੇਖ ਕੇ ਹੱਸ ਰਹੇ ਹਨ ਤੇ ਸਮਝਾ ਰਹੇ ਹਨ;-

ਪਾਨੀ ਮੇ ਮੀਨ ਪਿਆਸੀ।।
ਮੋਹੇ ਸੁਣ ਸੁਣ ਆਵੇ ਹਾਸੀ।।

ਸਤਿਗੁਰੂ ਕਬੀਰ ਜੀ ਕਹਿੰਦੇ ਹਨ ਮੈਨੂੰ ਉਹਨਾਂ ਲੋਕਾਂ ਵੱਲ ਵੇਖ ਕੇ ਹਾਸਾ ਆਉਂਦਾ ਹੈ ਜੋ ਈਸ਼ਵਰ ਦੀ ਭਾਲ ਵਿਚ ਇਧਰ-ਉਧਰ ਘੁੰਮਦੇ ਹਨ ਜਾਂ ਕਰਮਕਾਂਡ ਕਰਦੇ ਹਨ। ਇੰਝ ਲਗਦਾ ਹੈ ਜਿਵੇਂ ਪਾਣੀ ਵਿਚ ਤਰ ਰਹੀ ਪਿਆਸੀ ਮਛਲੀ ਪਾਣੀ ਦੀ ਭਾਲ ਵਿਚ ਹੋਵੇ। ਜਦਕਿ ਮਨੁੱਖ ਉਸੇ ਕਰਤਾਰ, ਈਸ਼ਵਰ, ਬ੍ਰਹਿਮੰਡ ਦਾ ਰੂਪ ਹੈ। ਈਸ਼ਵਰ ਕੋਈ ਪਾਉਣ ਦੀ ਚੀਜ ਨਹੀ ਸਮਝਣ ਦੀ ਚੀਜ ਹੈ। ਮੇਰੇ ਹਿਸਾਬ ਨਾਲ ਗੁਰੂ ਜੀ ਨੂੰ ਸਮਝਣ ਦੀ ਲੋੜ ਹੈ।

ਆਤਮ ਗਿਆਨ ਬਿਨਾ ਨਰ ਭਟਕੇ।
ਕੋਈ ਮਥੁਰਾ ਕੋਈ ਕਾਸੀ ਰੇ।

ਸਵੈ ਗਿਆਨ (SELF ENLIGHTENED) ਤੋ ਬਿਨਾ ਲੋਕ ਮਥੁਰਾ ਅਤੇ ਕਾਸ਼ੀ ਸਾਰੀ ਉਮਰ ਭਟਕਦੇ ਹਨ। ਇਥੇ ਗੱਲ ਗੁਰੂ ਦੇ ਗਿਆਨ ਨਾਲ ਮਨ ਨੂੰ ਬਦਲਣ ਦੀ ਹੈ। ਭਾਰਤ ਦੀ ਧਰਤੀ ਤੇ ਲੱਖਾਂ- ਹਜਾਰਾਂ ਸ਼ਰਧਾਲੂ ਆਏ ਦਿਨ ਤੀਰਥਾਂ ਤੇ ਜਾਂਦੇ ਹਨ, ਪਰ ਕਿਸੇ ਨੇ ਰੱਬ ਦਾ ਭੇਦ ਨਹੀਂ ਪਾਇਆ। ਇਧਰ ਸਤਿਗੁਰੂ ਕਬੀਰ ਜੀ ਦੇ ਸ਼ਬਦ ਅਨੁਸਾਰ ਹਰਿ ਉਹਨਾਂ ਦੇ ਪਿਛੇ ਪਿਛੇ ਤੁਰਿਆ ਫਿਰਦਾ ਹੈ ਬਸ ਮਨ ਨੂੰ ਸਹੀ ਗਿਆਨ ਨਾਲ (ਪਵਿੱਤਰ) ਨਿਰਮਲ ਕਰਨ ਦੀ ਲੋੜ ਹੈ।

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ।
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ।

ਤੁਹਾਡੇ ਮਨ ਵਿਚ ਵਰਨ-ਜਾਤ ਹੈ, ਹੰਕਾਰ ਹੈ, ਈਰਖਾ ਹੈ, ਸਾੜਾ ਹੈ, ਉਚ-ਨੀਚ ਹੈ, ਜੂਠ ਹੈ ਤਾ ਮਨ ਨਿਰਮਲ ਕਿਵੇ ਹੋ ਗਿਆ?

ਕਹਤ ਕਬੀਰ ਸੁਨੋ ਬਈ ਸਾਧੋ।
ਸਹਿਜ ਮਿਲੇ ਅਬਿਨਾਸੀ।
ਪਾਨੀ ਮੇ ਮੀਨ ਪਿਆਸੀ।

ਸਤਿਗੁਰੂ ਕਬੀਰ ਜੀ ਕਹਿੰਦੇ ਹਨ ਸਾਧੂ ਜਨੋ ਸੁਣੋ ਓਹ ਅਬਿਨਾਸੀ (ਨਾ ਵਿਨਾਸ਼ ਹੋਣ ਵਾਲਾ) ਤਾ ਸਹਿਜ (ਕੁਦਰਤੀ, ਸੁਭਾਵਕ) ਹੀ ਤੁਹਾਡੇ ਵਿਚ ਮਜੂਦ ਹੈ। ਪੰਜਾ ਤੱਤਾਂ ਦੇ ਰੂਪ ਚ ਤੁਹਾਨੂੰ ਬਾਹਰ ਲੱਭਣ ਜਾਣ ਦੀ ਲੋੜ ਨਹੀਂ। ਤੱਤ ਵਿਗਿਆਨ ਨੂੰ ਸਮਝਣ ਦੀ ਲੋੜ ਹੈ।

ਧਿਆਨ ਨਾਲ ਸੋਚਣ ਵਾਲੀ ਗੱਲ ਇਹ ਹੈ ਕੇ ਅਖੀਰ ਗੁਰੂ ਜੀ ਇਹ ਗੱਲ ਸਾਧੂ ਲੋਕਾਂ ਨੂੰ ਸੰਬੋਧਨ ਹੋ ਕੇ ਕਹਿ ਰਹੇ ਹਨ। ਆਮ ਲੋਕਾਂ ਨੂੰ ਨਹੀ ਕਹਿ ਰਹੇ। ਅਸਲ ਵਿੱਚ ਸਾਧੂ ਦੀ ਪਰੀਭਾਸ਼ਾ ਇਹ ਹੈ ਜਿਸ ਨੇ ਆਪਣੇ ਮਨ ਨੂੰ ਸਾਧ ਲਿਆ ਹੋਵੇ, ਮਨ ਨੂੰ ਸਾਧ ਕੇ ਪਵਿੱਤਰ ਕਰ ਲਿਆ ਹੋਵੇ। ਹੁਣ ਇਕ ਵੈਦਿਕ ਧਰਮ ਹੈ ਜੋ ਸਾਨੂੰ ਮਰਨ ਪਿਛੋ ਮੁਕਤੀ ਦੀ ਝੂਠੀ ਕਲਪਨਾ ਕਰਵਾਉਂਦਾ ਹੈ ਅਤੇ ਦੂਸਰੇ ਪਾਸੇ ਬੁੱਧ, ਕਬੀਰ ,ਨਾਨਕ ਦਾ ਧਰਮ ਜੋ ਜੀਉਂਦੇ ਜੀਅ ਮਨੁੱਖ ਨੂੰ ਨਿਰਵਾਣ ਵੱਲ ਲੈ ਜਾਂਦਾ ਹੈ। ਜਿਉਂਦੇ ਜੀਅ ਇਸੇ ਜਨਮ ਵਿੱਚ।

ਕੋਈ ਅਵਤਾਰੀ ਸ਼ਕਤੀ, ਪੂਜਾ ਪਾਠ, ਗੰਗਾ ਇਸ਼ਨਾਨ, ਕਰਮਕਾਂਡ ਮਨੁੱਖ ਨੂੰ ਮੁਕਤੀ ਨਹੀ ਦੁਆ ਸਕਦਾ। ਕਰਨਾ ਤਾ ਮਨੁੱਖ ਨੇ ਆਪ ਹੈ। ਸਹੀ ਗਿਆਨ ਨਾਲ, ਸਹੀ ਦ੍ਰਿਸ਼ਟੀ ਨਾਲ। ਸਰੋਵਰ ਜਾ ਗੰਗਾ ਇਸਨਾਨ ਨਾਲ ਮਨ ਕਿਵੇ ਸਾਫ਼ ਹੋਵੇਗਾ ਜਾ ਬਦਲੇਗਾ?

# ਛੋਟਿਆਂ ਲਈ ਲਾਹੇਵੰਦ ਨਹੀ ਇਕ ਦੇਸ਼, ਇਕ ਮੰਡੀ ਤੇ ਇਕ ਟੈਕਸ



ਮੋਹਨ ਸਿੰਘ (ਪ੍ਰੋ.)

ਨਰਿੰਦਰ ਮੋਦੀ ਸਰਕਾਰ ਨੇ 30 ਜੂਨ ਦੀ ਅੱਧੀ ਰਾਤ ਨੂੰ ਵਸਤਾਂ ਅਤੇ ਸੇਵਾਵਾਂ ਟੈਕਸ (ਜੀਐਸਟੀ) ਲਾਗੂ ਕਰਨ ਦਾ ਸਮਾਰੋਹ ਸ਼ਾਨੋ-ਸ਼ੌਕਤ ਨਾਲ ਮਨਾਇਆ ਹੈ। ਇਸ ਸਮੇਂ ਕਾਂਗਰਸ ਭਾਵੇਂ ਗ਼ੈਰਹਾਜ਼ਰ ਸੀ ਪਰ ਜੀਐਸਟੀ ਦਾ ਸਿਹਰਾ ਲੈਣ ਲਈ ਉਹ ਵੀ ਪਿੱਛੇ ਨਹੀਂ ਹੈ। ਕੇਂਦਰ ਤੇ ਸੂਬਾਈ ਸਰਕਾਰਾਂ ਨੇ ਜੀਐਸਟੀ ਨੂੰ ਦੇਸ਼ 'ਤੇ ਮੜ੍ਹ ਕੇ ਰਾਜਾਂ ਦੇ ਬਚੇ-ਖੁਚੇ ਸੰਘੀ ਢਾਂਚੇ ਨੂੰ ਹੋਰ ਖੋਰਾ ਲਾਇਆ ਹੈ। ਜੀਐਸਟੀ ਦਰਅਸਲ ਇਕ ਅਸਿੱਧਾ ਅਤੇ ਮੁੱਲ ਵਾਧਾ (ਵੈਲਿਊ ਐਡਿਡ) ਟੈਕਸ ਹੈ। ਜਿਵੇਂ ਧਾਗੇ ਤੋਂ ਕੱਪੜਾ ਬੁਣਨ ਸਮੇਂ ਉਸ ਵਿੱਚ ਲੇਬਰ ਅਤੇ ਹੋਰ ਸਮਾਨ ਖ਼ਪਤ ਹੋਣ ਨਾਲ ਉਸ ਦਾ ਮੁੱਲ ਵਧ ਜਾਂਦਾ ਹੈ ਅਤੇ ਟੈਕਸ ਵਧੇ ਹੋਏ ਮੁੱਲ ਉਪਰ ਲੱਗਦਾ ਹੈ, ਇਸੇ ਤਰ੍ਹਾਂ ਜਦੋਂ ਕੱਪੜੇ ਤੋਂ ਕਮੀਜ਼ ਬਣਦੀ ਹੈ ਤਾਂ ਉਸ ਦੇ ਮੁੱਲ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਪਹਿਲਾਂ ਧਾਗੇ, ਫਿਰ ਕੱਪੜੇ ਅਤੇ ਅੱਗੇ ਫਿਰ ਕਮੀਜ਼ ਉਪਰ ਟੈਕਸ ਲੱਗਦਾ ਹੈ। ਇਸ ਤਰ੍ਹਾਂ ਜਿਵੇਂ ਮੁੱਲ ਵਧਦਾ ਜਾਂਦਾ ਹੈ, ਉਸ ਦੇ ਹਰ ਪੜਾਅ 'ਤੇ ਲੱਗਣ ਵਾਲੇ ਟੈਕਸ ਨੂੰ ਵੈਲਿਊ ਐਡਿਡ ਟੈਕਸ (ਵੈਟ) ਕਿਹਾ ਜਾਂਦਾ ਹੈ। ਇਸ ਦੇ ਅੰਤਿਮ ਪੜਾਅ 'ਤੇ ਇਸ ਤੋਂ ਪਹਿਲੇ ਪੜਾਵਾਂ ਉਪਰ ਭੁਗਤਾਨ ਕੀਤੇ ਟੈਕਸਾਂ ਨੂੰ ਘਟਾ ਕੇ, ਅੰਤਿਮ ਖਪਤਕਾਰ ਵੱਲੋਂ ਭੁਗਤਾਨ ਕਰਨ ਵਾਲੇ ਇਕੱਠੇ ਟੈਕਸ ਨੂੰ ਜੀਐਸਟੀ ਕਿਹਾ ਜਾਂਦਾ ਹੈ। ਇਹ ਟੈਕਸ ਉਤਪਾਦਕ ਉਪਰ ਨਹੀਂ ਸਗੋਂ ਖਪਤਕਾਰ ਉਪਰ ਲੱਗਦਾ ਹੈ। ਇਸ ਕਰਕੇ ਇਹ ਨਿਰਯਾਤ ਕਰਨ (ਭੇਜਣ) ਵਾਲੇ ਦੇਸ਼ ਜਾਂ ਰਾਜ ਉਪਰ ਨਹੀਂ ਸਗੋਂ ਆਯਾਤ ਕਰਨ ਵਾਲੇ 'ਤੇ ਲੱਗਦਾ ਹੈ। ਇਹ ਟੈਕਸ ਉਪਰ ਟੈਕਸ ਨਹੀਂ ਲੱਗਦਾ ਸਗੋਂ ਇਸ ਵਿੱਚੋਂ ਪਹਿਲਾਂ ਲੱਗਾ ਹੋਇਆ ਟੈਕਸ ਘਟਾ ਦਿੱਤਾ ਜਾਂਦਾ ਹੈ।

ਜੀਐਸਟੀ ਦੇ ਚਾਰ ਢਾਂਚੇ ਹਨ। ਪਹਿਲਾ ਰਾਜ ਸਰਕਾਰ ਵੱਲੋਂ ਲਏ ਜਾਣ ਵਾਲੇ ਜੀਐਸਟੀ ਨੂੰ (ਐਸਜੀਐਸਟੀ) ਕਿਹਾ ਜਾਂਦਾ ਹੈ, ਕੇਂਦਰੀ ਸਰਕਾਰ ਵੱਲੋਂ ਲਏ ਜਾਂਦੇ ਜੀਐਸਟੀ ਨੂੰ (ਸੀਜੀਐਸਟੀ) ਕਿਹਾ ਜਾਂਦਾ ਹੈ, ਅਲੱਗ-ਅਲੱਗ ਰਾਜਾਂ ਵਿਚਕਾਰ ਹੋਣ ਵਾਲੇ ਵਪਾਰ ਨੂੰ ਯੁਕਤ (ਇੰਟੈਗਰੇਟਿਡ) ਜੀਐਸਟੀ (ਆਈਜੀਐਸਟੀ) ਅਤੇ ਸਾਰੇ ਜੀਐਸਟੀਆਂ ਦਾ ਹਿਸਾਬ-ਕਿਤਾਬ ਰੱਖਣ ਅਤੇ ਜੋੜਨ ਵਾਲੇ ਨੈਟਵਰਕ ਨੂੰ ਜੀਐਸਟੀਐਨ ਕਿਹਾ ਜਾਂਦਾ ਹੈ। ਇਸ ਚੌਥੇ ਨੈਟਵਰਕ ਤੋਂ ਹੀ ਜੀਐਸਟੀ 'ਤੇ ਭੁਗਤਾਨ ਕਰਨ ਵਾਲੇ ਉਦਮੀਆਂ ਨੂੰ ਆਪਣੇ ਨੰਬਰ ਰਜਿਸਟਰਡ ਕਰਾਉਣੇ ਪੈਂਦੇ ਅਤੇ ਰਿਟਰਨਾਂ ਭਰਨੀਆਂ ਪੈਂਦੀਆਂ ਹਨ। ਜਿਥੇ ਵੈਟ ਦੀਆਂ ਹਰ ਤਿੰਨ ਮਹੀਨੇ ਬਾਅਦ ਸਾਲ ਵਿੱਚ ਚਾਰ ਰਿਟਰਨਾਂ ਭਰਨੀਆਂ ਪੈਂਦੀਆਂ ਸਨ, ਉਥੇ ਜੀਐਸਟੀ ਦੀਆਂ ਹਰ ਮਹੀਨੇ ਤਿੰਨ ਅਤੇ ਦਸੰਬਰ ਵਿੱਚ ਚਾਰ (ਇਕ ਸਾਲ ਦਾ ਕੁੱਲ ਹਿਸਾਬ-ਕਿਤਾਬ ਕਰਨ ਵਾਲੀ) ਅਤੇ ਸਾਲ ਵਿੱਚ ਕੁੱਲ 37 ਰਿਟਰਨਾਂ ਭਰਨੀਆਂ ਪੈਂਦੀਆਂ ਹਨ।

ਜੀਐਸਟੀ ਟੈਕਸ ਬੋਝ ਤੋਂ ਇਲਾਵਾ ਟੈਕਸ ਦੇ ਭੁਗਤਾਨ ਕਰਨ ਦਾ ਇਕ ਗੋਰਖਧੰਦਾ ਹੈ। ਦਰਮਿਆਨੇ ਅਤੇ ਛੋਟੇ ਉਦਮੀਆਂ ਨੂੰ ਨਾ ਤਾਂ ਇਸ ਗੋਰਖਧੰਦੇ ਦੀ ਸਮਝ ਪੈ ਰਹੀ ਹੈ ਅਤੇ ਨਾ ਹੀ ਉਨ੍ਹਾਂ ਕੋਲ ਐਨੀ ਪੂੰਜੀ ਹੈ ਕਿ ਉਹ ਚਾਰਟਰਡ ਅਕਾਊਂਟੈਂਟਾਂ ਅਤੇ ਵਕੀਲਾਂ ਦੀ ਸੇਵਾ ਲੈ ਸਕਣ। ਉਧਰ ਚਾਰਟਰਡ ਅਕਾਊਂਟੈਂਟਾਂ ਨੇ ਜੀਐਸਟੀ ਲਾਗੂ ਹੋਣ ਨਾਲ ਵਧਦੀ ਮੰਗ ਕਾਰਨ ਛੋਟੇ ਕਾਰੋਬਾਰੀਆਂ ਲਈ 15 ਪ੍ਰਤੀਸ਼ਤ ਅਤੇ ਵੱਡੇ ਕਾਰੋਬਾਰੀਆਂ ਲਈ 30 ਪ੍ਰਤੀਸ਼ਤ ਫੀਸ ਵਧਾ ਦਿੱਤੀ ਹੈ। ਇਕ ਅੰਦਾਜ਼ੇ ਮੁਤਾਬਿਕ ਉਨ੍ਹਾਂ ਦੀ ਆਮਦਨ ਵਿੱਚ 2.3 ਅਰਬ ਡਾਲਰ (15,000 ਕਰੋੜ ਰੁਪਏ) ਦਾ ਵਾਧਾ ਹੋਵੇਗਾ। ਇਸ ਤਰ੍ਹਾਂ ਭਾਰਤ ਦੇ ਛੋਟੇ ਅਤੇ ਦਰਮਿਆਨੇ ਉਦਮੀਆਂ ਲਈ ਜੀਐਸਟੀ ਇਹ ਆਫਤ ਬਣ ਕੇ ਬਹੁੜਿਆ ਹੈ।

ਜੀਐਸਟੀ ਦਾ ਅਮਲ ਕਿਵੇਂ ਚਲਦਾ ਹੈ? ਇਸ ਰਾਹੀਂ ਇਕ ਵਸਤੂ ਕਈ ਪੜਾਵਾਂ ਵਿੱਚ ਲੰਘ ਕੇ ਖ਼ਪਤਕਾਰ ਕੋਲ ਪਹੁੰਚਦੀ ਹੈ। ਖ਼ਪਤ ਕਰਨ ਵਾਲੇ ਰਾਜ ਦੇ ਵਪਾਰੀ ਨੇ ਰਾਜ ਸਰਕਾਰ ਦਾ ਐਸਜੀਐਸਟੀ ਅਤੇ ਕੇਂਦਰ ਦਾ ਸੀਜੀਐਸਟੀ ਦੋਵੇਂ ਅੰਤਿਮ ਖ਼ਪਤਕਾਰਾਂ ਤੋਂ ਵਸੂਲਣੇ ਹਨ ਅਤੇ ਟੈਕਸ ਦੀ ਵੰਡ ਰਾਜ ਸਰਕਾਰ ਅਤੇ ਕੇਂਦਰ ਦੋਵਾਂ ਵਿੱਚਕਾਰ ਕਰਨੀ ਹੈ। ਜੇ ਇਹ ਕਾਰੋਬਾਰ 1.5 ਕਰੋੜ ਰੁਪਏ ਤੋਂ ਘੱਟ ਹੁੰਦਾ ਹੈ ਤਾਂ ਇਹ ਰਾਜ ਅਤੇ ਕੇਂਦਰ ਵਿਚਕਾਰ 90:10 ਅਤੇ ਜੇ ਇਹ ਸੌਦਾ 1.5 ਕਰੋੜ ਰੁਪਏ ਤੋਂ ਉਪਰ ਦਾ ਹੋਵੇ ਤਾਂ ਇਹ ਰਾਜ ਅਤੇ ਕੇਂਦਰ ਵਿਚਕਾਰ 50:50 ਅਨੁਸਾਰ ਵੰਡਿਆ ਜਾਂਦਾ ਹੈ। ਪਰ ਜਦੋਂ ਇਕ ਰਾਜ ਦਾ ਹੀ ਦੂਜਾ ਖਰੀਦਣ ਵਾਲਾ ਵਪਾਰੀ ਕਿਸੇ ਉਸੇ ਰਾਜ ਦੇ ਵਪਾਰੀ ਨੂੰ ਵੇਚਦਾ ਹੈ ਤਾਂ ਟੈਕਸ ਦੀ ਵੰਡ ਦੀ ਪ੍ਰਕਿਰਿਆ ਗੁੰਝਲਦਾਰ ਹੋ ਜਾਂਦੀ ਹੈ। ਅੱਗੇ ਜੇ ਇਹ ਵਪਾਰ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਵੇਚਣ ਅਤੇ ਖਰੀਦਣ ਵਾਲੇ ਵਪਾਰੀਆਂ ਵਿਚਕਾਰ ਹੁੰਦਾ ਹੈ ਤਾਂ ਜੀਐਸਟੀ ਨੂੰ ਵੰਡਣ ਦੀ ਪ੍ਰਕਿਰਿਆ ਹੋਰ ਵੀ ਜ਼ਿਆਦਾ ਗੁੰਝਲਦਾਰ ਹੋ ਜਾਂਦੀ ਹੈ। ਇਸ ਨੂੰ ਵੰਡਣ ਲਈ ਸਰਕਾਰ ਵੱਲੋਂ ਆਈਜੀਐਸਟੀ ਲਈ ਇਕ ਸੌਫਟਵੇਅਰ ਤਿਆਰ ਕਰਵਾਇਆ ਗਿਆ ਹੈ ਜਿਸ ਨਾਲ ਦੋ ਜਾਂ ਦੋ ਤੋਂ ਵੱਧ ਰਾਜਾਂ ਦੇ ਆਪਸੀ ਵਪਾਰ ਸਮੇਂ ਵਸਤਾਂ ਅਤੇ ਸੇਵਾਵਾਂ ਉਤੇ ਲੱਗਣ ਵਾਲੇ ਟੈਕਸ ਨੂੰ ਨਿਯਮਿਤ ਕਰਦਿਆਂ ਇਸ ਦੀ ਵੰਡ ਕੀਤੀ ਜਾਂਦੀ ਹੈ।

ਜੀਐਸਟੀ ਕਿਸ ਹੱਦ ਤੋਂ ਸ਼ੁਰੂ ਹੁੰਦਾ ਹੈ? ਭਾਰਤ ਵਿੱਚ 20 ਲੱਖ ਰੁਪਏ ਦੀ ਵਿਕਰੀ ਕਰਨ ਵਾਲੇ ਉਦਮੀ ਜੀਐਸਟੀ ਤੋਂ ਬਾਹਰ ਰਹਿਣਗੇ। ਉੱਤਰ-ਪੂਰਬੀ ਰਾਜਾਂ ਲਈ ਇਹ ਸੀਮਾ 10 ਲੱਖ ਰੁਪਏ ਹੈ। ਟੈਕਸ ਦੋ ਤਰ੍ਹਾਂ ਦੇ ਹੁੰਦੇ ਹਨ। ਸਿੱਧੇ ਟੈਕਸ ਅਤੇ ਅਸਿੱਧੇ ਟੈਕਸ। ਸਿੱਧੇ ਟੈਕਸ ਵਿਅਕਤੀਆਂ ਅਤੇ ਜਥੇਬੰਦੀਆਂ ਵੱਲੋਂ ਟੈਕਸ ਲਾਉਣ ਵਾਲੀ ਅਥਾਰਿਟੀ ਨੂੰ ਸਿੱਧੇ ਭੁਗਤਾਨ ਕੀਤੇ ਜਾਂਦੇ ਹਨ, ਜਿਵੇਂ ਆਮਦਨ ਟੈਕਸ। ਅਸਿੱਧੇ ਟੈਕਸ ਅਸਲ ਵਿੱਚ ਵੈਲਿਊ ਐਡਿਡ ਟੈਕਸ ਹੁੰਦੇ ਹਨ ਅਤੇ ਇਹ ਉਨ੍ਹਾਂ ਵਸਤਾਂ ਅਤੇ ਸੇਵਾਵਾਂ ਉਪਰ ਲੱਗਦੇ ਹਨ ਜਿਨ੍ਹਾਂ ਵਿੱਚ ਕਿਰਤ ਅਤੇ ਹੋਰ ਸਮਾਨ ਖ਼ਪਤ ਹੋ ਕੇ ਕੀਮਤ ਵਿੱਚ ਵਾਧਾ ਹੋ ਜਾਂਦਾ ਹੈ, ਜਿਵੇਂ ਕੇਂਦਰੀ ਐਕਸਾਈਜ਼ ਅਤੇ ਕਸਟਮ ਡਿਊਟੀ। ਟੈਕਸ ਲਾਉਣ ਵਾਲੀ ਅਥਾਰਿਟੀ ਇਹ ਟੈਕਸ ਸਿੱਧੇ ਖ਼ਪਤਕਾਰ ਕੋਲੋਂ ਨਹੀਂ, ਵਪਾਰੀ ਕੋਲੋਂ ਲੈਂਦੀ ਹੈ। ਵਪਾਰੀ ਅੱਗੇ ਇਹ ਟੈਕਸ ਖ਼ਪਤਕਾਰ ਤੋਂ ਲੈਂਦਾ ਹੈ । ਅਸਿੱਧੇ ਟੈਕਸਾਂ ਦਾ ਬੋਝ ਅੰਤਮ ਤੌਰ 'ਤੇ ਖ਼ਪਤਕਾਰ ਉਪਰ ਪੈਂਦਾ ਹੈ। ਅਸਿੱਧੇ ਟੈਕਸ ਦਾ ਜ਼ਿਆਦਾ ਬੋਝ ਗ਼ਰੀਬ ਅਤੇ ਮੱਧ ਵਰਗ ਉਪਰ ਪੈਂਦਾ ਹੈ। ਜੀਐਸਟੀ ਅਜਿਹੀ ਹੀ ਇਕ ਅਸਿੱਧੀ ਕਰ ਪ੍ਰਣਾਲੀ ਹੈ।

ਭਾਰਤ ਵਿੱਚ 22 ਫਰਵਰੀ 2016 ਨੂੰ ਅਸਿੱਧੇ ਅਤੇ ਸਿੱਧੇ ਟੈਕਸਾਂ ਦੀ ਅਨੁਪਾਤ 65: 35 ਸੀ। ਜੀਐਸਟੀ ਲੱਗਣ ਨਾਲ ਇਹ ਅਨੁਪਾਤ ਹੋਰ ਵਧ ਜਾਵੇਗਾ। ਇਸ ਸਮੇਂ ਭਾਰਤ ਵਿੱਚ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਟੈਕਸਾਂ ਦੀ ਮਾਤਰਾ ਕੁੱਲ ਘਰੇਲੂ ਪੈਦਾਵਾਰ ਦੀ 16 ਪ੍ਰਤੀਸ਼ਤ ਹੈ ਜੋ ਜੀਐਸਟੀ ਨਾਲ ਦੁੱਗਣੀ ਹੋਣ ਦੇ ਅਨੁਮਾਨ ਹਨ।

ਜੀਐਸਟੀ ਦਾ ਇਕ ਮੰਤਵ ਟੈਕਸ ਦੇਣ ਵਾਲਿਆਂ ਦਾ ਘੇਰਾ ਵਧਾਉਣਾ ਹੈ। ਜੀਐਸਟੀ ਲਾਗੂ ਹੋਣ ਨਾਲ ਭਾਰਤ ਅੰਦਰ ਹੁਣ ਟੈਕਸ ਨੈਟ ਵਿੱਚ 80 ਲੱਖ ਉਦਮੀ ਹਨ। ਇਨ੍ਹਾਂ ਵਿੱਚ 70 ਲੱਖ ਛੋਟੇ ਅਤੇ ਦਰਮਿਆਨੇ ਕਾਰੋਬਾਰੀ ਹਨ। ਹੁਣ ਟੈਕਸ ਭਰਨ ਵਾਲਿਆਂ ਦੀ 540 ਲੱਖ ਦੀ ਗਿਣਤੀ ਨੂੰ ਜੀ ਐਸ ਟੀ ਐਨ ਵਿੱਚ ਨਾਂ ਦਰਜ ਕਰਾਉਣੇ ਪੈਣਗੇ। ਜੀਐਸਟੀ ਭਰਨ ਵਾਲਿਆਂ ਦੀਆਂ 0, 5, 12, 18 ਅਤੇ 28 ਪੰਜ ਟੈਕਸ ਸਲੈਬਾਂ ਬਣਾਈਆਂ ਗਈਆਂ ਹਨ। ਸਿਫ਼ਰ ਟੈਕਸ ਭਾਵ ਜਿਨ੍ਹਾਂ ਵਸਤਾਂ ਉਪਰ ਟੈਕਸ ਨਹੀ ਲੱਗਿਆ, ਉਨ੍ਹਾਂ ਵਿੱਚ ਤਾਜ਼ਾ ਮੀਟ, ਮੱਛੀ, ਚਿਕਨ, ਅੰਡੇ, ਦੁੱਧ, ਲੱਸੀ, ਦਹੀਂ, ਕੁਦਰਤੀ ਸ਼ਹਿਦ, ਤਾਜ਼ੇ ਫ਼ਲ ਅਤੇ ਸਬਜ਼ੀਆਂ, ਆਟਾ, ਬੇਸਨ, ਬਰੈਡ, ਪ੍ਰਸਾਦ, ਨਮਕ, ਬਿੰਦੀ, ਸਿੰਧੂਰ, ਸਟੈਂਪ, ਕੋਰਟ ਪੇਪਰ, ਪਰਿੰਟਿਡ ਕਿਤਾਬਾਂ, ਅਖ਼ਬਾਰ, ਵੰਗਾਂ, ਹੈਂਡਲੂਮ ਆਦਿ ਸ਼ਾਮਿਲ ਹਨ। ਬਾਕੀ ਵਸਤਾਂ ਲਈ ਚਾਰ ਟੈਕਸ ਸਲੈਬਾਂ ਹਨ। ਯੂਪੀਏ ਸਰਕਾਰ ਵੇਲੇ ਜੀ-ਐਸਟੀ ਦੇ ਮਸੌਦੇ ਵਿੱਚ ਵੱਧ ਤੋਂ ਵੱਧ ਜੀਐਸਟੀ ਦੀ ਦਰ 18 ਪ੍ਰਤੀਸ਼ਤ ਰੱਖੀ ਜਾ ਰਹੀ ਸੀ ਪਰ ਉਸ ਸਮੇਂ ਭਾਜਪਾ ਇਸ ਨੂੰ 18 ਪ੍ਰਤੀਸ਼ਤ ਤੋਂ ਵੀ ਹੇਠਾਂ ਲਿਆਉਣ ਲਈ ਬਜ਼ਿਦ ਸੀ। ਹੁਣ ਇਸ ਨੇ ਦੁਨੀਆਂ ਦੀ ਸਭ ਤੋਂ ਉੱਚੀ 28 ਪ੍ਰਤੀਸ਼ਤ ਦਰ ਰੱਖੀ ਹੈ। ਇਨ੍ਹਾਂ ਟੈਕਸਾਂ ਤੋਂ ਇਲਾਵਾ ਭਾਰਤ ਵਿੱਚ ਜੀਐਸਟੀ ਕੌਂਸਲ ਨੂੰ ਅਲੱਗ-ਅਲੱਗ ਸਪਲਾਈ ਉਪਰ ਮੁਆਵਜ਼ਾ ਸੈਸ ਲਾਉਣ ਦਾ ਅਧਿਕਾਰ ਵੀ ਹੈ। ਕੱਚਾ ਤੇਲ, ਪੈਟਰੋਲ, ਡੀਜ਼ਲ, ਕੁਦਰਤੀ ਗੈਸ, ਜੈਟ ਈਂਧਨ, ਰੀਅਲ ਇਸਟੇਟ ਅਤੇ ਬਿਜਲੀ ਅਜੇ ਜੀ-ਐਸਟੀ ਤੋਂ ਬਾਹਰ ਹਨ। ਸ਼ਰਾਬ ਨੂੰ ਜੀਐਸਟੀ ਦੇ ਘੇਰੇ ਵਿੱਚ ਲਿਆਉਣ ਲਈ ਸੰਵਿਧਾਨ ਵਿੱਚ ਸੋਧ ਕਰਨੀ ਪਵੇਗੀ।

ਆਖ਼ਰ ਸਰਕਾਰ ਨੂੰ ਜੀਐਸਟੀ ਲਾਗੂ ਕਰਨ ਦੀ ਕਾਹਲ ਕਿਉਂ ? ਦਰਅਸਲ ਭਾਰਤ ਨੂੰ ਇਕ ਗੰਭੀਰ ਸੰਕਟ ਦਰਪੇਸ਼ ਹੈ। ਕਿਸਾਨਾਂ ਕਰਜ਼ੇ ਦੇ ਵੱਡੇ ਬੋਝ ਕਾਰਨ ਖ਼ੁਦਕੁਸ਼ੀਆਂ ਕਰ ਰਹੇ ਹਨ। ਅੱਕ ਕੇ ਉਹ ਵੱਡੇ ਅੰਦੋਲਨਾਂ ਰਾਹੀਂ ਸਰਕਾਰ ਲਈ ਚੁਣੌਤੀ ਬਣ ਰਹੇ ਹਨ। ਸਨਅਤੀ ਸੰਕਟ ਕਾਰਨ ਭਾਰਤ ਦੇ ਵੱਡੇ ਘਰਾਣਿਆਂ ਸਿਰ ਕਰਜ਼ੇ ਵਧ ਰਹੇ ਹਨ। ਇਸ ਨਾਲ ਬੈਂਕਿੰਗ ਖੇਤਰ ਦੇ ਐਨਪੀਏ ਵਧਣ ਕਰਕੇ ਭਾਰਤ ਲਈ ਵਿੱਤੀ ਸੰਕਟ ਖੜ੍ਹਾ ਹੋ ਰਿਹਾ ਹੈ। ਇਸ ਵੱਡੇ ਸੰਕਟ ਨੂੰ ਟਾਲਣ ਲਈ ਮੋਦੀ ਨੇ ਮੇਕ ਇਨ ਇੰਡੀਆ ਅਤੇ ਸਟੈਂਡ ਅੱਪ ਇੰਡੀਆ ਵਰਗੇ ਨਾਅਰੇ ਲਾ ਕੇ ਵਿਦੇਸ਼ੀ ਸਾਮਰਾਜੀ ਕੰਪਨੀਆਂ ਨੂੰ ਭਾਰਤ ਵਿੱਚ ਪੂੰਜੀ ਨਿਵੇਸ਼ ਲਈ ਸੱਦੇ ਦਿੱਤੇ ਜਾ ਰਹੇ ਹਨ। ਸਾਮਰਾਜੀ ਦੇਸ਼ਾਂ ਨੂੰ ਖੁੱਲ੍ਹਾਂ ਦੇਣ ਲਈ ਉਹ ਜੀਐਸਟੀ ਨੂੰ ਲਾਗੂ ਕਰਕੇ ਦੇਸ਼ ਨੂੰ ਇਕ ਇਕਹਿਰੀ ਮੰਡੀ ਅਤੇ ਇਕ ਕੇਂਦਰੀਕ੍ਰਿਤ ਅਤੇ ਏਕਾਤਮਿਕ ਢਾਂਚੇ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹਾ ਹੈ। ਪਹਿਲਾਂ ਉਹ ਨੋਟਬੰਦੀ ਨਾਲ ਭ੍ਰਿਸ਼ਟਾਚਾਰ, ਕਾਲੇ ਧਨ, ਜਾਅਲੀ ਕਰੰਸੀ ਅਤੇ ਅੱਤਵਾਦ ਨੂੰ ਖ਼ਤਮ ਕਰਨ ਦੇ ਦਾਅਵੇ ਕਰਦਾ ਸੀ ਅਤੇ ਹੁਣ ਉਹ ਜੀਐਸਟੀ ਨਾਲ ਕੁੱਲ ਘਰੇਲੂ ਪੈਦਾਵਾਰ ਵਿੱਚ ਵਾਧਾ ਹੋਣ, ਸਨਅਤੀ ਆਰਥਿਕਤਾ ਵਿੱਚ ਪਾਰਦਰਸ਼ਤਾ ਆਉਣ, ਸਹਿਕਾਰੀ ਸੰਘਵਾਦ ਹੋਰ ਮਜ਼ਬੂਤ ਕਰਨ, ਟੈਕਸ ਪ੍ਰਬੰਧ ਨੂੰ ਮੁੜ ਢਾਂਚਾਗਤ ਕਰਨ, ਵਪਾਰ ਵਿੱਚ ਵਾਧਾ ਹੋਣ ਨਾਲ ਸੇਵਾਵਾਂ ਨੂੰ ਹੁਲਾਰਾ ਮਿਲਣ, ਸਿੱਧੇ ਪੂੰਜੀ ਨਿਵੇਸ਼ ਵਿੱਚ ਵੱਡਾ ਵਾਧਾ ਹੋਣ, ਵਸਤਾਂ ਸਸਤੀਆਂ ਹੋਣ, ਲੋਕਾਂ ਉਪਰ ਟੈਕਸਾਂ ਦਾ ਭਾਰ ਘੱਟ ਹੋਣ ਦੇ ਦਾਅਵੇ ਕਰ ਰਿਹਾ ਹੈ। ਪਰ ਗੱਲ ਇਸ ਦੇ ਉਲਟ ਹੈ। ਜੀਐਸਟੀ ਲਾਗੂ ਕਰਨ ਲਈ ਵੱਡੇ ਕਾਰਪੋਰੇਟ ਘਰਾਣੇ ਮੋਦੀ ਨਾਲ ਜਸ਼ਨ ਮਨਾ ਰਹੇ ਹਨ। ਪਰ ਦੂਜੇ ਪਾਸੇ ਕੱਪੜਾ ਵਪਾਰੀ ਦੇਸ਼ਵਿਆਪੀ ਅੰਦੋਲਨ ਕਰ ਰਹੇ ਹਨ। ਹਰਿਆਣੇ ਦੀਆਂ ਪਲਾਈਵੁੱਡ ਸਨਅਤਾਂ ਜੀਐਸਟੀ ਲੱਗਣ ਨਾਲ ਬੰਦ ਹੋ ਰਹੀਆਂ ਹਨ। ਕੱਚੇ ਚਮੜੇ ਵਾਲੇ ਵਪਾਰੀ ਅਤੇ ਮਜ਼ਦੂਰ ਜੀਐਸਟੀ ਬੰਦ ਕਰਾਉਣ ਲਈ ਸੰਘਰਸ਼ ਕਰ ਰਹੇ ਹਨ। ਨਰਿੰਦਰ ਮੋਦੀ ਕਹਿ ਰਹੇ ਹਨ ਕਿ ਜੀਐਸਟੀ ਨਾਲ ਮਹਿੰਗਾਈ ਘਟੇਗੀ ਪਰ ਉਲਟਾ ਮਹਿੰਗਾਈ ਵਧਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਦਸ ਕਰੋੜ ਰੁਪਏ ਦਾ ਸਾਲਾਨਾ ਹੋਰ ਬੋਝ ਪੈ ਰਿਹਾ ਹੈ। ਪੰਜਾਬ ਦੇ ਲੋਕਾਂ ਉਪਰ ਪੰਜ ਹਜ਼ਾਰ ਕਰੋੜ ਰੁਪਏ ਅਤੇ ਸਮੁੱਚੇ ਦੇਸ਼ ਦੇ ਲੋਕਾਂ ਉਪਰ ਦੋ ਲੱਖ ਕਰੋੜ ਰੁਪਏ ਦੇ ਟੈਕਸਾਂ ਦਾ ਨਵਾਂ ਬੋਝ ਪੈਣ ਦੀ ਸੰਭਾਵਨਾ ਹੈ। ਜੀਐਸਟੀ ਅਜੇ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਪਰ ਲੋਕਾਂ ਦੀਆਂ ਖ਼ਪਤ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਧ ਗਈਆਂ ਹਨ। ਦਰਅਸਲ, ਮੋਦੀ ਦਾ ਜੀਐਸਟੀ ਰਾਹੀਂ ਇਕ ਦੇਸ਼, ਇਕ ਮੰਡੀ ਅਤੇ ਇਕ ਟੈਕਸ ਬਣਾਉਣ ਦਾ ਉਦੇਸ਼ ਦੇਸ਼ ਦੀ ਮੰਡੀ ਖੋਲ੍ਹ ਕੇ ਵਿਦੇਸ਼ੀ ਕੰਪਨੀਆਂ ਅਤੇ ਵੱਡੇ ਘਰਾਣਿਆਂ ਦੀ ਸਾਂਝ ਪੁਆ ਕੇ ਭਾਰਤੀ ਲੋਕਾਂ ਅਤੇ ਦੇਸ਼ ਦੇ ਸ੍ਰੋਤਾਂ ਦੀ ਹੋਰ ਲੁੱਟ ਕਰਾਉਣੀ ਹੈ। ਪਰ ਇਸ ਨਾਲ ਛੋਟੀ ਅਤੇ ਦਰਮਿਆਨੀ ਸਨਅਤ ਦੀ ਹੋਰ ਤਬਾਹੀ ਹੋਵੇਗੀ, ਜ਼ਰਈ ਸੰਕਟ ਹੋਰ ਵਧੇਗਾ ਤੇ ਪਹਿਲਾਂ ਹੀ ਪਿਸੇ ਰਹੇ ਮਜ਼ਦੂਰ, ਕਿਸਾਨ ਅਤੇ ਉਦਮੀ ਹੋਰ ਪਿਸ ਜਾਣਗੇ।

# ਟਰੰਪ ਦੇ ਰਾਜਕਾਲ ਦੌਰਾਨ ਨਸਲੀ ਹਮਲਿਆਂ 'ਚ ਤੇਜ਼ੀ



ਪ੍ਰੋ. ਬਲਵਿੰਦਰਪਾਲ ਸਿੰਘ
91-98157-00916

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਨਸਲੀ ਹਮਲਿਆਂ ਵਿੱਚ ਤੇਜ਼ੀ ਆਈ ਹੈ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਜਿਸ ਤਰ੍ਹਾਂ ਅਮਰੀਕਾ ਵਿੱਚ ਕਾਲਿਆਂ, ਮੁਸਲਮਾਨਾਂ ਸਮੇਤ ਅਪ੍ਰਵਾਸੀਆਂ ਦੇ ਪ੍ਰਤੀ ਭੜਕਾਊ ਬਿਆਨ ਦਿੱਤੇ ਸਨ, ਉਸ ਨਾਲ ਨਸਲੀ ਹਿੰਸਾ ਵਿੱਚ ਵਾਧਾ ਹੋਇਆ ਹੈ। ਟਰੰਪ ਦੇ ਰਾਜ ਦੌਰਾਨ ਨਸਲੀ ਹਿੰਸਾ ਦੇ ਪਹਿਲੇ ਸ਼ਿਕਾਰ ਦੋ ਭਾਰਤੀ ਨੌਜਵਾਨ ਇੰਜੀਨੀਅਰ ਹੋਏ। ਫਿਰ ਸਾਊਥ ਕੈਰੋਲੀਨਾ ਵਿੱਚ ਭਾਰਤੀ ਵਪਾਰੀ ਹਰਨਿਸ਼ ਪਟੇਲ ਦਾ ਕਤਲ ਕਰ ਦਿੱਤਾ ਗਿਆ। ਇਸ ਤੋਂ ਬਾਅਦ ਇੱਕ ਔਰਤ 'ਤੇ ਨਸਲੀ ਟਿੱਪਣੀ ਕੀਤੀ ਗਈ ਤੇ ਹੁਣ ਸਿੱਖ ਭਾਈਚਾਰੇ ਦੇ ਵਪਾਰੀ ਦੀਪ ਰਾਏ 'ਤੇ 'ਆਪਣੇ ਦੇਸ ਪਰਤ ਜਾਓ' ਦੀ ਧਮਕੀ ਦਿੰਦਿਆਂ ਗੋਲੀ ਚਲਾਈ ਗਈ। ਤਾਜ਼ਾ ਘਟਨਾ ਵਿੱਚ ਕੈਲੀਫੋਰਨੀਆ ਵਿੱਚ ਇੱਕ ਦੁਕਾਨ ਵਿੱਚ ਮੌਜੂਦ ਪੰਜਾਬੀ ਗੱਭਰੂ ਨੇ ਇੱਕ ਅਮਰੀਕੀ ਗਾਹਕ ਨੂੰ ਉਚਿਤ ਪਛਾਣ ਪੱਤਰ ਦੇ ਬਿਨਾਂ ਸਿਗਰਟ ਵੇਚਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਅਮਰੀਕੀ ਨੌਜਵਾਨ ਨੇ ਉਸ 'ਤੇ ਨਸਲੀ ਟਿੱਪਣੀਆਂ ਕੀਤੀਆਂ ਅਤੇ ਉਸ ਨੂੰ ਚਾਕੂ ਮਾਰ ਕੇ ਕਤਲ ਕਰ ਦਿੱਤਾ। ਇਨ੍ਹਾਂ ਘਟਨਾਵਾਂ ਤੋਂ ਤੈਅ ਹੈ ਕਿ ਅਮਰੀਕਾ ਵਿੱਚ ਪ੍ਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ।

ਟਰੰਪ ਨੇ ਭਾਰਤੀ ਇੰਜੀਨੀਅਰ ਸ੍ਰੀਨਿਵਾਸ ਕੁਚਿਵੋਤਲਾ ਦੇ ਕਤਲ ਤੋਂ ਬਾਅਦ ਆਪਣੀ ਖਾਮੋਸ਼ੀ ਤੋੜਦੇ ਹੋਏ ਕਿਹਾ ਸੀ ਕਿ ਉਨ੍ਹਾਂ ਦਾ ਦੇਸ ਯੋਗ ਪੇਸ਼ੇਵਰਾਂ ਦਾ ਸਵਾਗਤ ਕਰਦਾ ਰਹੇਗਾ। ਪਰ ਇਸ ਭਾਵਨਾ ਦੇ ਉਲਟ ਟਰੰਪ ਪ੍ਰਸ਼ਾਸਨ ਨੇ ਪ੍ਰੀਮੀਅਮ ਐੱਚ-1 ਵੀਜ਼ਾ ਜਾਰੀ ਕਰਨ 'ਤੇ ਅਸਥਾਈ ਰੋਕ ਲਗਾਈ ਹੋਈ ਹੈ। ਜਿਵੇਂ ਜ਼ਿਆਦਾ ਫੀਸ ਦੇ ਕੇ ਵੀ ਇਹ ਵੀਜ਼ਾ 15 ਦਿਨ ਦੇ ਅੰਦਰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਫ਼ੈਸਲੇ ਕਾਰਨ ਭਾਰਤੀ ਆਈਟੀ ਕੰਪਨੀਆਂ 'ਤੇ ਬੁਰਾ ਅਸਰ ਪੈਣਾ ਸ਼ੁਰੂ ਹੋ ਗਿਆ ਹੈ। ਹਾਲਾਂ ਕਿ ਇਸ ਮੁੱਦੇ ਤੋਂ ਰੂਬਰੂ ਹੋਣ ਤੋਂ ਬਾਅਦ ਭਾਰਤ ਸਰਕਾਰ ਨੇ ਵਿਦੇਸ਼ ਤੇ ਵਪਾਰਕ ਸਕੱਤਰਾਂ ਨੂੰ ਅਮਰੀਕੀ ਪ੍ਰਸ਼ਾਸਨ ਨਾਲ ਗੱਲਬਾਤ ਲਈ ਭੇਜਿਆ ਵੀ, ਪਰ ਹਾਲੇ ਤੱਕ ਇਸ ਦਾ ਕੋਈ ਹੱਲ ਨਹੀਂ ਨਿਕਲਿਆ। ਇਸੇ ਤਰ੍ਹਾਂ ਭਾਰਤੀਆਂ ਦੀ ਸੁਰੱਖਿਆ ਸੰਬੰਧੀ ਰਾਸ਼ਟਰਪਤੀ ਦਫ਼ਤਰ ਤੋਂ ਹੁਣ ਤੱਕ ਕੋਈ ਠੋਸ ਬਿਆਨ ਨਹੀਂ ਆਇਆ ਹੈ। ਇਸ ਕਾਰਨ ਭਾਰਤ ਹੀ ਨਹੀਂ, ਹੋਰ ਅਨੇਕਾਂ ਦੇਸ ਚਿੰਤਤ ਹਨ।

9/11 ਦੇ ਹਮਲਿਆਂ ਤੋਂ ਬਾਅਦ ਅਮਰੀਕਾ ਵਿੱਚ ਨਸਲੀ ਹਿੰਸਾ ਬੁਰੀ ਤਰ੍ਹਾਂ ਪਸਰੀ ਸੀ, ਜਿਸ ਵਿੱਚ ਕਈ ਸਿੱਖ, ਮੁਸਲਮਾਨ ਤੇ ਹਿੰਦੂ ਮਾਰ ਦਿੱਤੇ ਗਏ ਸਨ। ਇੱਥੇ ਵਰਨਣਯੋਗ ਹੈ ਕਿ ਅਮਰੀਕਾ ਵਿਚ ਸਿੱਖ ਨਸਲੀ ਹਮਲਿਆਂ ਦਾ ਵਧੇਰੇ ਨਿਸ਼ਾਨਾ ਬਣੇ ਹਨ, ਕਿਉਂਕਿ ਉਨ੍ਹਾਂ ਦਾ ਪਹਿਰਾਵਾ ਅਰਥਾਤ ਦਸਤਾਰ ਸਜਾਉਣ ਦਾ ਢੰਗ ਮੁਸਲਮਾਨਾਂ ਨਾਲ ਮਿਲਦਾ ਜੁਲਦਾ ਹੈ। ਪਰ ਹੁਣ ਅਮਰੀਕਾ ਵਿਚ ਨਸਲੀ ਹਮਲੇ ਸਿਰਫ਼ ਸਿੱਖਾਂ ਉੱਪਰ ਨਹੀਂ, ਭਾਰਤੀਆਂ ਉੱਪਰ ਨਹੀਂ, ਬਲਕਿ ਗ਼ੈਰ ਅਮਰੀਕੀਆਂ ਉੱਪਰ ਵੀ ਹੋ ਰਹੇ ਹਨ। ਉਦੋਂ ਅਮਰੀਕਾ ਨੇ ਇਹ ਵਿਚਾਰ ਪ੍ਰਗਟਾਏ ਸਨ ਕਿ ਹਮਲਾਵਰਾਂ ਨੇ ਉਨ੍ਹਾਂ ਨੂੰ ਭੁਲੇਖੇ ਨਾਲ ਅਰਬ ਨਾਗਰਿਕ ਮੰਨ ਲਿਆ ਸੀ। ਇਹੀ ਗੱਲ ਸ੍ਰੀਨਿਵਾਸ ਦੇ ਕਤਲ ਤੋਂ ਬਾਅਦ ਦੁਹਰਾਈ ਗਈ। ਪਰ ਹੁਣ ਸਪੱਸ਼ਟ ਹੋ ਰਿਹਾ ਹੈ ਕਿ ਨਸਲਵਾਦੀ ਗੋਰੇ ਭਾਰਤੀ ਅਤੇ ਏਸ਼ਿਆਈ ਮੂਲ ਦੇ ਲੋਕਾਂ ਨੂੰ ਜਾਣ ਬੁੱਝ ਕੇ ਨਿਸ਼ਾਨਾ ਬਣਾ ਰਹੇ ਹਨ।



ਇਹ ਗੱਲ ਸੱਚ ਹੈ ਕਿ ਜੇਕਰ ਨਸਲੀ ਹਿੰਸਾ ਵਿਰੁੱਧ ਸਰਕਾਰ ਨੇ ਸਖ਼ਤ ਕਦਮ ਨਾ ਚੁੱਕੇ ਤਾਂ ਇਹ ਹਿੰਸਾ ਤੇਜ਼ੀ ਨਾਲ ਵਧ ਸਕਦੀ ਹੈ। ਇਸ ਦਾ ਕਾਰਨ ਇਹ ਹੈ ਕਿ ਡੋਨਾਲਡ ਟਰੰਪ ਚੋਣਾਂ ਦੌਰਾਨ ਘਟੀਆ ਪ੍ਰਚਾਰ ਕਰਕੇ ਭੜਕਾਊ ਮਾਹੌਲ ਪਹਿਲਾਂ ਹੀ ਬਣਾ ਚੁੱਕੇ ਹਨ। ਹੁਣ ਤਾਂ ਇਸ ਦਾ ਅਸਰ ਵੀ ਦਿਖਾਈ ਦੇ ਰਿਹਾ ਹੈ। ਅਸਲ ਵਿੱਚ ਟਰੰਪ ਨੇ ਚੋਣਾਂ ਦੌਰਾਨ ਅਮਰੀਕਾ ਨਿਵਾਸੀਆਂ ਨਾਲ ਰਾਸ਼ਟਰਵਾਦ ਦੇ ਸੰਦਰਭ ਵਿੱਚ ਜਿਹੜੇ ਵਾਅਦੇ ਕੀਤੇ ਸਨ, ਉਨ੍ਹਾਂ ਨੇ ਰਾਸ਼ਟਰਪਤੀ ਦਾ ਅਹੁਦਾ ਗ੍ਰਹਿਣ ਕਰਨ ਤੋਂ ਬਾਅਦ ਇਸ ਨੂੰ ਅਮਲ ਵਿੱਚ ਲਿਆਉਣਾ ਸ਼ੁਰੂ ਕਰ ਦਿੱਤਾ ਹੈ। ਟਰੰਪ ਦੇ ਵਾਅਦਿਆਂ ਵਿੱਚ ਇੱਕ ਇਹ ਵੀ ਸੀ ਕਿ ਉਹ ਦੂਜੇ ਦੇਸਾਂ ਤੋਂ ਆ ਕੇ ਅਮਰੀਕਾ ਵਿੱਚ ਕੰਮ ਕਰਨ ਵਾਲੇ ਲੋਕਾਂ 'ਤੇ ਸ਼ਿਕੰਜਾ ਕੱਸਣਗੇ, ਜਿਸ ਨਾਲ ਅਮਰੀਕਾ ਵਿੱਚ ਉਸ ਨੂੰ ਰੁਜ਼ਗਾਰ ਮਿਲਣਾ ਸੌਖਾ ਨਹੀਂ ਹੋਵੇਗਾ। ਇਸੇ ਦੇ ਮੱ-ਦੇਨਜ਼ਰ ਵੀਜ਼ਾ ਨਿਯਮਾਂ ਨੂੰ ਸਖ਼ਤ ਕੀਤਾ ਗਿਆ। ਮੈਕਸੀਕੋ ਤੇ ਅਮਰੀਕੀ ਸਰਹੱਦ 'ਤੇ ਕੰਧ ਖੜ੍ਹੀ ਕਰਨ ਦੀ ਗੱਲ ਆਖੀ ਗਈ। ਇਸ ਨਾਲ ਅਮਰੀਕੀ ਨੌਜਵਾਨਾਂ ਦੀ ਧਾਰਨਾ ਵਿੱਚ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਉਨ੍ਹਾਂ ਦੇ ਰੁਜ਼ਗਾਰ ਦੇ ਹੱਕ ਵਿਦੇਸ਼ੀਆਂ ਦੇ ਕਾਰਨ ਖੋਹੇ ਜਾ ਰਹੇ ਹਨ। ਇਹੀ ਕਾਰਨ ਵੀ ਨਸਲੀ ਹਿੰਸਾ ਦਾ ਕਾਰਨ ਹੈ। ਇਨ੍ਹਾਂ ਕਾਰਨਾਂ ਕਾਰਣ ਅਮਰੀਕਾ ਦਾ ਵਿਸ਼ਵ ਪੱਧਰ 'ਤੇ ਅਕਸ ਨਾਂਹਪੱਖੀ ਬਣ ਰਿਹਾ ਹੈ ਤੇ ਸੰਸਾਰੀਕਰਨ ਦੀ ਜਿਹੜੀ ਧਾਰਨਾ ਅਮਰੀਕਾ ਤੋਂ ਪੂਰੇ ਵਿਸ਼ਵ ਵਿੱਚ ਫੈਲੀ ਸੀ, ਉਹ ਤਿੰਨ ਦਹਾਕਿਆਂ ਦੇ ਅੰਦਰ ਹੀ ਖੰਡਿਤ ਹੋਣ ਲੱਗੀ ਹੈ।

ਅਮਰੀਕਾ ਵਿੱਚ ਸ਼ੁਰੂ ਹੋਏ ਇਨ੍ਹਾਂ ਨਸਲੀ ਹਮਲਿਆਂ ਤੋਂ ਜ਼ਾਹਿਰ ਹੋ ਰਿਹਾ ਹੈ ਕਿ ਇੱਥੇ ਗ਼ੈਰ ਅਮਰੀਕੀਆਂ ਲਈ ਹੁਣ ਅਮਰੀਕਾ ਰਹਿਣ ਲਈ ਸੁਰੱਖਿਅਤ ਸਥਾਨ ਨਹੀਂ ਰਹਿ ਗਿਆ। ਅਸਲ ਵਿੱਚ 9/11 ਦੇ ਅੱਤਵਾਦੀ ਹਮਲੇ ਤੋਂ ਬਾਅਦ ਪ੍ਰਵਾਸੀ ਭਾਰਤੀਆਂ 'ਤੇ ਵੱਡੇ ਹਮਲੇ ਦੀ ਸ਼ੁਰੂਆਤ ਵਿਕੋਂਸਿਸ ਗੁਰਦੁਆਰੇ 'ਤੇ ਹੋਏ ਹਮਲੇ ਨਾਲ ਹੋਈ ਸੀ। ਇਸ ਦਾ ਹਮਲਾਵਰ ਵੇਡ ਮਾਈਕਲ ਪੇਜ ਨਾਮਕ ਸ਼ਖ਼ਸ ਸੀ, ਇਹ ਕੋਈ ਮਾਮੂਲੀ ਸਿਰਫਿਰਿਆ ਵਿਅਕਤੀ ਨਾ ਹੋ ਕੇ, ਅਮਰੀਕੀ ਫ਼ੌਜ ਦੇ ਮਨੋਵਿਗਿਆਨ ਮੁਹਿੰਮ ਦਾ ਮਾਹਿਰ ਸੀ ਤੇ ਨਸਲੀ ਆਧਾਰ 'ਤੇ ਗੋਰਿਆਂ ਨੂੰ ਸਰਵਸ੍ਰੇਸ਼ਠ ਮੰਨਣ ਵਾਲੇ ਨਵ ਨਾਜੀ ਧੜੇ 'ਐਂਡ ਏਪੈਥੀ' ਨਾਲ ਜੁੜਿਆ ਸੀ। ਇਸੇ ਸੋਚ ਦਾ ਸ਼੍ਰੀਨਿਵਾਸ ਦਾ ਹਮਲਾਵਰ ਨੌਸੈਨਿਕ ਐਡਮ ਪੁਰਿਨਟੋਨ ਦੱਸਿਆ ਗਿਆ ਹੈ। ਇਹ ਅੰਦੋਲਨ ਇਸ ਲਈ ਵੀ ਪਰਵਾਨ ਚੜ੍ਹ ਰਿਹਾ ਹੈ, ਕਿਉਂਕਿ ਇਸ ਨੂੰ ਦੱਖਣ ਪੰਥੀ ਬੰਦੂਕ ਲਾਬੀ ਤੋਂ ਵੀ ਸਮਰਥਨ ਮਿਲ ਰਿਹਾ ਹੈ। ਨਤੀਜੇ ਵਜੋਂ ਅਮਰੀਕਾ ਤੋਂ ਨਸਲਵਾਦੀ ਹਿੰਸਕ ਗੋਰਿਆਂ ਦੇ ਨਿਸ਼ਾਨੇ 'ਤੇ ਹਿੰਦੂ, ਸਿੱਖ ਤੇ ਮੁਸਲਿਮ ਆ ਰਹੇ ਹਨ। ਇਸ ਤਰ੍ਹਾਂ ਵਿਦੇਸ਼ੀ ਲੋਕਾਂ ਨੂੰ ਡਰਾ ਧਮਕਾ ਕੇ ਜਾਂ ਫਿਰ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਕੇ ਆਪਣੇ ਦੇਸ ਵਾਪਸ ਚਲੇ ਜਾਣ ਦਾ ਮਾਹੌਲ ਸਿਰਜਣ ਦੀ ਵੱਡੇ ਪੱਧਰ 'ਤੇ ਤਿਆਰੀ ਸ਼ੁਰੂ ਹੋ ਗਈ ਹੈ। ਇਸ ਘਾਤਕ ਸਥਿਤੀ ਦੌਰਾਨ ਰਾਸ਼ਟਰਪਤੀ ਟਰੰਪ ਅਤੇ ਸਥਾਨਕ ਪ੍ਰਸ਼ਾਸਨ ਹਮਲਾਵਰਾਂ ਦੇ ਸਾਹਮਣੇ ਕਮਜ਼ੋਰ ਪੈਂਦੇ ਦਿਖਾਈ ਦੇ ਰਹੇ ਹਨ।

ਅੱਜ ਲੱਗਭੱਗ ਪੂਰੀ ਦੁਨੀਆਂ ਵਿੱਚ ਸੱਜੇ ਪੱਖੀ ਤਾਕਤਾਂ ਭਾਰੂ ਪੈ ਰਹੀਆਂ ਹਨ ਜੋ ਜਾਤੀਵਾਦ ਤੇ ਨਸਲਵਾਦ ਦੀ ਸੋਚ ਅਧੀਨ ਸੱਭਿਆਚਾਰਕ ਬਹੁਲਤਾ ਤੇ ਸਰਬੱਤ ਦੀ ਆਜ਼ਾਦੀ ਨੂੰ ਢਾਅ ਲਗਾ ਰਹੀਆਂ ਹਨ ਤੇ ਇਸ ਨਾਲ ਦਹਿਸ਼ਤ ਦਾ ਮਾਹੌਲ ਪਨਪ ਰਿਹਾ ਹੈ। ਵਿਸ਼ਵ ਏਕਤਾ ਲਈ ਖ਼ਤਰਾ ਬਣ ਚੁੱਕੇ ਇਸ ਨਸਲਵਾਦ 'ਤੇ ਪਾਬੰਦੀ ਕਿਵੇਂ ਲੱਗੇ, ਇਸ ਸੰਦਰਭ ਵਿੱਚ ਸੰਯੁਕਤ ਰਾਸ਼ਟਰ ਸੰਘ ਜਿਹੀਆਂ ਸੰਸਥਾਵਾਂ ਨੂੰ ਸੋਚਣ ਦੀ ਜ਼ਰੂਰਤ ਹੈ।

ਵਿਸ਼ਵ ਭਰ ਵਿੱਚ ਅਮਰੀਕਾ ਦਾ ਅਕਸ ਇੱਕ ਮਹਾਸ਼ਕਤੀ ਅਤੇ ਤਾਕਤਵਰ ਦੇਸ ਦਾ ਰਿਹਾ ਹੈ, ਪਰ ਇਸ ਦੇ ਬਾਵਜੂਦ ਉਹ ਖੁੱਲ੍ਹੇਪਣ, ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਦਾ ਪੱਖ ਲੈਣ ਵਾਲਾ ਦੇਸ ਵੀ ਰਿਹਾ ਹੈ, ਜਿਸ ਨੇ ਦੁਨੀਆਂ ਭਰ ਤੋਂ ਆਏ ਯੋਗ ਤੇ ਪ੍ਰਤਿਭਾਸ਼ਾਲੀ ਲੋਕਾਂ ਨੂੰ ਖੁੱਲ੍ਹੇ ਦਿਲ ਨਾਲ ਅਪਣਾਇਆ, ਉਨ੍ਹਾਂ ਨੂੰ ਆਪਣਾ ਕੈਰੀਅਰ ਬਣਾਉਣ-ਸੰਵਾਰਨ ਦੇ ਮੌਕੇ ਦਿੱਤੇ। ਅਮਰੀਕਾ ਦੀ ਇਹ ਸਾਖ ਅੱਜ ਖ਼ਤਰੇ ਵਿੱਚ ਹੈ। ਅਮਰੀਕਾ ਵਿੱਚ ਰੰਗਭੇਦ ਦੀ ਤਰਾਸਦੀ ਦੇ ਖ਼ਿਲਾਫ਼ ਅਤੇ ਸਮਾਨ ਨਾਗਰਿਕ ਅਧਿਕਾਰ ਹਾਸਲ ਕਰਨ ਲਈ ਕਾਲਿਆਂ ਨੂੰ ਲੰਮੇ ਸਮੇਂ ਤੱਕ ਸੰਘਰਸ਼ ਕਰਨਾ ਪਿਆ ਸੀ, ਪਰ ਹੁਣ ਵੀ ਉੱਥੇ ਕੁਝ ਲੋਕ ਕਾਲਿਆਂ, ਮੁਸਲਮਾਨਾਂ ਜਾਂ ਦੂਜੇ ਅਪ੍ਰਵਾਸੀਆਂ ਨਾਲ ਨਸਲ ਜਾਂ ਰੰਗ ਦੇ ਆਧਾਰ 'ਤੇ ਨਫ਼ਰਤ ਦੇ ਵਾਤਾਵਰਨ ਵਿੱਚ ਜੀਅ ਰਹੇ ਹਨ। ਇਹ ਮਾਹੌਲ ਮਨੁੱਖੀ ਅਧਿਕਾਰਾਂ, ਸਰਬੱਤ ਆਜ਼ਾਦੀ, ਸੱਭਿਆਚਾਰਕ ਬਹੁਲਤਾ ਨਾਲ ਭਰਪੂਰ ਅਮਰੀਕਾ ਦੇ ਹਿੱਤ ਵਿਚ ਨਹੀਂ ਹੋਵੇਗਾ। ਪ੍ਰਵਾਸੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਦੀ ਗੱਲਾਂ ਯੂਰਪ ਵਿੱਚ ਵੀ ਹੁੰਦੀਆਂ ਹਨ, ਪਰ ਫਰਾਂਸ ਵਿੱਚ ਰਾਸ਼ਟਰਪਤੀ ਅਹੁਦੇ ਲਈ ਹੋਈ ਚੋਣ ਦੇ ਨਤੀਜੇ ਨੇ ਦੱਸਿਆ ਕਿ ਉਦਾਰਵਾਦ ਦੀ ਧਾਰ ਹੁਣ ਵੀ ਵਿਸ਼ਾਲ ਤੇ ਮਜ਼ਬੂਤ ਹੈ। ਲੋੜ ਇਸ ਗੱਲ ਦੀ ਹੈ ਕਿ ਨਸਲਵਾਦ ਅੱਤਵਾਦ ਨੂੰ ਰੋਕਣ ਦੇ ਲਈ ਹਰੇਕ ਦੇਸ਼ ਨੂੰ ਸਖ਼ਤ ਕਦਮ ਚੁੱਕਣੇ ਪੈਣਗੇ ਤੇ ਮਨੁੱਖ ਦਾ ਸ਼ੋਸ਼ਣ ਰੋਕਣਾ ਪਵੇਗਾ। ਨਸਲਵਾਦ ਤੇ ਜਾਤੀਵਾਦ ਵੀ ਅੱਤਵਾਦ ਵਾਂਗ ਮਨੁੱਖਤਾ ਵਿਰੋਧੀ ਵਰਤਾਰਾ ਹੈ, ਜੋ ਕਿ ਮਾਨਵਤਾ ਦਾ ਨਾਸ਼ ਕਰਦਾ ਹੈ। ਇਸ ਨਾਲ ਵਿਸ਼ਵ ਸ਼ਾਂਤੀ ਖਤਰੇ ਵਿਚ ਪੈ ਸਕਦੀ ਹੈ।

## ਪੰਜਾਬ ਵਿਧਾਨ ਸਭਾ 'ਚ ਗੁੰਡਾਰਾਜ

**ਰਜਿੰਦਰ ਸਿੰਘ ਪੁਰੇਵਾਲ**

ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਵਿਚ ਵਿਧਾਇਕਾਂ ਦੀਆਂ ਪੱਗਾਂ, ਚੁੰਨੀਆਂ ਦੀ ਬੇਅਦਬੀ ਕੀਤੀ ਗਈ ਤੇ ਮਾਰਸ਼ਲਾਂ ਵੱਲੋਂ ਉਨ੍ਹਾਂ ਨੂੰ ਖਿੱਚ ਧੂਹ ਕੇ ਬਾਹਰ ਕੱਢਿਆ ਗਿਆ। ਅਜਿਹੀ ਸਥਿਤੀ ਵਿਚ ਇਸ ਨੂੰ ਗੁੰਡਾਰਾਜ ਕਹਿਣਾ ਹੈ ਬਿਹਤਰ ਹੈ। ਨਾ ਕੈਪਟਨ ਅਮਰਿੰਦਰ ਸਿੰਘ ਨੇ ਯੋਗ ਭੂਮਿਕਾ ਨਿਭਾਈ ਤੇ ਨਾ ਹੀ 'ਆਪ' ਵਾਲਿਆਂ ਤੇ ਬਾਦਲ ਦਲ ਵਾਲਿਆਂ ਨੇ। ਕਿਸੇ ਨੂੰ ਵੀ ਪੰਜਾਬ ਨਾਲ ਪਿਆਰ ਨਹੀਂ ਤੇ ਉਹ ਪੰਜਾਬ ਦੇ ਸੱਭਿਆਚਾਰ ਤੇ ਅਸਤਿਤਵ ਦੀਆਂ ਧੱਜੀਆਂ ਉਡਾ ਰਹੇ ਹਨ। ਸਾਰੀਆਂ ਧਿਰਾਂ ਮਾਅਰਕੇਬਾਜ਼ੀ ਤੇ ਹੁੱਲੜਬਾਜ਼ੀ ਨੂੰ ਉਤਸ਼ਾਹਿਤ ਕਰ ਰਹੀਆਂ ਹਨ। ਪਹਿਲੇ ਦਿਨ ਰਸਮੀ ਸ਼ਰਧਾਂਜਲੀਆਂ ਤੋਂ ਲੈ ਕੇ ਆਖ਼ਰੀ ਦਿਨ ਤਕ ਵਿਰੋਧੀ ਧਿਰ ਦੀ ਨਾਅਰੇਬਾਜ਼ੀ ਤੇ ਵਾਕਆਊਟ, ਵਿਧਾਇਕਾਂ ਦੀਆਂ ਮੁਅੱਤਲੀਆਂ ਅਤੇ ਹੁਕਮਰਾਨ ਧਿਰ ਦਾ ਗ਼ੈਰ-ਜ਼ਿੰਮੇਵਾਰਾਨਾ ਵਿਵਹਾਰ ਇਸ ਇਜਲਾਸ ਦਾ ਦ੍ਰਿਸ਼ ਬਣੇ ਰਹੇ ਹਨ। ਰਾਜ ਨੂੰ ਦਰਪੇਸ਼ ਗੰਭੀਰ ਮਸਲਿਆਂ, ਇੱਥੋਂ ਤਕ ਕਿ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਰਗੇ ਦੁਖਾਂਤਮਈ ਮੁੱਦਿਆਂ 'ਤੇ ਗੰਭੀਰ ਚਰਚਾ ਨਾ ਹੋਈ। ਨਵਜੋਤ ਸਿੰਘ ਸਿੱਧੂ ਤੇ ਸੁਖਬੀਰ ਸਿੰਘ ਬਾਦਲ ਨੇ ਗੈਰ ਜ਼ਿੰਮੇਵਾਰੀ ਵਾਲੀ ਭੂਮਿਕਾ ਨਿਭਾਈ ਹੈ। ਅੱਜ ਪੰਜਾਬ ਦੇ ਲੋਕ ਪਛਤਾਉਂਦੇ ਹੋਣਗੇ ਕਿ ਉਨ੍ਹਾਂ ਨੇ ਅਜਿਹੇ ਲੋਕਾਂ ਦੀ ਚੋਣ ਕੀਤੀ ਹੈ ਜੋ ਪੰਜਾਬ ਦੇ ਮੱਸਲੇ ਹੱਲ ਕਰਨ ਦੀ ਥਾਂ ਡਬਲਯੂ ਡਬਲਯੂ ਈ ਵਾਲਾ ਭਲਵਾਨਾਂ ਵਾਲਾ ਜਾਂ ਫਿਰ ਮੁੰਬਈ ਮਾਫੀਆ ਵਾਲਾ ਰੋਲ ਨਿਭਾ ਰਹੇ ਹਨ। ਪੰਜਾਬ ਦੇ ਵਿਧਾਇਕਾਂ ਨੇ ਜੋ ਭੂਮਿਕਾ ਅਦਾ ਕੀਤੀ ਹੈ, ਉਹ ਕਿਸੇ ਵੀ ਤਰ੍ਹਾਂ ਮਾਫੀਯੋਗ ਨਹੀਂ ਹੈ। ਚੰਗੀ ਗੱਲ ਹੈ ਕਿ ਅਜਿਹੇ ਲੋਕਾਂ ਨੂੰ ਮੁੜ ਕੇ ਜਿਤਾਇਆ ਨਾ ਜਾਵੇ ਤਾਂ ਜੋ ਸਭ ਸਿਆਸਤਦਾਨਾਂ ਨੂੰ ਸਹੀ ਸਬਕ ਮਿਲ ਸਕੇ।

## ਮੁਲਾਜ਼ਮ ਵੀ ਐੱਸ. ਟੀ. ਐੱਫ. ਦੀ ਰਾਡਾਰ 'ਤੇ ਆ ਗਏ ਹਨ

ਇਨ੍ਹਾਂ 'ਚੋਂ ਕੁਝ ਅਧਿਕਾਰੀਆਂ ਨੂੰ ਆਉਣ ਵਾਲੇ ਕੁਝ ਦਿਨਾਂ 'ਚ ਐੱਸ. ਟੀ. ਐੱਫ. ਤਲਬ ਵੀ ਕਰ ਸਕਦੀ ਹੈ। ਪੂਰੇ ਕੇਸ ਦੀ ਪਲ-ਪਲ ਦੀ ਰਿਪੋਰਟ ਐੱਸ. ਟੀ. ਐੱਫ. ਵੱਲੋਂ ਮੁੱਖ ਮੰਤਰੀ ਦਫਤਰ ਨੂੰ ਭੇਜੀ ਜਾ ਰਹੀ ਹੈ। ਐੱਸ. ਟੀ. ਐੱਫ. ਚੀਫ ਹਰਪ੍ਰੀਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਇੰਦਰਜੀਤ ਕੇਸ ਦੀ ਟੀਮ ਪੂਰੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਅਤੇ ਜੇਕਰ ਕਿਸੇ ਦੀ ਵੀ ਕੇਸ 'ਚ ਗਲਤ ਭੂਮਿਕਾ ਸਾਹਮਣੇ ਆਈ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

### ਪੰਜਾਬ ਪੁਲਸ 'ਚ ਸੱਤਾ ਦੇ ਬਣੇ ਦੋ ਕੇਂਦਰ

ਕਾਂਗਰਸ ਸਰਕਾਰ ਦੇ ਰਾਜ 'ਚ ਪੰਜਾਬ ਪੁਲਸ ਦੇ ਉਪਰਲੇ ਪੱਧਰ 'ਤੇ ਅਜੀਬ ਖੇਡ ਦੇਖਣ ਨੂੰ ਮਿਲ ਰਹੀ ਹੈ। ਪੰਜਾਬ ਪੁਲਸ 'ਚ ਡੀ. ਜੀ. ਪੀ. ਅਰੋੜਾ ਅਤੇ ਐੱਸ. ਟੀ. ਐੱਫ. ਚੀਫ ਹਰਪ੍ਰੀਤ ਸਿੰਘ ਸਿੱਧੂ ਦੇ ਰੂਪ 'ਚ ਵੱਖ-ਵੱਖ ਸੱਤਾ ਦੇ ਕੇਂਦਰ ਚੱਲ ਰਹੇ ਹਨ। ਇਕ ਪਾਸੇ ਬਤੌਰ ਐੱਸ. ਟੀ. ਐੱਫ. ਚੀਫ ਹਰਪ੍ਰੀਤ ਸਿੰਘ ਸਿੱਧੂ ਸਿੱਧਾ ਮੁੱਖ ਮੰਤਰੀ ਨੂੰ ਰਿਪੋਰਟ ਕਰ ਰਹੇ ਹਨ ਅਤੇ ਉਥੇ ਹੁਣ ਉਨ੍ਹਾਂ ਕੋਲ ਏ. ਡੀ. ਜੀ. ਪੀ. ਬਾਰਡਰ ਰੇਂਜ ਦਾ ਐਡੀਸ਼ਨਲ ਚਾਰਜ ਆਉਣ ਤੋਂ ਬਾਅਦ ਬਠਿੰਡਾ ਰੇਂਜ ਅਤੇ ਬਾਰਡਰ ਰੇਂਜ ਦੇ ਸਾਰੇ ਅਧਿਕਾਰੀ ਸਿੱਧਾ ਹਰਪ੍ਰੀਤ ਸਿੱਧੂ ਨੂੰ ਰਿਪੋਰਟ ਕਰ ਰਹੇ ਹਨ। ਇਨ੍ਹਾਂ ਦੋਹਾਂ ਰੇਂਜਾਂ ਦੀ ਗੱਲ ਕਰੀਏ ਤਾਂ ਸੂਬੇ 'ਚ ਤਕਰੀਬਨ ਅੱਧੇ ਜ਼ਿਲੇ ਇਸ 'ਚ ਆਉਂਦੇ ਹਨ। ਅਜਿਹੇ 'ਚ ਅਕਾਲੀ ਸਰਕਾਰ ਵੇਲੇ ਲਗਾਏ ਗਏ ਡੀ. ਜੀ. ਪੀ. ਸੁਰੇਸ਼ ਅਰੋੜਾ ਦੀ ਤਾਕਤ ਉਪਰਲੇ ਪੱਧਰ 'ਤੇ ਕਾਫੀ ਕਮਜ਼ੋਰ ਹੋਈ ਹੈ।

## 'ਆਪ' ਦਾ ਗੜ੍ਹ ਤੋੜਨ ਵਾਲੇ ਮਲਵਈ ਕਾਂਗਰਸੀ ਵਿਧਾਇਕਾਂ ਦਾ ਵਜ਼ੀਰੀਆਂ 'ਚ ਲੱਗ ਸਕਦੈ ਨੰਬਰ

**ਮੋਗਾ** – ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਬੀਤੀ 16 ਮਾਰਚ ਨੂੰ ਪੰਜਾਬ ਮੰਤਰੀ ਮੰਡਲ ਦੇ ਗਠਨ ਸਮੇਂ ਭਾਵੇਂ ਪੰਜਾਬ ਦੇ ਦਿਲ ਸਮਝੇ ਜਾਣ ਵਾਲੇ ਮਾਲਵੇ ਖਿੱਤੇ ਦੇ ਪੰਜ ਜ਼ਿਲਿਆਂ ਮੋਗਾ, ਫਰੀਦਕੋਟ, ਫਿਰੋਜ਼ਪੁਰ, ਮੁਕਤਸਰ ਅਤੇ ਫਾਜ਼ਿਲਕਾ 'ਚੋਂ ਕਿਸੇ ਵੀ ਵਿਧਾਇਕ ਨੂੰ ਮੰਤਰੀ ਮੰਡਲ 'ਚ ਸ਼ਾਮਲ ਨਹੀਂ ਕੀਤਾ, ਪਰ ਹੁਣ ਜਦੋਂ ਫਿਰ ਤੋਂ ਮੰਤਰੀ ਮੰਡਲ ਦੇ ਵਿਸਥਾਰ ਕਰਨ ਦੀ ਪ੍ਰਕਿਰਿਆ ਚੱਲਣ ਲੱਗੀ ਹੈ ਤਾਂ ਮਾਲਵੇ ਦੇ ਉਨ੍ਹਾਂ ਵਿਧਾਇਕਾਂ ਦਾ ਨਾਮ ਮੰਤਰੀ ਮੰਡਲ ਦੀ ਦੌੜ 'ਚ ਸ਼ੁਰੂ ਹੋ ਗਿਆ ਹੈ ਜਿਹੜੇ ਤੀਜੀ, ਚੌਥੀ ਵਾਰ ਵਿਧਾਇਕ ਬਣਨ ਦੇ ਨਾਲ-ਨਾਲ ਮਾਲਵੇ 'ਚ ਆਮ ਆਦਮੀ ਪਾਰਟੀ ਦਾ ਵੱਡਾ ਗੜ੍ਹ ਤੋੜ ਕੇ ਵਿਧਾਨ ਸਭਾ ਦੀਆਂ ਪੌੜੀਆਂ ਚੜੇ ਹਨ। ਮੰਤਰੀ ਮੰਡਲ 'ਚ ਸਭ ਤੋਂ ਮੋਹਰੀ ਨਾਮ ਇਸ ਵੇਲੇ ਗੁਰਮੀਤ ਸਿੰਘ ਰਾਣਾ ਸੋਢੀ ਦਾ ਚੱਲ ਰਿਹਾ ਹੈ ਜੋ ਕਿ ਲਗਾਤਾਰ ਚੌਥੀ ਦਫ਼ਾ ਗੁਰੂ ਹਰਸਹਾਇ ਹਲਕੇ ਤੋਂ ਵਿਧਾਇਕ ਬਣੇ ਹਨ। ਸੂਤਰ ਮੁਤਾਬਕ ਰਾਣਾ ਸੋਢੀ ਦੇ ਸਮਰਥਕ ਉਨ੍ਹਾਂ ਦੀ ਮੰਤਰੀ ਮੰਡਲ 'ਚ ਸ਼ਮੂਲੀਅਤ ਪੱਕੀ ਮੰਨ ਰਹੇ ਹਨ। ਗਿੱਦੜਬਾਹਾ ਹਲਕੇ ਤੋਂ ਵਿਧਾਇਕ ਤੇ ਤੇਜ਼ ਤਰਾਰ ਨੌਜਵਾਨ ਨੇਤਾ ਅਮਰਿੰਦਰ ਸਿੰਘ ਰਾਜਾ ਵੜਿੰਗ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਹੋਣ ਕਰਕੇ ਨੌਜਵਾਨ ਕੋਟੇ 'ਚੋਂ ਮੰਤਰੀ ਬਣਨ ਦੀ ਤਾਂਕ 'ਚ ਹਨ। ਇਸ ਤੋਂ ਇਲਾਵਾ ਮੰਤਰੀ ਬਣਨ ਦੀ ਦੌੜ 'ਚ ਗੁਰਪ੍ਰੀਤ ਸਿੰਘ ਕਾਂਗੜ ਵਿਧਾਇਕ ਰਾਮਪੁਰਾ ਫੂਲ ਵੀ ਸ਼ਾਮਲ ਦੱਸੇ ਜਾਂਦੇ ਹਨ ਜਿਹੜੇ ਤੀਜੀ ਵਾਰ ਵਿਧਾਇਕ ਬਣਨ ਦੇ ਨਾਲ-ਨਾਲ ਕੈਪਟਨ ਗਰੁੱਪ ਨਾਲ ਹਮੇਸ਼ਾ ਖੜੇ ਰਹਿਣ ਵਾਲੇ ਆਗੂ ਹਨ। ਇਸੇ ਤਰ੍ਹਾਂ ਜ਼ਿਲਾ ਮੋਗਾ ਦੇ ਵਿਧਾਨ ਸਭਾ ਹਲਕਾ ਬਾਘਾਪੁਰਾਣਾ ਤੋਂ ਵਿਧਾਇਕ ਬਣੇ ਦਰਸ਼ਨ ਸਿੰਘ ਬਰਾੜ ਦੇ ਹੱਕ 'ਚ ਇੱਕ ਗੱਲ ਤਾਂ ਇਹ ਜਾਂਦੀ ਹੈ ਕਿ ਉਹ ਉਸ ਵੇਲੇ ਮੋਗਾ ਜ਼ਿਲੇ 'ਚ ਕਾਂਗਰਸ ਪਾਰਟੀ ਦੀ ਅਗਵਾਈ ਕਰਦੇ ਰਹੇ ਜਦੋਂ ਪਿਛਲੀ ਅਕਾਲੀ ਹਕੂਮਤ ਸਮੇਂ ਕਾਂਗਰਸ ਪਾਰਟੀ ਦੇ ਬਹੁਤੇ ਆਗੂਆਂ ਨੇ ਆਪਣੀਆਂ ਸਰਗਰਮੀਆਂ ਸੀਮਿਤ ਕਰ ਦਿੱਤੀਆਂ ਸਨ। ਤੀਜੀ ਦਫ਼ਾ ਵਿਧਾਇਕ ਬਣੇ ਬਰਾੜ ਅੱਤਵਾਦ ਦੀ ਕਾਲੀ ਹਨੇਰੀ ਤੋਂ ਪਾਰਟੀ ਨਾਲ ਜੁੜੇ ਆ ਰਹੇ ਹਨ ਅਤੇ ਇਸ ਤੋਂ ਪਹਿਲਾਂ ਵੀ 1992 'ਚ ਰਾਜ ਮੰਤਰੀ ਰਹਿ ਚੁੱਕੇ ਹਨ। ਦੱਸਣਯੋਗ ਹੈ ਕਿ ਮਾਲਵੇ 'ਚੋਂ 'ਆਪ' ਸਭ ਤੋਂ ਵੱਧ ਬਾਘਾਪੁਰਾਣਾ ਸੀਟ ਨੂੰ ਸੁਰੱਖਿਅਤ ਮੰਨਦੀ ਸੀ ਪਰ ਵਿਧਾਇਕ ਬਰਾੜ ਨੇ 'ਆਪ' ਦਾ ਕਿਲਾ ਢਹਿ-ਢੇਰੀ ਕੀਤਾ ਹੈ। ਇੱਕ ਕਾਂਗਰਸੀ ਆਗੂ ਨੇ ਦੱਸਿਆ ਕਿ ਪਟਿਆਲਾ ਅਤੇ ਅੰਮ੍ਰਿਤਸਰ ਜ਼ਿਲਿਆਂ ਨੂੰ ਪਹਿਲਾਂ ਮੰਤਰੀ ਮੰਡਲ 'ਚ ਸਭ ਤੋਂ ਵੱਧ ਨੁਮਾਇੰਦਗੀ ਮਿਲੀ ਹੈ ਅਤੇ ਮਾਲਵਾ 'ਫਾਡੀ' ਰਿਹਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਨੇ ਮਾਲਵੇ 'ਚ 'ਆਪ' ਦਾ ਗੜ੍ਹ ਤੋੜਨ 'ਚ ਅਹਿਮ ਭੂਮਿਕਾ ਨਿਭਾਈ ਹੈ ਇਸ ਲਈ ਮਾਲਵੇ ਦੇ ਵਿਧਾਇਕਾਂ ਨੂੰ ਪੰਜਾਬ ਸਰਕਾਰ 'ਚ ਬਣਦਾ ਸਨਮਾਨ ਮਿਲਣਾ ਚਾਹੀਦਾ ਹੈ। ਹੁਣ ਦੇਖਣਾ ਇਹ ਹੈ ਕਿ ਮਾਲਵੇ ਦੇ ਕਿੰਨਾਂ ਵਿਧਾਇਕਾਂ ਨੂੰ ਮੰਤਰੀ ਮੰਡਲ ਵਿਚ ਲ਼ਗ੍ਹਾ ਮਿਲਦੀ ਹੈ।

## ਰੋਜ਼ ਆਉਂਦੇ ਸਨ ਅਸ਼ਲੀਲ ਫੋਨ ਕਰਦੇ ਸਨ ਗੰਦੀਆਂ-ਗੰਦੀਆਂ ਗੱਲਾਂ

**ਭੋਪਾਲ** – ਪਤਨੀ ਨੂੰ ਬਦਨਾਮ ਕਰਨ ਲਈ ਫੇਸਬੁੱਕ 'ਤੇ ਉਸਦੀ ਫਰਜ਼ੀ ਅਤੇ ਅਸ਼ਲੀਲ ਪ੍ਰੋਫਾਈਲ ਬਣਾਉਣ ਵਾਲੇ ਪਟਵਾਰੀ ਪਤੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਨੇ ਪਤਨੀ ਦਾ ਮੋਬਾਈਲ ਨੰਬਰ ਵੀ ਪੋਸਟ ਕੀਤਾ ਹੋਇਆ ਸੀ। ਅਸ਼ਲੀਲ ਪੋਸਟ ਦੇਖ ਕੇ ਲੋਕ ਗਲਤ ਸਮਝ ਕੇ ਫੋਨ ਕਰਕੇ ਔਰਤ ਨੂੰ ਪਰੇਸ਼ਾਨ ਕਰਦੇ ਰਹਿੰਦੇ ਸਨ, ਪਰ ਉਸਨੂੰ ਸਮਝ ਨਹੀਂ ਸੀ ਆਉਂਦਾ ਕਿ ਗੰਦੇ ਮਰਦ ਇਸ ਤਰ੍ਹਾਂ ਕਿਉਂ ਕਰਦੇ ਹਨ। ਤੰਗ ਆ ਕੇ ਔਰਤ ਨੇ ਪੁਲਸ ਨੂੰ ਸ਼ਿਕਾਇਤ ਕੀਤੀ।

ਐਸ.ਪੀ. ਆਇਬਰ ਸੈੱਲ ਸੈਲੇਂਦਰ ਸਿੰਘ ਚੌਹਾਨ ਦੇ ਮੁਤਾਬਕ, ਇਕ ਔਰਤ ਨੇ ਸ਼ਿਕਾਇਤ ਕੀਤੀ ਸੀ ਕਿ ਕਿਸੇ ਨੇ ਫੇਸਬੁੱਕ 'ਤੇ ਉਸਦੇ ਨਾਂ ਦੀ ਫਰਜੀ ਆਈ.ਡੀ. ਬਣਾਈ ਹੋਈ ਹੈ। ਉਸ 'ਚ ਅਸ਼ਲੀਲ ਫੋਟੋ ਅਤੇ ਫੋਨ ਨੰਬਰ ਵੀ ਪੋਸਟ ਕੀਤਾ ਹੋਇਆ ਹੈ। ਹੁਣ ਲੋਕ ਉਸਨੂੰ ਵਾਰ-ਵਾਰ ਫੋਨ ਕਰਕੇ ਪਰੇਸ਼ਾਨ ਕਰ ਰਹੇ ਹਨ।

ਪੁਲਸ ਨੇ ਜਾਂਚ ਦੌਰਾਨ ਬੈਤੂਲ ਨਿਵਾਸੀ ਰਾਜਕੁਮਾਰ ਮਾਲਵੀਯ ਨੂੰ ਗਿਫ੍ਤਾਰ ਕੀਤਾ। ਬਾਅਦ 'ਚ ਪਤਾ ਲੱਗਾ ਕਿ ਉਹ ਸ਼ਿਕਾਇਤਕਰਤਾ ਦਾ ਪਤੀ ਹੀ ਹੈ, ਜੋ ਕਿ ਪਿਛਲੇ 8 ਸਾਲ ਤੋਂ ਆਪਣੀ ਪਤਨੀ ਤੋਂ ਵੱਖ ਹੋ ਕੇ ਰਹਿ ਰਿਹਾ ਸੀ। ਉਸਨੇ ਆਪਣੀ ਪਤਨੀ ਨੂੰ ਪਰੇਸ਼ਾਨ ਕਰਨ ਲਈ ਇਸ ਤਰ੍ਹਾਂ ਕੀਤਾ ਸੀ। ਉਹ ਆਈਡੀ ਨੂੰ ਅਪਡੇਟ ਵੀ ਕਰਦਾ ਸੀ ਅਤੇ ਆਵਾਜ਼ ਬਦਲ ਕੇ ਗੱਲ੍ਹਾਂ ਵੀ ਕਰਦਾ ਸੀ।

ਦੋਸ਼ੀ ਨੂੰ ਆਪਣੇ ਪਿਤਾ ਦੇ ਸਥਾਨ 'ਤੇ ਪਟਵਾਰੀ ਦੀ ਨੌਕਰੀ ਮਿਲੀ ਸੀ, ਪਰ ਉਹ ਪਿਛਲੇ ਇਕ ਸਾਲ ਤੋਂ ਆਪਣੀ ਨੌਕਰੀ ਤੋਂ ਵੀ ਗਾਇਬ ਸੀ। ਸ਼ਿਕਾਇਤ ਕਰਨ ਵਾਲੀ ਔਰਤ ਵਿਆਹ ਤੋਂ ਇਕ ਸਾਲ ਬਾਅਦ ਹੀ ਪਤੀ ਤੋਂ ਤੰਗ ਆ ਕੇ ਪੇਕੇ ਚਲੀ ਗਈ ਸੀ। ਪਤਨੀ ਨੇ ਪਾਲਣ-ਪੋਸ਼ਣ ਲਈ ਕੇਸ ਲਗਾਇਆ ਹੋਇਆ ਸੀ।

## ਇੰਸਪੈਕਟਰ ਇੰਦਰਜੀਤ ਦੀ ਕਾਲ ਡਿਟੇਲ ਰਾਹੀ ਹੋਣਗੇ ਕਈ ਖੁਲਾਸੇ, ਐੱਸ.ਟੀ.ਐੱਫ. ਕਰੇਗੀ ਜਲਦੀ ਹੀ ਨਾਂ ਉਜਾਗਰ

**ਜਲੰਧਰ**– ਡਰੱਗ ਅਤੇ ਨਾਜਾਇਜ਼ ਹਥਿਆਰਾਂ ਦੇ ਮਾਮਲੇ 'ਚ ਫਸੇ ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਦੀ ਪਿਛਲੇ 10 ਸਾਲ ਦੀ ਕਾਲ ਡਿਟੇਲ ਦੀ ਸਪੈਸ਼ਲ ਟਾਸਕ ਫੋਰਸ ਡੂੰਘਾਈ ਨਾਲ ਜਾਂਚ ਵਿਚ ਜੁਟ ਗਈ ਹੈ। ਇਸ ਕਾਲ ਡਿਟੇਲ 'ਚ ਜਿੱਥੇ ਇੰਦਰਜੀਤ ਦੇ ਅਪਰਾਧੀਆਂ ਨਾਲ ਰਿਸ਼ਤਿਆਂ ਦੀ ਪੋਲ ਖੁੱਲ੍ਹੇਗੀ, ਉਥੇ ਹੀ ਉਸ ਦੇ ਮਦਦਗਾਰ ਰਹੇ ਅਧਿਕਾਰੀਆਂ ਦੀ ਭੂਮਿਕਾ ਲੱਭਣ 'ਚ ਵੀ ਮਦਦ ਮਿਲੇਗੀ। ਕਾਲ ਡਿਟੇਲ 'ਚ ਐੱਸ. ਟੀ. ਐੱਫ. ਦੇ ਹੱਥ ਕੁਝ ਸ਼ੱਕੀ ਕਾਲ ਡਿਟੇਲ ਲੱਗੀ ਹੈ, ਜਿਸ 'ਚ ਲਗਾਤਾਰ ਇੰਦਰਜੀਤ ਦੀ ਕਈ ਵਾਰ ਲੰਬੀ ਗੱਲਬਾਤ ਹੋਈ ਹੈ। ਆਉਣ ਵਾਲੇ ਕੁਝ ਦਿਨਾਂ 'ਚ ਐੱਸ. ਟੀ. ਐੱਫ. ਕੁਝ ਹੋਰ ਨਾਵਾਂ ਦਾ ਖੁਲਾਸਾ ਕਰ ਸਕਦੀ ਹੈ।



ਐੱਸ. ਟੀ. ਐੱਫ. ਦੀ ਇਸ ਨਵੀਂ ਜਾਂਚ ਤੋਂ ਬਾਅਦ ਅਧਿਕਾਰੀਆਂ ਦੀ ਬੇਚੈਨੀ ਵਧ ਗਈ ਹੈ। ਇੰਦਰਜੀਤ ਦੇ ਹੱਥ ਜਦੋਂ ਸੂਬੇ 'ਚ ਡਰੱਗ ਦੀ ਵੱਡੀ-ਵੱਡੀ ਖੇਪ ਲੱਗੀ, ਉਸ ਸਮੇਂ ਤੋਂ ਬਾਅਦ ਉਸ ਦੀ ਕਿਸ-ਕਿਸ ਨਾਲ ਜ਼ਿਆਦਾ ਲੰਬੀ ਗੱਲ ਹੋਈ ਅਤੇ ਕਿਸ-ਕਿਸ ਦੇ ਨਾਲ ਉਸ ਨੇ ਵਾਰ-ਵਾਰ ਸੰਪਰਕ ਕੀਤਾ, ਇਸ ਦੀ ਜਾਂਚ ਤੋਂ ਬਾਅਦ ਐੱਸ. ਟੀ. ਐੱਫ. ਦੇ ਹੱਥ ਕੁਝ ਨਵੇਂ ਸੁਰਾਗ ਲੱਗੇ ਹਨ। ਇਸ 'ਚ ਇੰਦਰਜੀਤ ਦੇ ਮਦਦਗਾਰ ਰਹੇ ਆਈ. ਜੀ., ਡੀ. ਆਈ.ਜੀ., ਐੱਸ. ਐੱਸ. ਪੀ., ਐੱਸ. ਪੀ. ਅਤੇ ਡੀ. ਐੱਸ. ਪੀ. ਰੈਂਕ ਦੇ ਨਾਲ-ਨਾਲ ਉਸ ਦੇ ਨਾਲ ਥਾਣਿਆਂ 'ਚ ਕੰਮ ਕਰਨ ਵਾਲੇ ਕੁਝ।

# ਨਿਰਭੈ ਬਲਾਤਕਾਰ ਕਾਂਡ ਮਾਮਲੇ 'ਚ ਸੁਪਰੀਮ ਕੋਰਟ ਦਾ ਇਨਸਾਫ਼


ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ

ਸੁਪਰੀਮ ਕੋਰਟ ਨੇ ਦਿੱਲੀ ਵਿੱਚ 16 ਦਸੰਬਰ 2012 ਦੇ ਸਨਸਨੀਖੇਜ਼ ਨਿਰਭੈ ਬਲਾਤਕਾਰ ਕਾਂਡ ਤੇ ਹੱਤਿਆ ਕਾਂਡ ਦੇ ਚਾਰੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ 'ਤੇ ਬੀਤੇ ਦਿਨੀਂ ਆਪਣੀ ਮੋਹਰ ਲਗਾ ਦਿੱਤੀ। ਹੇਠਲੀ ਅਦਾਲਤ ਤੋਂ ਲੈ ਕੇ ਹਾਈ ਕੋਰਟ ਤੇ ਸਰਬ ਉੱਚ ਅਦਾਲਤ ਤੱਕ ਦੇ ਮਾਣਯੋਗ ਜੱਜਾਂ ਨੇ ਸਾਰੇ ਦੋਸ਼ੀਆਂ ਦੀ ਮੌਤ ਦੀ ਸਜ਼ਾ ਬਹਾਲ ਰੱਖੀ ਤੇ ਕਿਹਾ ਕਿ ਇਸ ਕਾਂਡ ਨੇ ਸਮੁੱਚੀ ਮਾਨਵਤਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ ਤੇ ਇਹਨਾਂ ਨਾਲ ਕੋਈ ਰਹਿਮ-ਦਿਲੀ ਨਹੀਂ ਦਿਖਾਈ ਜਾ ਸਕਦੀ। 429 ਸਫ਼ਿਆਂ ਦੇ ਆਪਣੇ ਫ਼ੈਸਲੇ ਵਿੱਚ ਅਦਾਲਤ ਨੇ ਕਿਹਾ ਸੀ ਕਿ ਦੋਸ਼ੀਆਂ ਨੂੰ ਫ਼ਾਂਸੀ ਬਲਾਤਕਾਰ ਦੇ ਦੋਸ਼ ਵਿਚ ਨਹੀਂ, ਸਗੋਂ ਉਨ੍ਹਾਂ ਦੇ ਵਹਿਸ਼ੀਪੁਣੇ ਕਾਰਨ ਪੀੜਤਾ ਦੀ ਮੌਤ ਹੋ ਜਾਣ ਕਾਰਨ ਦਿੱਤੀ ਜਾ ਰਹੀ ਹੈ।

ਇਸ ਫ਼ੈਸਲੇ ਦਾ ਅਦਾਲਤ ਵਿੱਚ ਮੌਜੂਦ ਪੀੜਤਾ ਦੇ ਮਾਤਾ-ਪਿਤਾ ਸਮੇਤ ਲੋਕਾਂ ਨੇ ਤਾੜੀਆਂ ਮਾਰ ਕੇ ਸਵਾਗਤ ਕੀਤਾ ਗਿਆ ਸੀ। ਵਾਸਤਵ ਵਿੱਚ ਸੁਪਰੀਮ ਕੋਰਟ ਦਾ ਇਹ ਇਤਿਹਾਸਕ ਫ਼ੈਸਲਾ ਬਿਲਕੁਲ ਨਿਆਂ ਦੇ ਹੱਕ ਵਿੱਚ ਹੈ। ਹਾਲਾਂ ਕਿ ਇਸ ਮਾਮਲੇ ਵਿੱਚ ਚਾਰ ਸਾਲ ਚਾਰ ਮਹੀਨੇ ਦਾ ਸਮਾਂ ਲੱਗ ਗਿਆ ਸੀ।

ਇਸ ਘਟਨਾ ਦਾ ਇੱਕ ਦੋਸ਼ੀ ਨਾਬਾਲਗ ਹੋਣ ਕਾਰਨ ਸਜ਼ਾ ਪੂਰੀ ਕਰ ਚੁੱਕਾ ਹੈ ਤੇ ਦੂਸਰੇ ਮੁੱਖ ਦੋਸ਼ੀ ਡਰਾਈਵਰ ਰਾਮ ਸਿੰਘ ਨੇ ਜੇਲ੍ਹ ਵਿੱਚ ਖ਼ੁਦਕੁਸ਼ੀ ਕਰ ਲਈ ਸੀ। ਇੱਥੇ ਜ਼ਿਕਰਯੋਗ ਹੈ ਕਿ ਦਿੱਲੀ ਸਮੂਹਿਕ ਬਲਾਤਕਾਰ ਮਾਮਲਾ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ 16 ਦਸੰਬਰ 2012 ਦੀ ਹੋਈ ਇੱਕ ਬਲਾਤਕਾਰ ਅਤੇ ਹੱਤਿਆ ਦੀ ਘਟਨਾ ਸੀ, ਜੋ ਮੀਡੀਆ ਦੇ ਰਾਹੀਂ ਲੋਕ ਲਹਿਰ ਬਣਨ ਤੋਂ ਬਾਅਦ ਸਮੂਹ ਭਾਰਤ ਦੇ ਲੋਕਾਂ ਸਾਹਮਣੇ ਪ੍ਰਕਾਸ਼ ਵਿੱਚ ਆਈ।

ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿੱਚ ਪੈਰਾ ਮੈਡੀਕਲ ਦੀ ਇੱਕ ਵਿਦਿਆਰਥਣ ਜੋ ਕਿ ਦੱਖਣ ਦਿੱਲੀ ਵਿੱਚ ਆਪਣੇ ਪੁਰਸ਼ ਮਿੱਤਰ ਦੇ ਨਾਲ ਰਾਤ ਦੌਰਾਨ ਬੱਸ ਵਿੱਚ ਸਫ਼ਰ ਕਰ ਰਹੀ ਸੀ। ਇਸ ਦੌਰਾਨ ਬੱਸ ਦੇ ਡਰਾਈਵਰ, ਕੰਡਕਟਰ ਤੇ ਉਸ ਦੇ ਸਾਥੀਆਂ ਦੁਆਰਾ ਪਹਿਲਾਂ ਅਸ਼ਲੀਲ ਮਜ਼ਾਕ ਕੀਤੇ ਗਏ ਤੇ ਜਦ ਉਨ੍ਹਾਂ ਦੋਵਾਂ ਨੇ ਇਸ ਦਾ ਵਿਰੋਧ ਕੀਤਾ, ਤਾਂ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਗਿਆ।

ਜਦ ਉਸ ਦਾ ਪੁਰਸ਼ ਦੋਸਤ ਬੇਹੋਸ਼ ਹੋ ਗਿਆ, ਤਾਂ ਉਸ ਮੁਟਿਆਰ ਦੇ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ। ਉਸ ਮੁਟਿਆਰ ਨੇ ਉਨ੍ਹਾਂ ਦਾ ਡੱਟ ਕੇ ਵਿਰੋਧ ਕੀਤਾ, ਪਰ ਜਦੋਂ ਉਹ ਸੰਘਰਸ਼ ਕਰਦਿਆਂ ਥੱਕ ਗਈ, ਤਾਂ ਉਨ੍ਹਾਂ ਨੇ ਪਹਿਲਾਂ ਉਸ ਨਾਲ ਬੇਹੋਸ਼ੀ ਦੀ ਹਾਲਤ ਵਿੱਚ ਬਲਾਤਕਾਰ ਕੀਤਾ, ਫਿਰ ਉਸ ਦੇ ਯੋਨ ਅੰਗ ਵਿੱਚ ਵ੍ਹੀਲ ਜੈਕ ਦੀ ਰਾਡ ਵਾੜ ਕੇ ਉਸ ਦੇ ਅੰਦਰੂਨੀ ਗੁਪਤ ਅੰਗਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾ ਦਿੱਤਾ। ਬਾਅਦ ਵਿੱਚ ਦੋਸ਼ੀਆਂ ਨੇ ਦੋਵਾਂ ਨੂੰ ਇੱਕ ਉਜਾੜ ਥਾਂ 'ਤੇ ਬੱਸ ਤੋਂ ਹੇਠਾਂ ਸੁੱਟ ਕੇ ਫ਼ਰਾਰ ਹੋ ਗਏ। ਕਿਸੇ ਤਰ੍ਹਾਂ ਪੀੜਤ ਲੜਕੀ ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚ ਲਿਜਾਇਆ ਗਿਆ ਤੇ ਉਸ ਦਾ ਇਲਾਜ ਕੀਤਾ ਗਿਆ, ਪਰੰਤੂ ਹਾਲਾਤ ਵਿੱਚ ਕੋਈ ਸੁਧਾਰ ਨਾ ਹੁੰਦੇ ਦੇਖ ਕੇ 26 ਦਸੰਬਰ 2012 ਨੂੰ ਮਾਊਂਟ ਐਲਿਜਾਬੇਥ ਹਸਪਤਾਲ ਵਿੱਚ ਲਿਜਾਇਆ ਗਿਆ, ਇੱਥੇ ਮੁਟਿਆਰ ਨੇ 29 ਦਸੰਬਰ 2012 ਨੂੰ ਇਹ ਸਰੀਰ ਸਦਾ ਲਈ ਤਿਆਗ ਦਿੱਤਾ। 30 ਦਸੰਬਰ 2012 ਨੂੰ ਉਸ ਦੀ ਲਾਸ਼ ਨੂੰ ਦਿੱਲੀ ਲਿਆ ਕੇ ਪੁਲੀਸ ਦੀ ਸੁਰੱਖਿਆ ਵਿੱਚ ਜਲਾ ਦਿੱਤਾ ਗਿਆ। ਭਾਰਤ ਸਰਕਾਰ ਤੇ ਸਿਆਸਤਦਾਨਾਂ, ਸਮਾਜਿਕ ਜਥੇਬੰਦੀਆਂ ਨੇ ਇਸ ਦੀ ਨਿੰਦਾ ਕੀਤੀ ਤੇ ਸੋਸ਼ਲ ਮੀਡੀਆ ਤੇ ਟਵਿੱਟਰ, ਫੇਸਬੁਕ, ਵਟਸਐਪ 'ਤੇ ਕਾਫੀ ਕੁਝ ਲਿਖਿਆ ਗਿਆ। ਇਸ ਘਟਨਾ ਤੋਂ ਬਾਅਦ ਦਿੱਲੀ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨ ਹੋਏ।

ਲੋਕਾਂ ਦੇ ਵਿੱਚ ਪਸਰੇ ਦੁੱਖ ਤੇ ਗੁੱਸੇ ਦੀ ਲਹਿਰ ਏਨੀ ਤੇਜ਼ ਸੀ ਕਿ ਆਖਿਰਕਾਰ ਸਰਕਾਰ ਤੇ ਸਮੁੱਚੇ ਤੰਤਰ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਪਿਆ। ਇਸ ਤੋਂ ਬਾਅਦ ਬਣਾਏ ਗਏ ਜਸਟਿਸ ਜੇਐੱਸ ਵਰਮਾ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਆਧਾਰਿਤ ਯੋਨ ਹਿੰਸਾ ਨਾਲ ਸੰਬੰਧਿਤ ਨਵਾਂ ਕਾਨੂੰਨ ਬਣਿਆ।

ਇਹੋ ਨਹੀਂ, ਏਥੋਂ ਤੱਕ ਔਰਤਾਂ ਨਾਲ ਛੇੜ-ਛਾੜ ਜਾਂ ਉਨ੍ਹਾਂ ਪ੍ਰਤੀ ਭੱਦੀ ਭਾਸ਼ਾ ਵਰਤਣ ਦੇ ਦੋਸ਼ ਨੂੰ ਵੀ ਕਾਬਲੇ ਦਸਤ-ਅੰਦਾਜ਼ੀ ਜੁਰਮ ਬਣਾ ਦਿੱਤਾ ਗਿਆ ਤੇ ਇਸ ਲਈ ਦਸ ਸਾਲ ਦੀ ਸਖ਼ਤ ਸਜ਼ਾ ਦਾ ਪ੍ਰਬੰਧਕ ਕਰ ਦਿੱਤਾ ਗਿਆ। ਇਹਨਾਂ ਸਾਰੇ ਜੁਰਮਾਂ ਨੂੰ ਬਿਨਾਂ ਜ਼ਮਾਨਤ ਦੇ ਜੁਰਮ ਕਰਾਰ ਦੇ ਦਿੱਤਾ ਗਿਆ। ਇਸ ਦੇ ਬਾਵਜੂਦ ਔਰਤਾਂ ਖ਼ਿਲਾਫ਼ ਅਪਰਾਧਾਂ ਦੀਆਂ ਘਟਨਾਵਾਂ ਵਿੱਚ ਭਾਰੀ ਇਜ਼ਾਫਾ ਹੋਇਆ ਹੈ। ਅੱਜ ਵੀ ਨੱਬੇ ਹਜ਼ਾਰ ਦੇ ਕਰੀਬ ਕੇਵਲ ਬਲਾਤਕਾਰ ਦੇ ਮਾਮਲੇ ਅਦਾਲਤਾਂ ਵਿੱਚ ਸੁਣਵਾਈ ਅਧੀਨ ਹਨ।

ਸੁਪਰੀਮ ਕੋਰਟ ਵੱਲੋਂ ਨਿਰਭੈ ਮਾਮਲੇ ਦਾ ਫ਼ੈਸਲਾ ਆਉਣ ਤੋਂ ਦੋ-ਤਿੰਨ ਦਿਨ ਪਹਿਲਾਂ ਗੁਜਰਾਤ ਵਿੱਚ ਸੰਨ 2002 ਵਿੱਚ ਵਾਪਰੀ ਹਿੰਸਾ ਸਮੇਂ ਬਿਲਕੀਸ ਬਾਨੋ ਨਾਲ ਵਾਪਰੇ ਦੁਖਾਂਤ ਬਾਰੇ ਮੁੰਬਈ ਹਾਈ ਕੋਰਟ ਨੇ ਮੁੱਢਲੀ ਅਦਾਲਤ ਦੇ ਫ਼ੈਸਲੇ ਵਿਰੁੱਧ ਅਪੀਲ ਦਾ ਫ਼ੈਸਲਾ ਸੁਣਾਉਂਦੇ ਹੋਏ ਗਿਆਰਾਂ ਦੋਸ਼ੀਆਂ ਨੂੰ ਬਲਾਤਕਾਰ ਤੇ ਕਤਲਾਂ ਦਾ ਦੋਸ਼ੀ ਕਰਾਰ ਦੇ ਕੇ ਉਨ੍ਹਾਂ ਦੀ ਸਜ਼ਾ ਬਹਾਲ ਰੱਖੀ। ਜਿਨ੍ਹਾਂ ਦੋਸ਼ੀਆਂ ਨੂੰ ਹੇਠਲੀ ਅਦਾਲਤ ਨੇ ਦੋਸ਼-ਮੁਕਤ ਕਰਾਰ ਦੇ ਦਿੱਤਾ ਸੀ, ਉਨ੍ਹਾਂ ਨੂੰ ਵੀ ਉੱਚ ਅਦਾਲਤ ਨੇ ਸਜ਼ਾ ਦੇ ਭਾਗੀ ਬਣਾਇਆ ਹੈ।

ਗੁਜਰਾਤ ਦੀ ਔਰਤ ਬਿਲਕੀਸ ਬਾਨੋ ਦਾ ਫ਼ੈਸਲਾ 15 ਸਾਲ ਬਾਅਦ ਆਇਆ। 2002 ਵਿੱਚ ਰਨ ਟਿਕਾਰਪੁਰ ਪਿੰਡ ਵਿੱਚ ਬਿਲਕੀਸ ਬਾਨੋ ਦੇ ਮਕਾਨ 'ਤੇ ਇੱਕ ਭੀੜ ਨੇ ਹਮਲਾ ਕੀਤਾ। ਉਸ ਸਮੇਂ ਉਹ ਦੋ ਮਹੀਨਿਆਂ ਦੀ ਗਰਭਵਤੀ ਸੀ। ਉਸ ਨੂੰ ਨਾ ਕੇਵਲ ਫ਼ਿਰਕੂ ਜਨੂੰਨੀਆਂ ਵੱਲੋਂ ਸਮੂਹਿਕ ਬਲਾਤਕਾਰ ਦਾ ਸ਼ਿਕਾਰ ਬਣਾਇਆ ਗਿਆ, ਸਗੋਂ ਉਸ ਦੀਆਂ ਅੱਖਾਂ ਸਾਹਮਣੇ ਉਸ ਦੇ ਪਰਿਵਾਰ ਦੇ ਅੱਠ ਮੈਂਬਰਾਂ ਨੂੰ ਵਹਿਸ਼ੀ ਢੰਗ ਨਾਲ ਕਤਲ ਕਰ ਦਿੱਤਾ ਗਿਆ। ਇਹਨਾਂ ਅੱਠ ਮੈਂਬਰਾਂ ਵਿੱਚ ਉਸ ਦੀ ਦੋ ਸਾਲ ਦੀ ਬੱਚੀ ਵੀ ਸ਼ਾਮਲ ਸੀ।

ਮੈਂ ਸਮਝਦੀ ਹਾਂ ਕਿ ਔਰਤਾਂ ਦੇ ਖ਼ਿਲਾਫ਼ ਅਪਰਾਧ 'ਤੇ ਲਗਾਮ ਲਗਾਉਣ ਦੇ ਲਈ ਸਰਕਾਰ, ਪ੍ਰਸ਼ਾਸਨ ਤੇ ਨਿਆਂ ਤੰਤਰ ਦੀ ਕਾਰਜਸ਼ੀਲਤਾ ਦੇ ਨਾਲ-ਨਾਲ ਸਮਾਜ ਵਿੱਚ ਫੈਲੀ ਅਪਰਾਧਿਕ ਪ੍ਰਵਿਰਤੀਆਂ 'ਤੇ ਕਾਬੂ ਪਾਉਣ ਲਈ ਸੁਪਰੀਮ ਕੋਰਟ ਦੇ ਅਜਿਹੇ ਫ਼ੈਸਲੇ ਅਤਿਅੰਤ ਜ਼ਰੂਰੀ ਹਨ। ਇਹੋ ਜਿਹੇ ਸਖ਼ਤ ਫ਼ੈਸਲੇ ਅਪਰਾਧ ਨੂੰ ਨੱਥ ਪਾ ਸਕਦੇ ਹਨ। ਅਰਬ ਦੇਸ਼ਾਂ ਵਿੱਚ ਔਰਤਾਂ ਪ੍ਰਤੀ ਅਪਰਾਧਾਂ ਬਾਰੇ ਕਾਨੂੰਨ ਦੇ ਬਹੁਤ ਸਖ਼ਤ ਹਨ ਤੇ ਫ਼ੈਸਲੇ ਵੀ ਤੁਰੰਤ ਹੁੰਦੇ ਹਨ ਤਾਂ ਹੀ ਉੱਥੇ ਔਰਤਾਂ ਪ੍ਰਤੀ ਅਪਰਾਧ ਘੱਟ ਹਨ। ਇਸ ਦੇ ਨਾਲ ਸਮਾਜ ਵਿੱਚ ਜਾਗ੍ਰਿਤੀ ਦੀ ਵੀ ਲੋੜ ਹੈ। ਜੇਕਰ ਸਮਾਜ ਅਜਿਹੇ ਅਪਰਾਧਾਂ ਪ੍ਰਤੀ ਸੁਚੇਤ ਹੋਵੇਗਾ ਤੇ ਸੰਘਰਸ਼ਸ਼ੀਲ ਹੋਵੇਗਾ ਤਾਂ ਸਰਕਾਰਾਂ ਵੀ ਅਜਿਹੇ ਕੁਕਰਮਾਂ ਨੂੰ ਠੱਲਣ ਲਈ ਪ੍ਰਤੀਬੱਧ ਹੋਣਗੀਆਂ।

ਇਨ੍ਹਾਂ ਅਪਰਾਧਾਂ ਬਾਰੇ ਮੁਕੱਦਮੇ ਜਿੰਨੇ ਲੰਬੇ ਖਿੱਚੇ ਜਾਂਦੇ ਹਨ, ਉਨ੍ਹਾਂ ਦੇ ਚੰਗੇ ਤੋਂ ਚੰਗੇ ਫ਼ੈਸਲਿਆਂ ਦਾ ਅਸਰ ਘਟਦਾ ਜਾਂਦਾ ਹੈ। ਜੇਕਰ ਫ਼ੈਸਲਾ ਤੁਰੰਤ ਆਵੇ ਤੇ ਅਪਰਾਧੀਆਂ ਨੂੰ ਤੁਰੰਤ ਸਜ਼ਾਵਾਂ ਮਿਲਣ, ਤਾਂ ਇਸ ਨਾਲ ਅਪਰਾਧ ਘੱਟ ਸਕਦੇ ਹਨ। ਇਹੋ ਜਿਹੇ ਅਪਰਾਧੀਆਂ ਬਾਰੇ ਤਾਂ ਵਕੀਲਾਂ ਨੂੰ ਵੀ ਕੇਸ ਨਹੀਂ ਲੜਨੇ ਚਾਹੀਦੇ, ਜੋ ਔਰਤ ਪ੍ਰਤੀ ਦਰਿੰਦਗੀ ਦਿਖਾਉਂਦੇ ਹਨ। ਜਿੱਥੋਂ ਤੱਕ ਪ੍ਰਸ਼ਾਸਨ ਦਾ ਸੁਆਲ ਹੈ ਕਿ ਪੁਲੀਸ ਬਹੁਗਿਣਤੀ ਇਨ੍ਹਾਂ ਅਪਰਾਧਾਂ ਦੇ ਕੇਸਾਂ ਬਾਰੇ ਸਹੀ ਜਾਂਚ ਨਹੀਂ ਕਰਦੀ ਤੇ ਸਿਆਸੀ ਜਾਂ ਪੈਸੇ ਦੇ ਦਬਾਅ ਅਧੀਨ ਉਹ ਪੀੜਤ ਧਿਰ ਨਾਲ ਬੇਇਨਸਾਫ਼ੀ ਕਰਦੀ ਹੈ। ਬਹੁਤੇ ਕੇਸਾਂ ਵਿੱਚ ਅਜਿਹਾ ਦੇਖਣ ਵਿੱਚ ਆਉਂਦਾ। ਸਰਵਉੱਚ ਅਦਾਲਤ ਨੇ ਇਸ ਮਾਮਲੇ ਨੂੰ ਮੁੰਬਈ ਹਾਈ ਕੋਰਟ ਨੂੰ ਭੇਜ ਦਿੱਤਾ। ਉਸ ਨੇ ਆਪਣੇ ਇਤਿਹਾਸਕ ਫ਼ੈਸਲੇ ਵਿੱਚ 11 ਅਪਰਾਧੀਆਂ ਨੂੰ ਜੀਵਨ ਭਰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਪੰਜ ਪੁਲੀਸ ਵਾਲਿਆਂ ਅਤੇ ਦੋ ਡਾਕਟਰਾਂ ਨੂੰ ਵੀ ਸਜ਼ਾ ਦਿੱਤੀ ਗਈ, ਜਿਨ੍ਹਾਂ ਨੇ ਸਬੂਤ ਮਿਟਾਉਣ ਦੀ ਕੋਸ਼ਿਸ਼ ਕੀਤੀ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਵਿੱਚ ਬਲਾਤਕਾਰ ਦੇ ਮਾਮਲਿਆਂ ਵਿੱਚ ਕਾਫੀ ਇਜ਼ਾਫਾ ਦਰਜ ਕੀਤਾ ਗਿਆ ਹੈ, ਇਸ ਲਈ ਨਿਰਭੈ ਦੇ ਮਾਮਲੇ ਵਿੱਚ ਇਨਸਾਫ਼ ਦਾ ਮਹੱਤਵ ਤਦ ਹੀ ਕਾਇਮ ਹੋ ਸਕੇਗਾ ਜਦ ਸਾਰੇ ਤਬਕਿਆਂ ਦੀਆਂ ਔਰਤਾਂ ਨੂੰ ਯੋਨ ਹਿੰਸਾ ਤੇ ਅਪਰਾਧ ਤੋਂ ਮੁਕਤੀ ਮਿਲੇਗੀ।

ਲੋੜ ਇਸ ਗੱਲ ਦੀ ਹੈ ਕਿ ਇਸ ਸੰਬੰਧੀ ਸਰਕਾਰੀ ਜਾਂਚ ਏਜੰਸੀਆਂ ਨੂੰ ਚੁਸਤ ਤੇ ਦਰੁੱਸਤ ਬਣਾਇਆ ਜਾਣਾ ਚਾਹੀਦਾ ਹੈ ਤੇ ਉਹ ਭ੍ਰਿਸ਼ਟਾਚਾਰ ਅਤੇ ਸਿਆਸੀ ਦਬਾਅ ਤੋਂ ਮੁਕਤ ਹੋਵੇ। ਇਹੋ ਜਿਹੇ ਫ਼ੈਸਲੇ ਫਾਸਟ ਟਰੈਕ ਅਦਾਲਤਾਂ ਰਾਹੀਂ ਹੋਣੇ ਚਾਹੀਦੇ ਹਨ। ਜੇਕਰ ਸਮੇਂ ਸਿਰ ਦੋਸ਼ੀਆਂ ਨੂੰ ਸਜ਼ਾ ਮਿਲੇ ਤਾਂ ਇਹ ਅਪਰਾਧ ਘੱਟ ਸਕਦੇ ਹਨ।

# ਭਗਵਾਂਵਾਦ ਦਾ ਫ਼ੌਜੀਕਰਨ ਤੇ ਜੁਨੈਦ ਦੀ ਹੱਤਿਆ


ਰਜਿੰਦਰ ਸਿੰਘ ਪੁਰੇਵਾਲ

ਅਸੀਂ ਭਾਰਤੀ ਸਭਿਅਤਾ 'ਤੇ ਭਾਵੇਂ ਜਿੰਨਾ ਮਰਜ਼ੀ ਮਾਣ ਕਰ ਲਈਏ, ਭਾਵੇਂ ਜਿੰਨਾ ਮਰਜ਼ੀ ਪ੍ਰਾਪਤੀਆਂ ਦਾ ਵਿਖਿਆਨ ਕਰ ਲਈਏ। ਇਕ ਕੌੜਾ ਸੱਚ ਹੈ ਕਿ ਆਰ. ਐੱਸ. ਐੱਸ. ਤੇ ਭਾਜਪਾ ਦੀਆਂ ਫਿਰਕੂ ਨੀਤੀਆਂ ਕਾਰਨ ਭਾਰਤੀ ਸਮਾਜ ਬੇਹੱਦ ਹਿੰਸਕ ਤੇ ਜ਼ਾਲਮ ਹੁੰਦਾ ਜਾ ਰਿਹਾ ਹੈ। ਕਿਤੇ ਗਊ ਦੇ ਨਾਂ 'ਤੇ, ਕਿਤੇ ਧਰਮ ਦੇ ਨਾਂ 'ਤੇ, ਕਿਤੇ ਸ਼ੱਕ ਨਾਲ ਗੁਸੈਲੀ ਭੀੜ ਦੰਗੇ ਕਰਨ ਲਈ ਸਰਗਰਮ ਹੋ ਜਾਂਦੀ ਹੈ। ਇਹ ਰਵੱਈਆ ਕਸ਼ਮੀਰ ਵਿੱਚ ਕੰਨਿਆਕੁਮਾਰੀ ਤੱਕ ਜਾਰੀ ਹੈ। ਇਹੀ ਕਾਰਨ ਹੈ ਕਿ ਕਸ਼ਮੀਰੀ ਅੱਤਵਾਦ ਤੇ ਇਸਲਾਮੀ ਅੱਤਵਾਦ ਦੇ ਘੇਰੇ ਵਿਚ ਭਾਰਤ ਆ ਚੁੱਕਾ ਹੈ, ਜਿਸ ਦੀ ਜ਼ਿੰਮੇਵਾਰ ਆਰ ਐਸ ਐਸ ਦੀ ਕਾਰਜਸ਼ੈਲੀ ਤੇ ਕਰਤੂਤਾਂ ਹਨ। ਮੋਦੀ ਦੀ ਅਗਵਾਈ ਵਿਚ ਭਾਜਪਾ ਸਰਕਾਰ ਇਨ੍ਹਾਂ ਦੀਆਂ ਕਰਤੂਤਾਂ ਤੇ ਹਿੰਸਕ ਵਰਤਾਰੇ ਨੂੰ ਉਚਿਤ ਠਹਿਰਾ ਰਹੀ ਹੈ। ਭਾਜਪਾ ਦਾ ਰਾਜਨੀਤਕ ਥਾਪੜਾ ਮਿਲਣ ਕਰਕੇ ਪੂਰੇ ਭਾਰਤ ਵਾਸੀਆਂ 'ਤੇ ਇਨ੍ਹਾਂ ਦੀ ਦਹਿਸ਼ਤ ਹੈ, ਜਿਸ ਕਰਕੇ ਇਨ੍ਹਾਂ ਦੀ ਹਿੰਸਕ ਭੀੜ ਨੂੰ ਰੋਕਣ ਲਈ ਕੋਈ ਅੱਗੇ ਨਹੀਂ ਵੱਧਦਾ ਤੇ ਨਾ ਹੀ ਵਿਰੋਧ ਕਰਦਾ ਹੈ। ਭਾਰਤ ਵਿਚ ਮੁਸਲਮਾਨਾਂ 'ਤੇ ਗਊ ਹੱਤਿਆ ਦਾ ਦੋਸ਼ ਲਗਾ ਕੇ ਕਈ ਕਤਲ ਹੋ ਚੁੱਕੇ ਹਨ। ਪਰ ਕਾਤਲਾਂ ਨੂੰ ਸਜ਼ਾ ਨਹੀਂ ਮਿਲੀ, ਉਲਟਾ ਕਤਲ ਹੋ ਚੁੱਕੇ ਲੋਕਾਂ ਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਦੋਸ਼ ਲਗਾ ਕੇ ਕੇਸ ਰਫਾ ਦਫਾ ਕੀਤੇ ਜਾ ਰਹੇ ਹਨ। ਦੋਸ਼ ਇਹ ਲਗਾਏ ਜਾ ਰਹੇ ਹਨ ਕਿ ਇਹ ਗਾਂ ਦੇ ਹੱਤਿਆਰੇ ਹਨ ਤੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ।

ਹੁਣੇ ਜਿਹੇ ਹਰਿਆਣਾ ਦੇ ਅਸਾਵਟੀ ਰੇਲਵੇ ਸਟੇਸ਼ਨ 'ਤੇ ਤਾਂ ਕਿਸੇ ਨੇ ਵੀ ਕੁਝ ਹੁੰਦੇ ਹੋਏ ਨਹੀਂ ਦੇਖਿਆ, ਸਟੇਸ਼ਨ ਮਾਸਟਰ ਚੁੱਪ ਕਰ ਗਿਆ ਤੇ ਰੇਲਵੇ ਦਾ ਸਟਾਫ਼ ਬੁੱਤ ਬਣ ਗਿਆ, ਇੱਥੋਂ ਤੱਕ ਅਮਨ ਕਾਨੂੰਨ ਦੀ ਰਾਖੀ ਕਰਨ ਵਾਲੀ ਰੇਲਵੇ ਪੁਲੀਸ ਨੇ ਸਭ ਦੇਖਦੇ ਹੋਏ ਵੀ ਅੱਖਾਂ ਮੀਟ ਲਈਆਂ ਤੇ ਮੂੰਹ ਬੰਦ ਕਰ ਲਏ, ਜਿੱਥੇ ਜੁਨੈਦ ਤੇ ਉਸ ਦੇ ਭਰਾ ਖ਼ੂਨ ਨਾਲ ਲੱਥਪਥ ਪਏ ਸਨ। ਦਿੱਲੀ ਤੋਂ ਬੱਲਬਗੜ੍ਹ ਹੁੰਦੇ ਹੋਏ ਮਥੁਰਾ ਜਾ ਰਹੀ ਰੇਲਗੱਡੀ ਵਿਚ 16 ਸਾਲ ਦੇ ਜੁਨੈਦ ਦੀ ਹੱਤਿਆ ਭਗਵੇਂ-ਵਾਦੀਆਂ ਦੇ ਹੱਥੋਂ ਹੁਣ ਤੱਕ ਕੀਤੇ ਗਏ ਇਸ ਤਰ੍ਹਾਂ ਦੇ ਸਾਰੇ ਕਤਲਾਂ ਤੋਂ ਅਲੱਗ ਹੈ। ਇਹ ਘਟਨਾ ਭਗਵਾਂਵਾਦ ਦੇ ਫ਼ੌਜੀਕਰਨ ਦੀ ਪਹਿਲੀ ਦਾਸਤਾਨ ਹੈ ਤੇ ਇਸ ਤੋਂ ਲੱਗਦਾ ਹੈ ਕਿ ਪਿਛਲੇ ਤਿੰਨ ਸਾਲ ਵਿੱਚ ਭਾਰਤ ਵਿੱਚ ਭਗਵੇਂਵਾਦੀਆਂ ਦੇ ਦਿਮਾਗ਼ ਨੂੰ ਕਿਸ ਤਰ੍ਹਾਂ ਬਦਲ ਦਿੱਤਾ ਗਿਆ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਯਾਤਰੀਆਂ ਨਾਲ ਭਰੇ ਰੇਲਗੱਡੀ ਦੇ ਡੱਬੇ ਵਿੱਚ ਚਾਰ ਲੜਕਿਆਂ-ਜੁਨੈਦ, ਹਾਸ਼ਿਮ, ਮੋਇਨ ਤੇ ਸ਼ਾਕਿਰ ਨੂੰ ਬਿਨਾਂ ਕਸੂਰ ਦੇ ਮਾਰ-ਮਾਰ ਕੇ ਖ਼ੂਨ ਵਿੱਚ ਲੱਥਪੱਥ ਕੀਤਾ ਜਾ ਰਿਹਾ ਹੋਵੇ ਤੇ ਡੱਬੇ ਵਿਚ ਬੈਠੇ ਲੋਕ ਹਮਲਾਵਰਾਂ ਨੂੰ ਉਕਸਾ ਰਹੇ ਹੋਣ ਕਿ ਇਨ੍ਹਾਂ ਮੁਸਲਮਾਨ ਅੱਤਵਾਦੀਆਂ ਤੇ ਪਾਕਿਸਤਾਨੀਆਂ ਨੂੰ ਮਾਰੋ। ਖ਼ਬਰਾਂ ਮੁਤਾਬਕ ਇਹ ਗੱਲ ਗ੍ਰਿਫ਼ਤਾਰ ਕੀਤੇ ਗਏ ਇੱਕ ਦੋਸ਼ੀ ਨੇ ਖ਼ੁਦ ਸਵੀਕਾਰ ਕੀਤੀ ਹੈ। ਅਜਿਹਾ ਵੀ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਚਾਰ ਲੋਕਾਂ 'ਤੇ ਕਾਤਲਾਨਾ ਹਮਲਾ ਸਿਰਫ਼ ਇਸ ਕਾਰਨ ਕੀਤਾ ਗਿਆ ਕਿ ਉਹ ਮੁਸਲਮਾਨ ਸਨ ਤੇ ਉਨ੍ਹਾਂ ਨੇ ਮੁਸਲਮਾਨਾਂ ਵਾਲਾ ਪਹਿਰਾਵਾ ਪਾਇਆ ਹੋਇਆ ਸੀ। ਕਤਲ ਹੋ ਚੁੱਕੇ ਜੁਨੈਦ ਦੇ ਭਰਾ ਹਾਸ਼ਿਮ ਨੇ ਕਿਹਾ, 'ਸਾਨੂੰ ਕਿਹਾ ਗਿਆ ਕਿ ਤੁਸੀਂ ਆਈਐਸ ਦੇ ਅੱਤਵਾਦੀ ਹੋ, ਪਾਕਿਸਤਾਨੀ ਹੋ, ਦੇਸ਼ਧ੍ਰੋਹੀ ਹੋ, ਗਊ ਮਾਸ ਖਾਂਦੇ ਹੋ। ਤੁਹਾਡਾ ਇਸ ਦੇਸ਼ ਵਿਚ ਰਹਿਣ ਦਾ ਕੋਈ ਅਧਿਕਾਰ ਨਹੀਂ। ਅਸੀਂ ਹਿੰਦੂ ਰਾਸ਼ਟਰ ਸਿਰਜਣਾ ਹੈ ਤੇ ਤੁਹਾਨੂੰ ਦੇਸ਼ ਵਿਚੋਂ ਬਾਹਰ ਕੱਢਣਾ ਹੈ। ਫਿਰ ਇੱਕ ਭਗਵੇਂ ਗਿਰੋਹ ਦੇ ਆਦਮੀ ਨੇ ਮੇਰੀ ਟੋਪੀ 'ਤੇ ਹੱਥ ਮਾਰ ਕੇ ਉਸ ਨੂੰ ਡੇਗ ਦਿੱਤਾ। ਮੇਰੀ ਦਾੜ੍ਹੀ ਨੂੰ ਫੜ ਕੇ ਖਿਚਿਆ ਤੇ ਸਾਨੂੰ ਸਭ ਨੂੰ ਜ਼ਾਲਮਾਨਾ ਢੰਗ ਨਾਲ ਕੁੱਟਿਆ। ਇਸ ਦੌਰਾਨ ਉੱਥੇ ਮੌਜੂਦ ਭੀੜ ਹਮਲਾਵਰਾਂ ਨੂੰ ਉਕਸਾਉਂਦੀਰਹੀ ਕਿ ਇਹ ਦੇਸ਼ ਵਿਰੋਧੀ ਹਨ ਤੇ ਇਨ੍ਹਾਂ ਨੂੰ ਹੋਰ ਕੁੱਟੋ ਮਾਰੋ।''



ਜੁਨੈਦ ਦਾ ਕਤਲ ਬੀਤੇ ਸਮੇਂ ਹੋਏ ਮੁਸਲਮਾਨਾਂ ਦੇ ਕਤਲ ਤੋਂ ਅਲੱਗ ਸੀ। ਅੱਗੇ ਇਹ ਭਗਵੇਂ ਹਮਲਾਵਰ ਕਤਲ ਕਰਨ ਦੇ ਲਈ ਝੂਠੇ ਦੋਸ਼ ਲਗਾਉਂਦੇਂਹੁਣ ਕਿ ਇਨ੍ਹਾਂ ਨੇ ਗਊਆਂ ਦੀ ਹੱਤਿਆ ਕੀਤੀ ਹੈ। ਜਿਵੇਂ ਦਾਦਰੀ ਦੇ ਅਖ਼ਲਾਕ 'ਤੇ ਦੋਸ਼ ਲਗਾਇਆ ਕਿ ਉਸ ਨੇ ਫਰਿਜ਼ ਵਿੱਚ ਗਊ ਮਾਸ ਲੁਕਾਇਆ ਸੀ; ਅਲਵਰ ਵਿੱਚ ਪਹਿਲੂ ਖ਼ਾਨ ਨੂੰ ਇਸ ਲਈ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ, ਕਿਉਂਕਿ ਉਹ ਗਊਆਂ ਦੀ ਤਸਕਰੀ ਕਰਦਾ ਹੋਇਆ ਫੜਿਆ ਗਿਆ; ਝਾਰਖੰਡ ਦੇ ਲਾਤੇਹਾਰ ਵਿੱਚ ਮੁਹੰਮਦ ਮਜ਼ਲੂਮ (35) ਅਤੇ ਇਨਾਇਤੁੱਲਾ ਖ਼ਾਨ (21) ਨੂੰ ਇਸ ਲਈ ਰੁੱਖ ਨਾਲ ਲਟਕਾ ਕੇ ਮਾਰ ਦਿੱਤਾ ਗਿਆ, ਕਿਉਂਕਿ ਉਹ ਗਊ-ਬਲਦ ਖ਼ਰੀਦ ਕੇ ਲਿਜਾ ਰਹੇ ਸਨ ਤੇ ਸਥਾਨਕ ਗਊ ਰੱਖਿਅਕ ਸੰਮਤੀ ਨੂੰ ਸ਼ੱਕ ਹੋਇਆ ਕਿ ਗਊਆਂ ਨੂੰ ਕਤਲ ਲਈ ਲਿਜਾਇਆ ਜਾ ਰਿਹਾ ਹੈ। ਪਰ ਜੁਨੈਦ ਦਾ ਕਤਲ ਇਸ ਲਈ ਕਰ ਦਿੱਤਾ ਗਿਆ ਕਿਉਂਕਿ ਉਹ ਮੁਸਲਮਾਨ ਸੀ। ਇਹ ਸਭ ਮੋਦੀ ਰਾਜ ਦੀ ਫ਼ਿਰਕੂ ਨੀਤੀ ਦਾ ਨਤੀਜਾ ਹੈ। ਇਸ ਤੋਂ ਬਾਅਦ ਭਗਵੇਂਵਾਦੀਆਂ ਨੂੰ ਇਹ ਪੂਰੀ ਖੁੱਲ੍ਹ ਮਿਲ ਗਈ ਹੈ ਕਿ ਉਹ ਜਿਸ ਮਰਜ਼ੀ ਮੁਸਲਮਾਨ ਦਾ ਕਤਲ ਕਰ ਸਕਦੇ ਹਨ। ਅਜਿਹਾ ਇਸ ਲਈ ਕਿਉਂਕਿ ਇਨ੍ਹਾਂ ਉੱਪਰ ਕੋਈ ਕਰੜੀ ਕਾਰਵਾਈ ਨਹੀਂ ਹੋਣੀ। ਮੋਦੀ ਹਕੂਮਤ ਨੇ ਇਸ ਬਾਰੇ ਕੋਈ ਸਖ਼ਤ ਨੋਟਿਸ ਨਹੀਂ ਲਿਆ।

ਯਾਦ ਰਹੇ ਕਿ ਦੇਸ਼ ਦਾ ਪ੍ਰਧਾਨ ਮੰਤਰੀ ਮੋਦੀ ਮੁਸਲਮਾਨਾਂ ਦੀ ਟੋਪੀ ਪਹਿਨਣ ਤੋਂ ਇਨਕਾਰ ਕਰ ਚੁੱਕਿਆ ਹੈ, ਮੋਦੀ ਤੇ ਉਨ੍ਹਾਂ ਦੇ ਮੰਤਰੀ ਰਾਸ਼ਟਰਪਤੀ ਵੱਲੋਂ ਕੀਤੀ ਗਈ ਇਫ਼ਤਾਰ ਦਾਅਵਤ ਦਾ ਬਾਈਕਾਟ ਕਰ ਚੁੱਕੇ ਹਨ ਅਤੇ ਬਜਰੰਗ ਦਲ ਦੇ 'ਆਤਮ-ਰੱਖਿਆ' ਕੈਂਪਾਂ ਵਿੱਚ ਕਰਵਾਏ ਨਾਟਕੀ ਢੰਗਾਂ ਵਿੱਚ ਅੱਤਵਾਦੀਆਂ ਤੇ ਦੇਸ਼ਧ੍ਰੋਹੀਆਂ ਨੂੰ ਮੁਸਲਮਾਨਾਂ ਦੀ ਤਰ੍ਹਾਂ ਦਿਖਾਏ ਜਾ ਰਹੇ ਹਨ ਤੇ ਮੁਸਲਮਾਨਾਂ ਦੀਆਂ ਹੱਤਿਆਵਾਂ ਲਈ ਉਕਸਾਇਆ ਜਾ ਰਿਹਾ ਹੈ। ਦੇਸ਼ ਦੇ ਸਰਵਉੱਚ ਅਹੁਦਿਆਂ 'ਤੇ ਬੈਠੇ ਹੋਏ ਭਗਵੇਂਵਾਦੀਆਂ ਦੇ ਇਨ੍ਹਾਂ ਫ਼ੈਸਲਿਆਂ ਨਾਲ ਗਲੀ ਮੁਹੱਲਿਆਂ ਵਿਚ ਫੈਲੇ ਹੋਏ 'ਗਊ ਰੱਖਿਅਕਾਂ' ਤੇ ਫਿਰਕੂ ਟੋਲਿਆਂ ਨੂੰ ਸਾਫ਼ ਸੁਨੇਹਾ ਮਿਲ ਰਿਹਾ ਹੁੰਦਾ ਹੈ ਕਿ ਮੁਸਲਮਾਨ ਹਿੰਦੂ ਭਾਈਚਾਰੇ ਦੇ ਦੁਸ਼ਮਣ ਤੇ ਅੱਤਵਾਦੀ ਹਨ। ਇਹ ਫਾਰਮੂਲਾ ਕਾਂਗਰਸ ਰਾਜ ਦੌਰਾਨ ਕਦੇ ਸਿੱਖਾਂ ਖ਼ਿਲਾਫ਼ ਵਰਤਿਆ ਗਿਆ ਸੀ।

ਦੋ ਸਾਲ ਪਹਿਲਾਂ ਜਦੋਂ ਦਿੱਲੀ ਨੇੜੇ ਦਾਦਰੀ 'ਚ ਅਖ਼ਲਾਕ ਨੂੰ ਭੀੜ ਨੇ ਉਨ੍ਹਾਂ ਦੇ ਘਰੋਂ ਖਿੱਚ ਕੇ ਹੱਤਿਆ ਕਰ ਦਿੱਤੀ ਸੀ, ਤਾਂ ਰਾਹੁਲ ਗਾਂਧੀ ਸਮੇਤ ਵਿਰੋਧੀ ਪਾਰਟੀਆਂ ਦੇ ਕਈ ਨੇਤਾਵਾਂ ਨੇ ਅਖ਼ਲਾਕ ਦੇ ਘਰ ਪਹੁੰਚ ਕੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨਾਲ ਹਮਦਰਦੀ ਪ੍ਰਗਟਾਈ ਤੇ ਮੋਦੀ ਸਰਕਾਰ ਨੂੰ ਬੁਰੀ ਤਰ੍ਹਾਂ ਕੋਸਿਆ ਸੀ। ਇੱਥੇ ਤੱਕ ਕਿ ਕੇਂਦਰ ਸਰਕਾਰ ਦੇ ਮੰਤਰੀ ਮਹੇਸ਼ ਸ਼ਰਮਾ ਵੀ ਉੱਥੇ ਗਏ ਹਾਲਾਂ ਕਿ ਮੰਤਰੀ ਨੇ ਅਖ਼ਲਾਕ ਦੀ ਹੱਤਿਆ ਨੂੰ 'ਹਾਦਸਾ' ਦੱਸਿਆ ਸੀ, ਪਰ ਉਸ ਤੋਂ ਬਾਅਦ ਅਜਿਹੀਆਂ ਹੱਤਿਆਵਾਂ 'ਤੇ ਹੌਲੀ-ਹੌਲੀ ਵਿਰੋਧੀ ਧਿਰ ਖ਼ਾਸ ਕਰਕੇ ਕਾਂਗਰਸ ਨੇ ਵਿਰੋਧ ਕਰਨਾ ਬੰਦ ਕਰ ਦਿੱਤਾ।

ਹੁਣ ਜਦੋਂ ਚੱਲਦੀ ਰੇਲ ਗੱਡੀ ਵਿੱਚ ਭਗਵੀਂ ਭੀੜ ਨੇ ਇੱਕ ਮੁਸਲਮਾਨ ਦਾ ਕਤਲ ਕਰ ਦਿੱਤਾ, ਤਾਂ ਕੋਈ ਵੀ ਨੇਤਾ ਹਮਦਰਦੀ ਪ੍ਰਗਟਾਉਣ ਨਾ ਪਹੁੰਚਿਆ। ਇਹ ਭਾਰਤ ਦੀ ਪ੍ਰਸ਼ਾਸਨਿਕ ਤੇ ਰਾਜਨੀਤਕ ਵਿਵਸਥਾ ਦੇ ਡਾਵਾਂਡੋਲ ਹੋਣ ਦਾ ਸੰਕੇਤ ਹੈ। ਭਾਰਤੀ ਸਮਾਜ ਵਿਚ ਬੇਤਹਾਸ਼ਾ ਵਧ ਰਿਹਾ ਫਿਰਕੂਵਾਦ ਤੇ ਨਸਲੀ ਵਰਤਾਰਾ ਭਾਰਤੀ ਸਮਾਜ ਦੇ ਮਾਨਸਿਕ ਤੌਰ 'ਤੇ ਬਿਮਾਰ ਹੋਣ ਦੀ ਨਿਸ਼ਾਨੀ ਹੈ, ਜੋ ਕਿ ਗੁੰਡਾ ਰਾਜ ਨੂੰ ਜਨਮ ਦੇ ਰਹੀ ਹੈ। ਧਰਮ, ਜਾਤ, ਕਿੱਤਾ ਤੇ ਸਭਿਆਚਾਰ ਦੀ ਭਿੰਨਤਾ ਦੇ ਆਧਾਰ 'ਤੇ ਹੋ ਰਿਹਾ ਇਹ ਹੱਤਿਆਕਾਂਡ ਅਸਲ ਵਿੱਚ ਆਤਮਘਾਤੀ ਹਮਲਾ ਹੈ ਤੇ ਹਿਟਲਰ ਦੀ ਤਰਜ਼ 'ਤੇ ਸਮਾਜ ਸਿਰਜਣ ਦਾ ਨਿਸ਼ਾਨਾ ਹੈ।

ਇਹ ਆਰ. ਐੱਸ. ਐੱਸ. ਦੇ ਸਿਧਾਂਤਕਾਰ ਵਿਨਾਇਕ ਦਾਮੋਦਰ ਸਾਵਰਕਰ ਦੇ ਇੱਕ ਪੁਰਾਣੇ ਸੁਪਨੇ ਦੇ ਸਾਕਾਰ ਹੋਣ ਦਾ ਪਹਿਲਾ ਨਿਸ਼ਾਨਾ ਵੀ ਹੈ। ਸਾਵਰਕਰ ਦਾ ਨਾਅਰਾ ਸੀ-ਪੂਰੀ ਰਾਜਨੀਤੀ ਦਾ ਹਿੰਦੂਕਰਨ ਕਰੋ ਤੇ ਸਾਰੇ ਹਿੰਦੂਆਂ ਦਾ ਫ਼ੌਜੀਕਰਨ ਕਰੋ। ਇਹ ਅਸਲ ਵਿਚ ਆਰ ਐਸ ਐਸ ਵੱਲੋਂ ਕੀਤਾ ਗਿਆ ਆਪਣੇ ਲੋਕਾਂ ਦਾ ਫ਼ੌਜੀ ਕਰਨ ਹੈ, ਜਿਸ ਤਹਿਤ ਮੁਸਲਮਾਨਾਂ ਤੇ ਘੱਟ ਗਿਣਤੀਆਂ ਉੱਪਰ ਨਸਲੀ ਹਮਲੇ ਜਾਰੀ ਹਨ। ਰਾਸ਼ਟਰੀ ਸਵੈ-ਸੇਵਕ ਸੰਘ ਤੇ ਭਾਜਪਾ ਨੇ ਰਾਜਨੀਤੀ ਦੇ ਹਿੰਦੂਕਰਨ ਦੀ ਜਿਹੜੀ ਮੁਹਿੰਮ ਸ਼ੁਰੂ ਕੀਤੀ ਸੀ, ਉਸ ਦਾ ਨਤੀਜਾ ਹੈ।

ਸੱਚ ਇਹ ਹੈ ਕਿ ਇਸ ਗੁੰਡਾਰਾਜ ਤੇ ਫਿਰਕੂ ਘਟਨਾਵਾਂ ਬਾਰੇ ਚੁੱਪ ਰਹਿਣਾ ਇਨ੍ਹਾਂ ਅਪਰਾਧਾਂ ਨੂੰ ਜਾਇਜ਼ ਠਹਿਰਾਉਣਾ ਹੈ। ਇਹੀ ਕਾਂਗਰਸ ਤੇ ਸਿਆਸੀ ਪਾਰਟੀਆਂ ਕਰ ਰਹੀਆਂ ਹਨ ਤੇ ਉਨ੍ਹਾਂ ਨੇ ਆਰ ਐਸ ਐਸ ਅੱਗੇ ਗੋਡੇ ਟੇਕ ਦਿੱਤੇ ਹਨ। ਜੇਕਰ ਇਹ ਘਟਨਾਵਾਂ ਨਾ ਰੁਕੀਆਂ ਤਾਂ ਭਾਰਤੀ ਸਮਾਜ ਪੂਰੀ ਤਰ੍ਹਾਂ ਖੰਡਿਤ ਹੋ ਜਾਵੇਗਾ। ਵਿਕਾਸ ਤੇ ਖੁਸ਼ਹਾਲੀ ਦੇ ਸੁਪਨੇ ਖ਼ਤਮ ਹੋ ਜਾਣਗੇ।

ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਸੋਨੀਆ ਗਾਂਧੀ ਨੇ ਨਰਿੰਦਰ ਮੋਦੀ ਨੂੰ ਇੱਕ ਵਾਰ ਮੌਤ ਦਾ ਸੌਦਾਗਰ ਕਿਹਾ, ਜਿਸ ਦੇ ਬਾਅਦ ਤੋਂ ਕਾਂਗਰਸ ਉੱਥੇ ਅੱਜ ਤੱਕ ਆਪਣੇ ਪੈਰਾਂ 'ਤੇ ਖੜ੍ਹੀ ਨਹੀਂ ਹੋ ਸਕੀ। ਉਸ ਝਟਕੇ ਤੋਂ ਬਾਅਦ ਸੋਨੀਆ ਗਾਂਧੀ ਜਾਂ ਰਾਹੁਲ ਗਾਂਧੀ ਨੇ ਫਿਰ ਕਦੇ ਗੁਜਰਾਤ ਦੇ ਮੁਸਲਮਾਨ ਵਿਰੋਧੀ ਦੰਗਿਆਂ ਨੂੰ ਰਾਜਨੀਤਕ ਮੁੱਦਾ ਬਣਾਉਣ ਦੀ ਭੁੱਲ ਨਹੀਂ ਕੀਤੀ। ਇਹ ਰਾਜਨੀਤੀ ਦੇ ਭਗਵਾਂਕਰਨ ਦਾ ਨਤੀਜਾ ਹੈ ਕਿ ਮੁੱਖ ਧਾਰਾ ਦੀ ਕਥਿਤ ਧਰਮ ਨਿਰਪੱਖ ਪਾਰਟੀਆਂ ਵੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਸਮਾਂ ਨਾਪ ਤੋਲ ਕੇ ਬੋਲਣ ਲਈ ਮਜਬੂਰ ਹਨ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਕਾਬਲ ਨਹੀਂ



– ਕਮਲ ਬੰਗਾ ਸੈਕਰਾਮੈਂਟੋ
916-897-8570

ਦੇਖੋ! ਮੈਂ ਹਾਂ ਕਰਨ ਦੇ ਕਾਬਲ ਨਹੀਂ।
ਇਹ ਭਾਰ ਮੈਂ ਚੁੱਕਣ ਦੇ ਕਾਬਲ ਨਹੀਂ।

ਉਂਝ ਵੀ ਆਪਣੇ ਦਾਇਰੇ ’ਚ ਰਹਿਣਾ ਚੰਗਾ,
ਬੇਗਾਨੀ ਤਾਣੀ-ਤਣਨ ਦੇ ਕਾਬਲ ਨਹੀਂ।

ਯਾਰੋ! ਥਾਂ ਥਾਂ ’ਤੇ ਮੋੜ ਕਸੂਤੇ ਨੇ,
ਹਰ ਮੋੜ ’ਤੇ ਬਚਣ ਦੇ ਕਾਬਲ ਨਹੀਂ।

ਚਾਹੇ ਫੁੱਲਾਂ ਨੂੰ ਪਾਣੀ ਨਿੱਤ ਪਾਉਂਦਾ ਹਾਂ,
ਫਿਰ ਵੀ ਤਿੱਤਲੀ ਫੜਨ ਦੇ ਕਾਬਲ ਨਹੀਂ।

ਲੋਕ ਬਦਲੇ ਤੇ ਜ਼ਮਾਨਾ ਬਦਲ ਗਿਆ,
ਸੋਨੇਰੰਗਾ ਲਿਖਣ ਦੇ ਕਾਬਲ ਨਹੀਂ।

ਉਸਤਾਦੀ-ਸ਼ਾਗਿਰਦੀ ਵੀ ਮਾੜੀ ਨੀਂ ਪਰ,
ਇਹ ਬਾਜ਼ੀ ਵੀ ਜਿੱਤਣ ਦੇ ਕਾਬਲ ਨਹੀਂ।

ਮਨ ਸ਼ਾਂਤ ਤੇ ਆਪਣੀ ਉਡਾਰੀ ’ਕਮਲ’
ਪਿੰਜਰੇ ਵਿਚ ਰਹਿਣ ਦੇ ਕਾਬਲ ਨਹੀਂ।

## ਦਹਿਸ਼ਤ



ਵੀਰਪਾਲ ਕੌਰ ਭੱਠਲ
91-97810-13953

ਨਫ਼ਰਤ ਕਿਉਂ ਕਰਦਾ ਏ, ਐ ਇਨਸਾਨ ਤੂੰ ਇਨਸਾਨ ਤੋਂ।

ਥੋੜ੍ਹਾ ਜਿਹਾ ਡਰ ਕੇ ਰਹੀਏ, ਤੂੰ ਤੇ ਮੈਂ ਭਗਵਾਨ ਤੋਂ।

ਬੇਦੋਸ਼ਿਆਂ ਨੂੰ ਮਾਰ ਕੇ, ਅਸਾਂ ਨੂੰ ਕੀ ਮਿਲੂਗਾ।

ਤੁਰ ਜਾਣਾ ਇੱਕ ਦਿਨ ਤੂੰ, ਤੇ ਮੈਂ ਵੀ ਇਸ ਜਹਾਨ ਤੋਂ।

ਸ਼ੌਕ ਹੈ ਦਹਿਸ਼ਤਵਾਦ ਦਾ, ਜ਼ਿੰਦਗੀਆਂ ਨਾਲ ਖੇਡਣਾ।

ਧਰਮ ਦੇ ਨਾਂਅ ’ਤੇ ਦੰਗੇ ਕਰਵਾਉਂਦਾ, ਹੈ ਸ਼ੈਤਾਨ ਇਨਸਾਨ ਤੋਂ।

ਮਿੱਟੀ ਦਾ ਖਿਡਾਉਣਾ ਸਮਝਦਾ ਹੈ, ਇਨਸਾਨ-ਇਨਸਾਨ ਨੂੰ।

ਐ ਖ਼ੁਦਾ ਇਹ ਉਮੀਦ ਨਹੀਂ ਸੀ, ਤੇਰੇ ਬਣਾਏ ਇਨਸਾਨ ਤੋਂ।

ਬੇਕਸੂਰਾਂ ਦੇ ਖ਼ੂਨ ਨਾਲ, ਖੇਡਦਾ ਹੈ ਹੋਲੀ ਇਹ।

ਵੀਰਪਾਲ ਜਾਨਵਰ ਹੀ ਚੰਗੇ ਨੇ, ਇਸ ਬੇਰਹਿਮ ਇਨਸਾਨ ਤੋਂ।

## ਵਡਾਰੂਆਂ ਦਾ ਅਪਮਾਨ?



ਕਲਾ ਲਿਖਣ ਦੀ ਜਾਣਦੇ ਵਾਲਿਉ ਜੀ
ਕਾਲੇ ਲਿਖ ਨਾ ਬੈਠਿਉ ਲੇਖ ਯਾਰੋ।

ਕੌੜੇ ਸ਼ਬਦਾਂ ਦੀ ਪੀੜ ਮਹਿਸੂਸ ਹੋਵੇ
ਜਿਵੇਂ ਵੱਜਦੀ ਸੀਨੇ ਵਿਚ ਮੇਖ ਯਾਰੋ।

ਚੱਲੇ ਕਲਮ ਮਨੁੱਖਤਾ ਵਾਸਤੇ ਹੀ
ਹੋਵੇ ਬਾਹਰਲਾ ਕੈਸਾ ਵੀ ਭੇਖ ਯਾਰੋ।

ਕਿਸਦੇ ਵਾਸਦੇ ਕੀ ਮੈਂ ਲਿਖਣ ਲੱਗਾਂ
ਸਿਆਣਾ ਲੇਖਕ ਇਹ ਲੈਂਦਾ ਏ ਦੇਖ ਯਾਰੋ।

ਜਾਂਦਾ ਨੇੜੇ ਅਣਜਾਣ ਨਾ ਪਾਣੀਆਂ ਦੇ
ਡਰ ਡੁੱਬਣ ਦਾ ਹੁੰਦਾ ਏ ਤਾਰੂਆਂ ਦਾ।

ਸਮਝੋ ਡੁੱਬਿਆ ਉਹ ਵੀ ਹੰਕਾਰ ਅੰਦਰ
ਜਿਹੜਾ ਕਰੇ ਅਪਮਾਨ ਵਡਾਰੂਆਂ ਦਾ!

-ਤਰਲੋਚਨ ਸਿੰਘ ‘ਦੁਪਾਲਪੁਰ
001-408-915-1268

## ਮਿੰਨੀ ਕਹਾਣੀ ਸੋਗ ਦੀ ਖ਼ੁਸੀ

ਚਮਨਦੀਪ ਸ਼ਰਮਾ
94633 77709



ਅੱਜ ਸਕੂਲ ਵਿੱਚ ਆਇਆ ਹਰ ਇੱਕ ਬੱਚਾ ਅਧਿਆਪਕਾਂ ਵੱਲੋਂ ਘੰਟੀ ਵਜਾਉਣ ਦੇ ਇਸ਼ਾਰੇ ਦੀ ਇੰਤਜ਼ਾਰ ਕਰ ਰਿਹਾ ਸੀ। ਕਿਸੇ ਪ੍ਰਸਿੱਧ ਹਸਤੀ ਦੇ ਅਕਾਲ ਚਲਾਣਾ ਕਰ ਜਾਣ ਦੀ ਖ਼ਬਰ ਉੱਡੀ ਹੋਈ ਸੀ। ਅਧਿਆਪਕ ਉੱਚ ਅਧਿਕਾਰੀਆਂ ਦੇ ਦਫ਼ਤਰਾਂ ਵਿੱਚ ਲਗਾਤਾਰ ਫੋਨ ਖੜਕਾ ਰਹੇ ਸੀ।

ਹਰ ਕੋਈ ਚਿੰਤਾ ਵਿੱਚ ਸੀ। ਅਖ਼ੀਰ ਛੁੱਟੀ ਦੇ ਕਨਫਰਮ ਹੋਣ ਤੇ ਅਧਿਆਪਕ ਅਤੇ ਬੱਚਿਆਂ ਨੇ ਆਪਣੇ ਪ੍ਰੋਗਰਾਮ ਝੱਟ ਤਹਿ ਕਰ ਲਏ। ਕਈਆਂ ਨੇ ਪਾਰਟੀ ਕਰਨ, ਰਿਸ਼ਤੇਦਾਰੀ ਜਾਣ, ਭੋਗ ਅਟੈਂਡ ਕਰਨ, ਘਰ ਦੇ ਫੁੱਟਕਲ ਕੰਮਾਂ ਵਿੱਚ ਬਤੀਤ ਕਰਨ ਲਈ ਘਰ ਟੈਲੀਫੋਨ ਕਰ ਦਿੱਤੇ। ਬੱਚਿਆਂ ਨੇ ਵੀ ਆਪਣੇ ਖੇਡਣ ਦੇ ਜਗ੍ਹਾਂ ਸਾਥੀਆਂ ਨੂੰ ਦੱਸ ਦਿੱਤੀ ਸੀ। ਕਿਸੇ ਕੋਲ ਉਸ ਵਿਅਕਤੀ ਦੇ ਲਈ ਗੱਲ ਕਰਨ ਦਾ ਸਮਾਂ ਹੀ ਨਹੀਂ ਸੀ ਜਿਸ ਦੀ ਮੌਤ ਦੇ ਸੋਗ ਕਾਰਨ ਇਹ ਛੁੱਟੀ ਘੋਸ਼ਿਤ ਹੋਈ ਸੀ। ਇੱਥੇ ਸੋਗ ਖੁਸ਼ੀ ਵਿੱਚ ਪ੍ਰਵਰਤਿਤ ਹੋ ਚੁੱਕਾ ਸੀ। ਇਹ ਛੁੱਟੀ ਉਸ ਵਿਅਕਤੀ ਦੀ ਆਤਮਾ ਨੂੰ ਠੇਸ ਪਹੁੰਚਾਉਣ ਵਾਲੀ ਹੀ ਪ੍ਰਤੀਤ ਹੋ ਰਹੀ ਸੀ।

## ਬਹਾਦਰੀ ਇਨਾਮ

ਹਰਦੀਪ ਬਿਰਦੀ, ਲੁਧਿਆਣਾ
9041600900



ਸਤਵਿੰਦਰ ਦੇ ਪਹਿਲਾਂ ਹੀ ਇੱਕ ਕੁੜੀ ਸੀ । ਹੁਣ ਉਸਨੂੰ ਦੂਜਾ ਬੱਚਾ ਹੋਣ ਵਾਲਾ ਸੀ । ਦਿਲੋਂ ਨਾ ਮੰਨਣ ਤੇ ਵੀ ਉਸਨੇ ਸਹੁਰਿਆਂ ਦੇ ਦਬਾਅ ਹੇਠ ਆਕੇ ਗਰਭ ਦਾ ਟੈਸਟ ਕਰਵਾ ਲਿਆ। ਸਹੁਰਿਆਂ ਨੇ ਹੁਕਮ ਦਿੱਤਾ ਕਿ ਗਰਭਪਾਤ ਕਰਵਾਇਆ ਜਾਵੇ। ਸਤਵਿੰਦਰ ਨੇ ਸਾਫ਼ ਇਨਕਾਰ ਕਰ ਦਿੱਤਾ। ਸਤਵਿੰਦਰ ਦੇ ਘਰ ਫੇਰ ਕੁੜੀ ਨੇ ਜਨਮ ਲਿਆ । ਸਾਰੇ ਦੁਖੀ ਹੀ ਦਿਸੇ ਸਿਵਾਏ ਸਤਵਿੰਦਰ ਦੇ । ਉਹ ਖੁਸ਼ ਸੀ ਕਿਉਂ ਕਿ ਉਸ ਨੇ ਇੱਕ ਜਾਨ ਬਚਾ ਲਈ ਸੀ । ਮੈਂ ਬੈਠਾ ਸੋਚ ਰਿਹਾ ਸੀ ਕਿ ਸਰਕਾਰ ਵਾਲਾ ਬਹਾਦੁਰੀ ਇਨਾਮ ਸਤਵਿੰਦਰ ਨੂੰ ਕਿਉਂ ਨਹੀਂ ਦਿੱਤਾ ਜਾ ਸਕਦਾ। ਆਖਿਰ ਉਸਨੇ ਵੀ ਵਿਰੁੱਧ ਸਥਿਤੀਆਂ ਹੋਣ ਦੇ ਬਾਵਜੂਦ ਵੀ ਇੱਕ ਜਾਨ ਬਚਾਈ ਸੀ।

# ਜਰਨਲਿਸਟ ਕਲੱਬ ਪੰਜਾਬ ਨੇ ਮੁੱਖ ਮੰਤਰੀ ਪੰਜਾਬ ਤੋ ਕੀਤੀ ਮੰਗ, ਪੱਤਰਕਾਰਾਂ ਦੇ ਸਿਹਤ ਸਹੂਲਤ ਦੱਸ ਲੱਖ ਦਾ ਬੀਮਾ ਅਤੇ ਰੈਣ ਬਸੇਰੇ ਲਈ ਮੁੱਖ ਮੰਤਰੀ ਪੰਜਾਬ ਨੂੰ ਕੀਤੀ ਮੰਗ

## ਜਰਨਲਿਸਟ ਕਲੱਬ ਨੇ ਨਵਨਿਯੁਕਤ ਐਸ ਪੀ ਪਰਮਿੰਦਰ ਸਿੰਘ ਭੰਡਾਲ ਦਾ ਕੀਤਾ ਨਿੱਘਾ ਸਵਾਗਤ

**ਫਗਵੱੜ (ਬੀ.ਕੇ.ਰੱਤੂ)–** ਜਰਨਲਿਸਟ ਕਲੱਬ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਸਥਾਨਕ ਟਾਉਨ ਹਾਲ ਫਗਵਾੜਾ ਵਿਖੇ ਸੂਬਾ ਪ੍ਰਧਾਨ ਮਨਜੀਤ ਮਾਨ ਦੀ ਰਹਿਨੁਮਾਈ ਹੇਠ ਕੀਤੀ ਗਈ ਜਿਸ ਵਿੱਚ ਸਰਪ੍ਰਸਤ ਜਸਵਿੰਦਰ ਸਿੰਘ ਸੰਧੂ,ਚੇਅਰਮੈਨ ਰਾਜੇਸ਼ ਵਰਮਾ(ਵੱ(ਨ ਨਿਊਜ਼), ਮੀਤ ਪ੍ਰਧਾਨ ਰੁਪਿੰਦਰ ਸਿੰਘ ਅਰੋੜਾ



ਵਰਲਡ ਪੰਜਾਬੀ ਨਿਊਜ਼, ਜਨਰਲ ਸਕੱਤਰ ਰਵਿੰਦਰ ਵਰਮਾ ਦੈਨਿਕ ਸਵੇਰਾ, ਅਸ਼ੋਕ ਲਾਡੀ, ਵਿਨੋਦ ਕੁਮਾਰ ਝਲਕ ਟੀ.ਵੀ., ਅਨੀਲ ਵਰਮਾ ਸਾਵਧਾਨ ਇੰਡਿਆ, ਬਾਬਾ ਗੁਰਮੀਤ ਸਿੰਘ ਪੰਜਾਬ ਕੇਸਰੀKਜਗਬਾਣੀ), ਜਗਦੀਸ਼ ਡੰਗ ਵੱਨ ਨਿਊਜ਼, ਸੁਖਵਿੰਦਰ ਸੋਹੀ ਹਮੀਰਾ ਵੱਨ ਨਿਊਜ਼, ਕਿਰਪਾਲ ਮਾਓਪੱਟੀ ਸਪੋਕਸਮੈਨ, ਡਾ ਰਮਨ ਰੋਜਾਨਾ ਨਵਾਂ ਜ਼ਮਾਨਾ, ਰਾਮ ਲਾਲ ਅਸੁਰ ਜਗਬਾਣੀ, ਸੁਖਵਿੰਦਰ ਸਿੰਘ ਸੱਚ ਦੀ ਤਾਕਤ, ਬੀ.ਕੇ. ਰਤੂ ਦੇਸ਼ ਸੇਵਕ, ਪਰਵਿੰਦਰ ਜੀਤ ਸਿੰਘ ਰੋਜ਼ਾਨਾ ਪੰਜਾਬ ਟਾਇਮਜ਼, ਓਂਕਾਰ ਸਿੰਘ ਸੱਚ ਦੀ ਤਾਕਤ ਆਦਿ ਮੌਜੂਦ ਸਨ। ਮੀਟਿੰਗ ਨੂੰ ਸਬੰਧਿਤ ਕਰਦੇ ਸੂਬਾ ਪ੍ਰਧਾਨ ਮਨਜੀਤ ਮਾਨ ਨੇ ਮੰਗ ਕੀਤੀ ਕਿ ਪਿਛਲੇ ਲੰਮੇ ਸਮੇਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਅਪਣੀਆਂ ਵੱਡਮੁਲੀਆਂ ਸੇਵਾ ਦੇ ਰਹੇ ਪੱਤਰਕਾਰਾਂ ਨੂੰ ਪੰਜ ਪੰਜ ਮਰਲੇ ਦੇ ਪਲਾਟ ਦਿੱਤੇ ਜਾਣ, ਦੱਸ ਲੱਖ ਰੁਪਏ ਦਾ ਸਿਹਤ ਬੀਮਾ ਕੀਤਾ ਜਾਵੇ। ਪੰਜਾਬ ਦੇ ਸਾਰੇ ਟੋਲ ਪਲਾਜ਼ਾ ਮੁਫਤ ਕੀਤੇ ਜਾਣ ਪੱਤਰਕਾਰਾਂ ਨੂੰ ਇਸ ਤੋਂ ਇਲਾਵਾ ਬੱਸ ਪਾਸ ਅਤੇ ਰੇਲ ਪਾਸ ਵੀ ਜਾਰੀ ਕੀਤੇ ਜਾਣ ਅਤੇ ਪੱਤਰਕਾਰਾ ਦੀ ਸੁਰੱਖੀਆ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪੱਤਰਕਾਰਾ ਨੂੰ ਪੱਤਰਕਾਰੀ ਦੇ ਖੇਤਰ ਵਿੱਚ ਸੇਵਾ ਕਰਦਿਆਂ ਅਨੇਕਾਂ ਮੁਸ਼ਕਲਾਂ ’ਚੋਂ ਗੁਜਰਣਾ ਪੈਂਦਾ ਹੈ ਅਤੇ ਜੇਕਰ ਕੋਈ ਪੱਤਰਕਾਰ ਕੋਈ ਭਿਆਨਕ ਬਿਮਾਰੀ ਨਾਲ ਘਿਰ ਜਾਂਦਾ ਹੈ ਤਾਂ ਨਾ ਤਾਂ ਉਸ ਨੂੰ ਸਰਕਾਰ ਵਲੋਂ ਮਾਲੀ ਮਦਦ ਮਿਲਦੀ ਹੈ ਅਤੇ ਨਾ ਹੀ ਪ੍ਰਸ਼ਾਸਨ ਵਲੋਂ ਅਜਿਹੀ ਸਥਿਤੀ ’ਚ ਪੱਤਰਕਾਰ ਤਾਂ ਬਿਮਾਰੀ ਨਾਲ ਜੂਝ ਹੀ ਰਿਹਾ ਹੁੰਦਾ ਹੈ ਕਈ ਵਾਰ ਤਾਂ ਇੱਕ ਵਿਅਕਤੀ ਦੇ ਸਿਰ ਤੇ ਹੀ ਪਰਿਵਾਰ ਦੀ ਪੂਰੀ ਜੁੰਮੇਵਾਰੀ ਹੁੰਦੀ ਹੈ ਅਜਿਹੀ ਸਥਿਤੀ ’ਚ ਉਸ ਦਾ ਪਰਿਵਾਰ ਵੀ ਆਪਣੇ ਆਪ ਨੂੰ ਅਸਹਾਈ ਮਹਿਸੂਸ ਕਰਦਾ ਹੈ। ਉਨ੍ਹਾਂ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਕੋਲੋ ਮੰਗ ਕੀਤੀ ਕਿ ਪੱਤਰਕਾਰਾਂ ਦੀ ਸਿਹਤ ਸਹੂਲਤ ਲਈ ਦੱਸ ਲੱਖ ਦਾ ਬੀਮਾ ਪਹਿਲ ਦੇ ਅਧਾਰ ਤੇ ਕੀਤਾ ਜਾਵੇ, ਪੱਤਰਕਾਰਾ ਦੇ ਰੈਣ-ਬਸੇਰੇ ਲਈ ਪੰਜ ਪੰਜ ਮਰਲੇ ਦੇ ਪਲਾਟ ਦਿੱਤੇ ਜਾਣ ਤਾਂ ਜੋ ਉਨ੍ਹਾਂ ਦੇ ਪਰਿਵਾਰ ਨੂੰ ਇੱਕ ਵੱਡੀ ਰਾਹਤ ਮਿਲ ਸਕੇ। ਮੀਟਿੰਗ ਤੋਂ ਬਾਅਦ ਉਨ੍ਹਾਂ ਸਥਾਨਕ ਐਸ.ਪੀ. ਪਰਮਿੰਦਰ ਸਿੰਘ ਭੰਡਾਲ ਨਾਲ ਮੁਲਾਕਾਤ ਕਰ ਉਨ੍ਹਾਂ ਦੀ ਫਗਵਾੜਾ ਵਿਖੇ ਨਿਯੁਕਤੀ ਤੇ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪੱਤਰਕਾਰਾਂ ਨੂੰ ਆ ਰਹਿਆਂ ਮੁਸ਼ਕਲਾਂ ਬਾਰੇ ਦੱਸਿਆ।

ਉਨ੍ਹਾਂ ਨੇ ਸਥਾਨਕ ਪ੍ਰਸ਼ਾਸਨ ਕੋਲੋ ਮੰਗ ਕੀਤੀ ਕਿ ਪੱਤਰਕਾਰਤਾ ਦੇ ਖੇਤਰ ਵਿੱਚ ਪੀਲੀ ਪੱਤਰਕਾਰੀ ਕਰਨ ਵਾਲੇ ਅਤੇ ਨਿੱਜੀ ਵਾਹਨਾਂ ਤੇ ਪ੍ਰੈਸ ਸ਼ਬਦ ਦੀ ਦੁਰਵਰਤੋਂ ਕਰਨ ਵਾਲੇ ਪੱਤਰਕਾਰਾਂ ਨੂੰ ਕਾਬੂ ਕਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਗੋਪਾਲਕ੍ਰਿਸ਼ਨ ਗਾਂਧੀ ਹੋਣਗੇ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ

**ਨਵੀਂ ਦਿੱਲੀ–** ਦੇਸ਼ ਦੇ ਉਪ ਰਾਸ਼ਟਰਪਤੀ ਦੀ ਚੋਣ ਲਈ 18 ਵਿਰੋਧੀ ਪਾਰਟੀਆਂ ਨੇ ਪੱਛਮੀ ਬੰਗਾਲ ਦੇ ਸਾਬਕਾ ਰਾਜਪਾਲ ਗੋਪਾਲਕ੍ਰਿਸ਼ਨ ਗਾਂਧੀ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਇਹ ਐਲਾਨ ਅੱਜ ਇਥੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕੀਤਾ। ਉਪ ਰਾਸ਼ਟਰਪਤੀ ਦੀ ਚੋਣ 5 ਅਗਸਤ ਨੂੰ ਹੋਵੇਗੀ।



ਮੀਟਿੰਗ ਤੋਂ ਬਾਅਦ ਬੀਬੀ ਗਾਂਧੀ ਕਿਹਾ, “18 ਵਿਰੋਧੀ ਪਾਰਟੀਆਂ ਨੇ ਅੱਜ ਉਪ ਰਾਸ਼ਟਰਪਤੀ ਦੇ ਉਮੀਦਵਾਰ ਬਾਰੇ ਫ਼ੈਸਲਾ ਕਰਨ ਲਈ ਮੀਟਿੰਗ ਕੀਤੀ। ਉਨ੍ਹਾਂ ਸਾਰਿਆਂ ਨੇ ਗੋਪਾਲਕ੍ਰਿਸ਼ਨ ਗਾਂਧੀ ਨੂੰ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਾਰਨ ਦਾ ਫ਼ੈਸਲਾ ਕੀਤਾ ਹੈ। ਸਾਡੇ ਵੱਲੋਂ ਸ੍ਰੀ ਗਾਂਧੀ ਨਾਲ ਗੱਲਬਾਤ ਕੀਤੇ ਜਾਣ ਉਤੇ ਉਨ੍ਹਾਂ ਉਮੀਦਵਾਰ ਬਣਨ ਲਈ ਹਾਮੀ ਭਰ ਦਿੱਤੀ ਹੈ।’’ ਇਨ੍ਹਾਂ ਪਾਰਟੀਆਂ ਵਿੱਚ ਜਨਤਾ ਦਲ (ਯੂ) ਵੀ ਸ਼ਾਮਲ ਹੈ, ਜਿਸ ਨੇ ਰਾਸ਼ਟਰਪਤੀ ਦੀ ਚੋਣ ਲਈ ਵਿਰੋਧੀ ਪਾਰਟੀਆਂ ਦਾ ਸਾਥ ਛੱਡਦਿਆਂ ਹਾਕਮ ਐਡੀਏ ਦੇ ਉਮੀਦਵਾਰ ਰਾਮ ਨਾਥ ਕੋਵਿੰਦ ਦੀ ਹਮਾਇਤ ਦਾ ਐਲਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਾਂਗਰਸ ਦੇ ਗ਼ੁਲਾਮ ਨਬੀ ਆਜ਼ਾਦ, ਟੀਐਮਸੀ ਦੇ ਡੈਰੇਕ ਓ’ਬਰਾਇਨ ਅਤੇ ਸੀਪੀਐਮ ਦੇ ਸੀਤਾ ਰਾਮ ਯੇਚੁਰੀ ਨੇ ਸ੍ਰੀ ਗਾਂਧੀ ਨਾਲ ਇਸ ਸਬੰਧੀ ਗੱਲਬਾਤ ਕੀਤੀ। ਉਨ੍ਹਾਂ ਕਿਹਾ, ’’ਸ੍ਰੀ ਗਾਂਧੀ ਨੇ ਸੰਪਰਕ ਕੀਤੇ ਜਾਣ ਉਤੇ ਸੋਚਣ ਲਈ 10-15 ਮਿੰਟਾਂ ਦਾ ਸਮਾਂ ਮੰਗਿਆ ਅਤੇ ਦੁਬਾਰਾ ਸੰਪਰਕ ਕੀਤੇ ਜਾਣ ਉਤੇ ਉਨ੍ਹਾਂ ਹਾਮੀ ਭਰ ਦਿੱਤੀ। ਉਨ੍ਹਾਂ ਆਪਣਾ ਨਾਂ ਤੈਅ ਕਰਨ ਲਈ ਅੱਜ ਇਥੇ ਇਕੱਤਰ ਹੋਏ ਸਾਰੇ ਆਗੂਆਂ ਦਾ ਧੰਨਵਾਦ ਕੀਤਾ ਹੈ।’’ ਸੂਤਰਾਂ ਮੁਤਾਬਕ ਉਨ੍ਹਾਂ ਦਾ ਨਾਂ ਤੈਅ ਕਰਨ ਨੂੰ ਮਹਿਜ਼ 15 ਕੁ ਮਿੰਟ ਲੱਗੇ, ਕਿਉਂਕਿ ਇਸ ਸਬੰਧੀ ਹੋਰ ਕਿਸੇ ਨਾਂ ਉਤੇ ਚਰਚਾ ਨਹੀਂ ਹੋਈ। ਸ੍ਰੀ ਯੇਚੁਰੀ ਨੇ ਕਿਹਾ ਕਿ ਸ੍ਰੀ ਗਾਂਧੀ, ਮਹਾਤਮਾ ਗਾਂਧੀ ਅਤੇ ਦੇਸ਼ ਦੇ ਆਖ਼ਰੀ ਗਵਰਨਰ ਜਨਰਲ ਸੀ. ਗੋਪਾਲਾਚਾਰੀ ਦੇ ਪੋਤਰੇ ਹਨ। ਉਨ੍ਹਾਂ ਕਿਹਾ, “ਉਪ ਰਾਸ਼ਟਰਪਤੀ ਲਈ ਸ੍ਰੀ ਗਾਂਧੀ ਤੋਂ ਵਧੀਆ ਹੋਰ ਕੋਈ ਉਮੀਦਵਾਰ ਨਹੀਂ ਹੋ ਸਕਦਾ। ਅਸੀਂ ਉਮੀਦ ਕਰਦੇ ਹਾਂ ਕਿ ਉਨ੍ਹਾਂ ਨੂੰ ਸਰਬਸੰਮਤੀ ਨਾਲ ਚੁਣ ਲਿਆ ਜਾਵੇਗਾ।’’

# ਏ.ਐਫ.ਐਸ.ਓ ਨੇ ਦਿਹਾਤੀ ਮਜਦੂਰ ਸਭਾ ਕੋਲੋ ਮੰਗੀ ਮੁਆਫੀ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਵਿਧਾਨ ਸਭਾ ਹਲਕਾ ਖੇਮਕਰਨ ਅਧੀਨ ਆਉਦੇਂ ਬਹੁਤ ਸਾਰੇ ਪਿੰਡਾਂ ਦੇ ਗਰੀਬ ਨੀਲੇ ਕਾਰਡ ਧਾਰਕਾਂ ਨੂੰ ਕਣਕ ਨਾ ਮਿਲਣ ਦੇ ਰੋਸ ਵਜੋਂ ਦਿਹਾਤੀ ਮਜਦੂਰ ਸਭਾ ਦੇ ਜਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਦੀ ਅਗਵਾਈ ਹੇਠ ਰੋਸ ਮੁਜਾਹਰਾ ਕਰਨ ਲਈ ਜੋ ਹੀ ਪਾਰਟੀ ਵਰਕਰ ਲਾਲ ਝੰਡਿਆਂ ਨਾਲ ਮਾਰਚ ਕਰਦੇ ਹੋਏ ਫੂਡ ਸਪਲਾਈ ਦਫਤਰ ਭਿੱਖੀਵਿੰਡ ਵਿਖੇ ਪਹੁੰਚੇ ਤਾਂ ਦਫਤਰ ਵਿਚ ਮੌਜੂਦ ਏ.ਐਫ.ਐਸ.ਓ ਬਲਵੀਰ ਸਿੰਘ ਆਪਣੀ ਨਿੱਜੀ ਕਾਰ ਰਾਂਹੀ ਸਵਾਰ ਹੋ ਖਿਸਕਣ ਲੱਗੇ ਤਾਂ ਪਾਰਟੀ ਵਰਕਰਾਂ ਵੱਲੋਂ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਏ.ਐਫ.ਐਸ.ਓ ਬਲਵੀਰ ਸਿੰਘ ਵੱਲੋਂ ਕਾਹਲੀ ਨਾਲ ਕਾਰ ਭਜਾਉਣ ਦੇ ਕਾਰਨ ਪਾਰਟੀ ਵਰਕਰ ਸੁਖਦੇਵ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਹਿਲਵਾਨਕੇ ਦੀ ਬਾਂਹ 'ਤੇ ਸੱਟ ਲੱਗਣ ਨਾਲ ਜਖਮੀ ਹੋ ਗਿਆ। ਜਿਸ 'ਤੇ ਪਾਰਟੀ ਵਰਕਰਾਂ ਵਿਚ ਗੁੱਸੇ ਦੀ ਲਹਿਰ ਦੌੜ ਗਈ ਤੇ ਗੁੱਸੇ ਵਿਚ ਆਏ ਵਰਕਰ ਏ.ਐਫ.ਐਸ.ਓ ਬਲਵੀਰ ਸਿੰਘ ਖਿਲਾਫ ਨਾਅਰੇਬਾਜੀ



ਕੀਤੀ ਤੇ ਪੁਲਿਸ ਥਾਣਾ ਭਿੱਖੀਵਿੰਡ ਨੂੰ ਲਿਖਤੀ ਸ਼ਿਕਾਇਤ ਦੇ ਕੇ ਕਾਰਵਾਈ ਦੀ ਮੰਗ ਕੀਤੀ। ਫੂਡ ਸਪਲਾਈ ਦਫਤਰ ਭਿੱਖੀਵਿੰਡ ਵਿਚ ਮੌਜੂਦ ਡੀ.ਐਫ.ਐਸ.ਓ ਰੂਪਪ੍ਰੀਤ ਕੌਰ ਨੇ ਟੈਲੀਫੋਨ 'ਤੇ ਏ.ਐਫ.ਐਸ.ਓ ਬਲਵੀਰ ਸਿੰਘ ਨੂੰ ਦਫਤਰ ਵਿਖੇ ਬੁਲਾਇਆ ਅਤੇ ਪੁਲਿਸ ਅਧਿਕਾਰੀ ਏ.ਐਸ.ਆਈ ਸੁਰਿੰਦਰ ਕੁਮਾਰ ਦੀ ਹਾਜਰੀ ਵਿਚ ਪਾਰਟੀ ਆਗੂ ਕਾਮਰੇਡ ਚਮਨ ਲਾਲ ਦਰਾਜਕੇ, ਹਰਜਿੰਦਰ ਸਿੰਘ ਚੂੰਗ, ਗੱਜਣ ਸਿੰਘ ਨਾਰਲਾ ਨਾਲ ਗੱਲਬਾਤ ਕੀਤੀ ਤਾਂ ਏ.ਐਫ.ਐਸ.ਓ ਬਲਵੀਰ ਸਿੰਘ ਵੱਲੋਂ ਗਲਤੀ ਦਾ ਅਹਿਸਾਸ ਕਰਦਿਆਂ ਧਰਨਾਕਾਰੀਆਂ ਦੇ ਇਕੱਠ ਵਿਚ ਪਹੁੰਚ ਕੇ ਮੁਆਫੀ ਮੰਗ ਲਈ ਤਾਂ ਪਾਰਟੀ ਵਰਕਰ ਸ਼ਾਂਤ ਹੋ ਗਏ।

ਇਸ ਸਮੇਂ ਦਿਹਾਤੀ ਮਜਦੂਰ ਸਭਾ ਦੇ ਆਗੂਆਂ ਨੂੰ ਵਿਸ਼ਵਾਸ਼ ਦਿਵਾਉਦਿਆਂ ਡੀ. ਐਫ. ਐਸ. ਓ ਰੂਪਪ੍ਰੀਤ ਕੌਰ ਨੇ ਕਿਹਾ ਕਿ ਮਾਮਲੇ ਦੀ ਜਾਂਚ ਕਰਕੇ ਨੀਲੇ ਕਾਰਡ ਹੋਲਡਰਾਂ ਨੂੰ ਕਣਕ ਵੰਡੀ ਜਾਵੇਗੀ। ਇਸ ਮੌਕੇ ਇੰਸਪੈਕਟਰ ਚੰਦਨ ਚੋਪੜਾ, ਬਲਜਿੰਦਰ ਸਿੰਘ, ਇੰਸਪੈਕਟਰ ਬਲਜੀਤ ਸਿੰਘ, ਸਵਿੰਦਰ ਸਿੰਘ ਚੱਕ, ਸੁਖਦੇਵ ਸਿੰਘ ਬੱਬੀ, ਅੰਗਰੇਜ ਸਿੰਘ, ਜਸਵੰਤ ਸਿੰਘ, ਸੁਰਜੀਤ ਸਿੰਘ, ਅੰਗਰੇਜ ਸਿੰਘ ਲੱਧੂ, ਅਜੀਤ ਸਿੰਘ ਕੰਬੋਕੇ, ਸੰਤੋਖ ਸਿੰਘ ਮੱਖੀ ਆਦਿ ਹਾਜਰ ਸਨ।



# ਤੇਜ਼ਾਬੀ ਹਮਲੇ ਦੀ ਪੀੜਿਤ ਦੇ ਵਿਆਹ 'ਚ ਸ਼ਾਮਲ ਹੋਏ ਵਿਵੇਕ ਓਬਰਾਏ

## ਤੋਹਫ਼ੇ 'ਚ ਦਿੱਤਾ ਫਲੈਟ, ਸਮਾਜ ਲਈ ਮਿਸਾਲ ਬਣਿਆ ਵਿਆਹ


## ਬਾਲੀਵੁੱਡ ਹਲਚਲ

ਤਰਸੇਮ ਬੱਧਣ
097796-27888




ਵਿਵੇਕ ਓਬਰਾਏ ਕਈ ਫ਼ਿਲਮਾਂ 'ਚ ਯਾਦਗਾਰੀ ਰੋਲ ਨਿਭਾਉਣ ਦੇ ਨਾਲ ਨਾਲ ਸਮਾਜਸੇਵਾ ਦੇ ਕੰਮਾਂ ਵਿਚ ਵੀ ਅਹਿਮ ਭੂਮਿਕਾ ਅਦਾ ਕਰ ਰਹੇ ਹਨ। ਇਸ ਵਾਰ ਵਿਵੇਕ ਓਬਰਾਏ ਪਹੁੰਚੇ ਇੱਕ ਖ਼ਾਸ ਸ਼ਾਦੀ 'ਚ ਜਿੱਥੇ ਕਿ ਉਹ ਦੁਲਹਨ ਦੇ ਭਰਾ ਵਜੋਂ ਸ਼ਾਮਲ ਹੋਏ ਤੇ ਇਹ ਦੁਲਹਨ ਤੇਜ਼ਾਬੀ ਹਮਲੇ ਨਾਲ ਪੀੜਿਤ ਸੀ। ਦਰਅਸਲ 26 ਸਾਲਾਂ



ਤੇਜ਼ਾਬੀ ਹਮਲੇ ਨਾਲ ਪੀੜਿਤ ਕਲਵਾ ਮੁੰਬਈ ਦੀ ਰਹਿਣ ਵਾਲੀ ਲਲਿਤਾ ਬੇਨਬਾਂਸੀ ਦਾ ਵਿਆਹ 2012 ਵਿਚ ਇੱਕ ਹੋਰ ਆਦਮੀ ਨਾਲ ਹੋਣ ਜਾ ਰਿਹਾ ਸੀ, ਪਰੰਤੂ ਵਿਆਹ ਦੀਆਂ ਸਾਰੀਆਂ ਖ਼ੁਸ਼ੀਆਂ 'ਚ ਉਸ ਸਮੇਂ ਗ੍ਰਹਿਣ ਲੱਗ ਗਿਆ ਜਦੋਂ ਉਸ ਦੇ ਰਿਸ਼ਤੇਦਾਰ ਨੇ ਆਪਣੀ ਨਿੱਜੀ ਰੰਜਸ਼ ਦੇ ਚੱਲਦਿਆਂ ਉਸ ਉੱਪਰ ਤੇਜ਼ਾਬੀ ਹਮਲਾ ਕਰ ਦਿੱਤਾ। ਇਸ ਹਮਲੇ 'ਚ ਲਲਿਤਾ ਦਾ ਮੂੰਹ ਬੁਰੀ ਤਰਾਂ ਝੁਲਸ ਗਿਆ ਤੇ ਉਸ ਦੀ 17 ਵਾਰ ਸਰਜਰੀ ਹੋਈ ਸੀ।

ਤਕਰੀਬਨ 2 ਕੁ ਮਹੀਨੇ ਪਹਿਲਾ ਲਲਿਤਾ ਨੂੰ ਰਾਹੁਲ ਕੁਮਾਰ ਨਾਂਅ ਦੇ ਅਣਪਛਾਤੇ ਵਿਅਕਤੀ ਦਾ ਫ਼ੋਨ ਆਇਆ ਤੇ ਇਸ ਤੋਂ ਬਾਅਦ ਹੌਲੀ ਹੌਲੀ ਦੋਵਾਂ ਦਾ ਪਿਆਰ ਇੰਨਾ ਵਧ ਗਿਆ ਕਿ ਦੋਵਾਂ ਨੇ ਵਿਆਹ ਕਰਵਾਉਣ ਦਾ ਫ਼ੈਸਲਾ ਕਰ ਲਿਆ।

ਵਿਵੇਕ ਓਬਰਾਏ ਵਿਆਹ ਵਿਚ ਨਾ ਸਿਰਫ਼ ਲਲਿਤਾ ਦੇ ਭਰਾ ਵਜੋਂ ਸ਼ਾਮਲ ਹੋਏ ਬਲਕਿ ਉਨ੍ਹਾਂ ਨਵ ਵਿਆਹੇ ਜੋੜੇ ਨੂੰ ਗਿਫ਼ਟ ਵਜੋਂ ਫਲੈਟ ਵੀ ਭੇਂਟ ਕੀਤਾ। ਇਸ ਤੋਂ ਇਲਾਵਾ ਹੋਰਨਾਂ ਨੇ ਵੀ ਨਵ ਵਿਆਹੇ ਜੋੜੇ ਨੂੰ ਕਈ ਤਰਾਂ ਦੇ ਤੋਹਫ਼ੇ ਦਿੱਤੇ। ਪੂਰੇ ਸਮਾਜ ਲਈ ਜਿੱਥੇ ਇਹ ਵਿਆਹ ਇੱਕ ਮਿਸਾਲ ਸਾਬਿਤ ਹੋਇਆ ਉੱਥੇ ਹੀ ਲੋਕ ਵਿਵੇਕ ਓਬਰਾਏ ਵੱਲੋਂ ਕੀਤੇ ਇਸ ਉਦਮ ਨੂੰ ਵੀ ਸਰਾਹੁੰਦੇ ਹੋਏ ਨਹੀਂ ਥੱਕ ਰਹੇ ਸਨ।

**ਆਸਕਰ ਮੀਡੀਆ**

## ਵਿਆਹ ਤੋਂ 5 ਮਹੀਨੇ ਬਾਅਦ ਹੀ ਮੰਦਨਾ ਨੇ ਮੰਗਿਆ ਤਲਾਕ



ਬਿੱਗ ਬਾਸ ਕਨਟੈਸਟੈਂਟ ਤੇ ਮਾਡਲ ਮੰਦਨਾ ਕਰੀਮੀ ਨੇ ਵਿਆਹ ਤੋਂ ਪੰਜ ਮਹੀਨੇ ਬਾਅਦ ਹੀ ਤਲਾਕ ਦੀ ਮੰਗ ਕੀਤੀ ਹੈ। ਕੁਝ ਸਮੇਂ ਪਹਿਲਾਂ ਮੰਦਨਾ ਨੇ ਆਪਣੇ ਬੋਏਫਰੈਂਡ ਗੌਰਵ ਗੁਪਤਾ ਨਾਲ ਵਿਆਹ ਕਰਾਇਆ ਸੀ। ਹੁਣ ਮੰਦਨਾ ਦੀ ਸ਼ਿਕਾਇਤ ਹੈ ਕਿ ਉਸ ਦਾ ਘਰਵਾਲਾ ਕੁੱਟਮਾਰ ਕਰਦਾ ਹੈ। ਮੰਦਨਾ ਦਾ ਇਹ ਵੀ ਇਲਜ਼ਾਮ ਹੈ ਕਿ ਉਸ ਨੂੰ ਘਰੋਂ ਕੱਢ ਦਿੱਤਾ ਗਿਆ ਹੈ।ਮੰਦਨਾ ਪਿਛਲੇ ਚਾਰ ਸਾਲਾਂ ਤੋਂ ਗੌਰਵ ਨੂੰ ਜਾਣਦੀ ਸੀ। ਮੰਦਨਾ ਨੇ ਜਨਵਰੀ 2017 ਵਿੱਚ ਵਿਆਹ ਕਰਾਇਆ। ਜੁਲਾਈ 2016 ਵਿੱਚ ਉਨ੍ਹਾਂ ਦੀ ਮੰਗਣੀ ਹੋਈ ਸੀ। ਮੰਦਨਾ ਨੇ ਇਲਜ਼ਾਮ ਲਾਇਆ ਹੈ ਕਿ ਗੌਰਵ ਤੇ ਉਸ ਦੇ ਘਰਵਾਲੇ ਉਸ ਨੂੰ ਹਿੰਦੂ ਬਣਨ ਤੇ ਮਜਬੂਰ ਕਰ ਰਹੇ ਸਨ।ਮੰਦਨਾ ਇਰਾਨ ਤੋਂ ਹੈ ਤੇ ਮਾਡਲਿੰਗ ਕਰਨ ਲਈ ਮੁੰਬਈ ਆਈ ਸੀ। ਵਿਆਹ ਤੋਂ ਬਾਅਦ ਉਹ ਮਾਡਲਿੰਗ ਤੇ ਅਦਾਕਾਰੀ ਛੱਡ ਦੇਣਾ ਚਾਹੁੰਦੀ ਸੀ। ਫਿਲਹਾਲ ਕੋਰਟ ਵਿੱਚ ਮੰਦਨਾ ਨੇ ਕੇਸ ਕੀਤਾ ਹੈ। ਉਨ੍ਹਾਂ ਨੇ ਹਰ ਮਹੀਨੇ 10 ਲੱਖ ਰੁਪਏ ਤੇ 2 ਕਰੋੜ ਰੁਪਏ ਦੀ ਕੰਪਨਸੇਸ਼ਨ ਮੰਗੀ ਹੈ।

## ਬਾਲੀਵੁੱਡ ਦੇ ਨਾਇਕ ਅਮਿਤਾਭ ਬਚਨ ਫੇਸਬੁੱਕ ਕਾਰਨ ਕਾਫ਼ੀ ਪ੍ਰੇਸ਼ਾਨ

ਬਾਲੀਵੁੱਡ ਦੇ ਨਾਇਕ ਅਮਿਤਾਭ ਬਚਨ ਅੱਜਕੱਲ੍ਹ ਫੇਸਬੁੱਕ ਕਾਰਨ ਕਾਫ਼ੀ ਪ੍ਰੇਸ਼ਾਨ ਹਨ। ਪ੍ਰੇਸ਼ਾਨੀ ਦਾ ਕਾਰਨ ਅਮਿਤਾਭ ਵੱਲੋਂ ਫੇਸਬੁੱਕ ਦੇ ਸਾਰੇ ਫੀਚਰਾਂ ਦਾ ਸਹੀ ਤਰੀਕੇ ਨਾਲ




ਇਸਤੇਮਾਲ ਨਾ ਕਰ ਪਾਉਣਾ।ਅਮਿਤਾਭ ਨੇ ਆਖਿਆ ਹੈ ਕਿ ਉਹ ਫੇਸਬੁੱਕ ਉੱਤੇ ਆਪਣੀ ਰਾਏ ਪੋਸਟ ਕਰਨਾ ਚਾਹੁੰਦੇ ਹਨ ਪਰ ਉਹ ਅਜਿਹਾ ਨਹੀਂ ਕਰ ਪਾ ਰਹੇ, ਕਿਉਂਕਿ ਉਨ੍ਹਾਂ ਦਾ ਪੇਜ ਪੂਰੀ ਤਰ੍ਹਾਂ ਨਹੀਂ ਖੁੱਲ੍ਹ ਰਿਹਾ। ਅਮਿਤਾਭ ਨੇ ਐਤਵਾਰ ਨੂੰ ਟਵੀਟ ਕੀਤਾ, ਯਾਰ ਐਫਬੀ ਤੂੰ ਕਿਉਂ ਨਹੀਂ ਖੁੱਲ੍ਹਦਾ।ਪਿਛਲੇ ਹਫਤੇ ਵੀ ਮਹਾਂ ਨਾਇਕ ਨੇ ਟਵੀਟ ਜਰੀਏ ਸ਼ਿਕਾਇਤ ਕੀਤੀ ਸੀ, ਹੈਲੋ ਫੇਸਬੁੱਕ ਜਾਗ ਜਾਓ ਮੇਰਾ ਫੇਸਬੁੱਕ ਪੇਜ ਪੂਰੀ ਤਰ੍ਹਾਂ ਨਹੀਂ ਖੁੱਲ੍ਹ ਰਿਹਾ, ਅਜਿਹਾ ਕਈ ਦਿਨਾਂ ਤੋਂ ਹੈ। ਅਮਿਤਾਭ ਫ਼ਿਲਹਾਲ ਫ਼ਿਲਮ ਠੱਗਜ਼ ਆਫ਼ ਹਿੰਦੁਸਤਾਨ ਦੀ ਸ਼ੂਟਿੰਗ ਵਿੱਚ ਰੁੱਝੇ ਹਨ।

## 'ਅਰਜੁਨ ਕਪੂਰ ਤੇ ਪਰੀਨੀਤੀ ਚੋਪੜਾ ਫ਼ਿਲਮ 'ਸੰਦੀਪ ਔਰ ਪਿੰਕੀ ਫਰਾਰ' ਵਿੱਚ ਨਜ਼ਰ ਆਉਣਗੇ



ਆਪਣੀ ਡੈਬਿਊ ਫ਼ਿਲਮ 'ਇਸ਼ਕਜ਼ਾਦੇ' ਤੋਂ ਬਾਅਦ ਅਦਾਕਾਰ ਅਰਜੁਨ ਕਪੂਰ ਤੇ ਪਰੀਨੀਤੀ ਚੋਪੜਾ ਮੁੜ ਇਕੱਠਾ ਹੋਏ ਹਨ। ਦੋਵੇਂ ਜਲਦ ਫ਼ਿਲਮ 'ਸੰਦੀਪ ਔਰ ਪਿੰਕੀ ਫਰਾਰ' ਵਿੱਚ ਨਜ਼ਰ ਆਉਣਗੇ। ਫ਼ਿਲਮ ਦਾ ਨਿਰਮਾਣ ਯਸ਼ ਰਾਜ ਤੇ ਨਿਰਦੇਸ਼ਨ ਦਿਬਾਕਰ ਬੈਨਰਜੀ ਕਰਨਗੇ।ਅਰਜੁਨ ਨੇ ਕਿਹਾ, "ਮੈਂ ਬੇਹੱਦ ਉਤਸ਼ਾਹਿਤ ਹਾਂ, ਦੋਵੇਂ ਪਰੀਨੀਤੀ ਤੇ ਦਿਬਾਕਰ ਨਾਲ ਫਰਾਰ ਹੋਣ ਲਈ ਤਿਆਰ ਹਨ।" ਪਰੀਨੀਤੀ ਨੇ ਵੀ ਦੱਸਿਆ ਕਿ ਉਹ ਕਾਫੀ ਸਮੇਂ ਤੋਂ ਦਿਬਾਕਰ ਨਾਲ ਕੰਮ ਕਰਨਾ ਚਾਹੁੰਦੀ ਸੀ। ਉਨ੍ਹਾਂ ਕਿਹਾ, "ਦਿਬਾਕਰ ਦੀਆਂ ਫ਼ਿਲਮਾਂ ਮੈਨੂੰ ਬੇਹੱਦ ਪਸੰਦ ਹਨ। ਉਹ ਦਰਸ਼ਕਾਂ 'ਤੇ ਕਾਫ਼ੀ ਪ੍ਰਭਾਵ ਛੱਡਦੀਆਂ ਹਨ। ਮੈਂ ਦਰਸ਼ਕਾਂ ਲਈ ਕੁਝ ਨਵਾਂ ਕਰਨ ਲਈ ਉਤਸ਼ਾਹਿਤ ਹਾਂ।"ਪਹਿਲੀ ਫ਼ਿਲਮ ਵਿੱਚ ਤਾਂ ਦੋਹਾਂ ਦੀ ਜੋੜੀ ਨੂੰ ਬੇਹੱਦ ਪਸੰਦ ਕੀਤਾ ਗਿਆ ਸੀ। ਵੇਖਣਾ ਹੋਏਗਾ ਕਿ ਇਹ ਅੰਦਾਜ਼ ਦਰਸ਼ਕਾਂ ਨੂੰ ਕਿੰਨਾ ਭਾਏਗਾ।

## ਰਣਵੀਰ ਸਿੰਘ ਨੇ ਆਪਣੇ ਜਨਮ ਦਿਨ 'ਤੇ ਖ਼ੁਦ ਨੂੰ ਗਿਫ਼ਟ ਕੀਤੀ ਮਹਿੰਗੀ ਕਾਰ



ਫ਼ਿਲਮੀ ਅਦਾਕਾਰ ਰਣਵੀਰ ਕਪੂਰ ਆਪਣਾ 32ਵਾਂ ਜਨਮ ਦਿਨ ਮਨਾ ਰਹੇ ਹਨ। ਜਨਮ ਦਿਨ ਦੀ ਸ਼ੁਰੂਆਤ ਰਣਵੀਰ ਨੇ ਬਹੁਤ ਸਾਦੇ ਢੰਗ ਨਾਲ ਕੀਤੀ ਤੇ ਸਾਰਾ ਸਮਾਂ ਆਪਣੀ ਗਰਲਫਰੈਂਡ ਦੀਪਿਕਾ ਪਾਦੂਕੋਣ ਨਾਲ ਬਿਤਾਇਆ। ਜਨਮ ਦਿਨ 'ਤੇ ਰਣਵੀਰ ਨੇ ਆਪਣੇ ਆਪ ਨੂੰ ਇੱਕ ਮਹਿੰਗੀ ਕਾਰ ਤੋਹਫ਼ੇ ਵਜੋਂ ਦਿੱਤੀ ਜਿਸ ਵਿਚ ਬੈਠ ਕੇ ਉਹ ਦੀਪਿਕਾ ਦੇ ਵਰਲੀ ਸਥਿਤ ਘਰ ਪਹੁੰਚੇ। ਕਾਰ ਦੀ ਫ਼ਰੰਟ ਸੀਟ 'ਤੇ ਬੈਠ ਕੇ ਰਣਵੀਰ ਤੇ ਦੀਪਿਕਾ ਕੋਲਾਵਾ ਪਹੁੰਚੇ ਜਿੱਥੇ ਕਿ ਤਾਜ ਹੋਟਲ ਵਿਚ ਡਿਨਰ ਕਰਦੇ ਹੋਏ ਉਨ੍ਹਾਂ ਜਨਮ ਦਿਨ ਦਾ ਜਸ਼ਨ ਮਨਾਇਆ।

## 18 ਅਗਸਤ ਨੂੰ ਰਿਲੀਜ਼ ਹੋਵੇਗੀ ਤਾਪਸੀ ਪੰਨੂ ਦੀ ਫ਼ਿਲਮ 'ਆਨੰਦੋ ਬ੍ਰਹਮਾ'

ਫ਼ਿਲਮੀ ਅਦਾਕਾਰਾ ਤਾਪਸੀ ਪੰਨੂ ਦੀ ਆਉਣ ਵਾਲੀ ਤੇਲਗੂ ਫ਼ਿਲਮ 'ਆਨੰਦੋ ਬ੍ਰਹਮਾ' 18 ਅਗਸਤ ਨੂੰ ਰਿਲੀਜ਼ ਹੋਣ ਜਾ ਰਹੀ ਹੈ ਜਿਸ ਦਾ ਐਲਾਨ ਫ਼ਿਲਮ ਦੇ ਪ੍ਰੋਡਿਊਸਰਾਂ ਨੇ ਕੀਤਾ ਹੈ। ਅਧਿਕਾਰਤ ਪੋਸਟਰ 'ਚ ਇਸ ਮਲਟੀ ਸਟਾਰਰ ਹਾਰਰ ਕਾਮੇਡੀ ਫ਼ਿਲਮ ਦੀ



ਘੋਸ਼ਣਾ ਕਰਦਿਆਂ ਫ਼ਿਲਮ ਦੇ ਪ੍ਰੋਡਿਊਸਰਾਂ ਨੇ ਕਿਹਾ ਕਿ ਫ਼ਿਲਮ ਦੁਨੀਆ ਭਰ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਕੀਤੀ ਜਾਵੇਗੀ। 'ਪਿੰਕ' ਅਤੇ ਨਾਮ ਸ਼ਬਾਨਾ ਤੋਂ ਬਾਅਦ ਤਾਪਸੀ ਦੀ ਇਹ ਪਹਿਲੀ ਤੇਲਗੂ ਫ਼ਿਲਮ ਹੋਵੇਗੀ। ਮਾਹੀ ਰਾਘਵ ਦੁਆਰਾ ਨਿਰਦੇਸ਼ਤ ਇਸ ਫ਼ਿਲਮ 'ਚ ਸ੍ਰੀਨਿਵਾਸ ਵੇਨੇਲਾ ਕਿਸ਼ੋਰ, ਸ਼ੰਕਰ ਅਤੇ ਥਗੁਬੋਟੂ ਰਮੇਸ਼ ਵੀ ਸ਼ਾਮਲ ਹਨ।

## ਮੇਘਨਾ ਗੁਲਜ਼ਾਰ ਕਸ਼ਮੀਰ 'ਚ ਕਰੇਗੀ ਫ਼ਿਲਮ 'ਰਾਜ਼ੀ' ਦੀ ਸ਼ੂਟਿੰਗ

ਫ਼ਿਲਮ ਨਿਰਦੇਸ਼ਕ ਮੇਘਨਾ ਗੁਲਜ਼ਾਰ ਕਸ਼ਮੀਰ ਘਾਟੀ ਵਿਚ ਆਪਣੀ ਆਉਣ ਵਾਲੀ ਫ਼ਿਲਮ ਦੀ ਸ਼ੂਟਿੰਗ ਕਰੇਗੀ। ਮੇਘਨਾ ਅਨੁਸਾਰ ਕਸ਼ਮੀਰ ਨੂੰ ਲੈ ਕੇ ਬਚਪਨ ਤੋਂ ਉਨ੍ਹਾਂ ਦੀ ਬਹੁਤ ਸਾਰੀਆਂ ਚੰਗੀਆਂ ਯਾਦਾਂ ਹਨ। ਟਵੀਟ ਕਰਦਿਆਂ ਮੇਘਨਾ ਨੇ ਕਿਹਾ ਕਿ ਕਸ਼ਮੀਰ ਵਿਖੇ ਉਨ੍ਹਾਂ ਦੇ ਬਚਪਨ ਦਾ ਇੱਕ ਵੱਡਾ ਹਿੱਸਾ ਆਪਣੀ ਮਾਤਾ ਅਤੇ ਪਿਤਾ ਦੀ ਫ਼ਿਲਮਾਂ ਦੀ ਸ਼ੂਟਿੰਗ ਦੌਰਾਨ ਬੀਤਿਆ ਹੈ ਤੇ ਹੁਣ ਇੱਕ ਵਾਰ



ਫਿਰ ਉਹ ਆਪਣੀ ਫਿਲ;ਮ ਲਈ ਉੱਥੇ ਜਾ ਰਹੀ ਹੈ ਜੋ ਕਿ ਇੱਕ ਸੁਪਨੇ ਦੀ ਤਰਾਂ ਹੈ। ਮੇਘਨਾ ਇਸ ਤੋਂ ਪਹਿਲਾ ਤਲਵਾਰ ਤੇ ਫ਼ਿਲਹਾਲ ਫ਼ਿਲਮਾਂ ਬਣਾ ਚੁੱਕੀ ਹੈ। ਮੇਘਨਾ ਪ੍ਰਸਿੱਧ ਫ਼ਿਲਮਕਾਰ ਤੇ ਗੀਤਕਾਰ ਗੁਲਜ਼ਾਰ ਤੇ ਗੁਜ਼ਰੇ ਜ਼ਮਾਨੇ ਦੀ ਮਸ਼ਹੂਰ ਅਦਾਕਾਰ ਰਾਖੀ ਦੀ ਬੇਟੀ ਹੈ।

## ਅੰਗਦ ਬੇਦੀ ਨਾਲ ਡੇਟ ਕਰ ਰਹੀ ਹੈ ਰਿਚਾ ਚੱਢਾ



ਬਾਲੀਵੁੱਡ ਕਲਾਕਾਰਾਂ 'ਚ ਅਫੇਅਰ ਦੀਆਂ ਖ਼ਬਰਾਂ ਆਮ ਗੱਲ ਹੈ। ਅਜਿਹੀ ਹੀ ਇੱਕ ਖ਼ਬਰ ਬਾਲੀਵੁੱਡ ਦੀ ਬੋਲਡ ਅਦਾਕਾਰਾ ਰਿਚਾ ਚੱਢਾ ਬਾਰੇ ਆ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਰਿਚਾ ਚੱਢਾ ਦੀਆਂ ਨਜ਼ਦੀਕੀਆਂ ਫ਼ਿਲਮ 'ਡੀਅਰ ਜ਼ਿੰਦਗੀ' ਦੇ ਅਦਾਕਾਰ ਅੰਗਦ ਬੇਦੀ ਨਾਲ ਦਿਨੋਂ ਦਿਨ ਵਧ-ਦੀਆਂ ਜਾ ਰਹੀਆਂ ਹਨ। ਵੈਬ ਸੀਰੀਜ਼ 'ਇਨਸਾਈਡ ਏਜ' ਦੇ ਸੈਟ 'ਤੇ ਪਹਿਲੀ ਵਾਰ ਮਿਲੀ ਇਸ ਜੋੜੀ ਨੂੰ ਅਕਸਰ ਇਕੱਠਿਆਂ ਦੇਖਿਆ ਜਾਂਦਾ ਹੈ। ਸ਼ੂਟਿੰਗ ਖ਼ਤਮ ਹੋਣ ਦੇ ਬਾਵਜੂਦ ਵੀ ਇਹ ਜੋੜੀ ਇਕੱਠਿਆਂ ਘੁੰਮਣਾ ਪਸੰਦ ਕਰਦੀ ਹੈ। ਡਿਨਰ ਡੇਟ, ਘਰ ਲੱਭਣ ਤੱਕ ਜਿੰਮ 'ਚ ਪਸੀਨਾ ਵਹਾ-ਉਣ ਤੱਕ ਰਿਚਾ ਤੇ ਅੰਗਦ ਉਹ ਸਾਰੀਆਂ ਚੀਜ਼ਾਂ ਕਰਦੇ ਹਨ ਜੋ ਕਿ ਇੱਕ ਜੋੜੀ ਵਿਚਕਾਰ ਹੁੰਦੀਆਂ ਹਨ।

# ਸੰਯੁਕਤ ਰਾਸ਼ਟਰ ਵੱਲੋਂ ਪਰਮਾਣੂ ਹਥਿਆਰਾਂ ਉਤੇ ਪਾਬੰਦੀ ਬਾਰੇ ਸਮਝੌਤਾ ਪ੍ਰਵਾਨ

**ਸੰਯੁਕਤ ਰਾਸ਼ਟਰ-** ਦੁਨੀਆ ਦੇ 120 ਮੁਲਕਾਂ ਨੇ ਸੰਯੁਕਤ ਰਾਸ਼ਟਰ ਵਿੱਚ ਪਰਮਾਣੂ ਹਥਿਆਰਾਂ ਉਤੇ ਪਾਬੰਦੀ ਬਾਰੇ ਪਹਿਲੇ ਆਲਮੀ ਸਮਝੌਤੇ ਨੂੰ ਸਵੀਕਾਰ ਕਰਨ ਦੇ ਪੱਖ ਵਿੱਚ ਵੋਟ ਪਾਈ। ਹਾਲਾਂਕਿ ਭਾਰਤ ਸਣੇ ਹੋਰ ਪਰਮਾਣੂ ਤਾਕਤਾਂ ਨੇ ਪਰਮਾਣੂ ਹਥਿਆਰਾਂ ਦੀ ਮਨਾਹੀ ਲਈ ਕਾਨੂੰਨੀ ਤੌਰ ਉਤੇ ਬੰਧੇਜ ਵਾਲੇ ਇਸ ਦਸਤਾਵੇਜ਼ ਲਈ ਗੱਲਬਾਤ ਦਾ ਬਾਈਕਾਟ ਕੀਤਾ। ਪਰਮਾਣੂ ਨਿਸ਼ਸਤਰੀਕਰਨ ਲਈ ਕਾਨੂੰਨੀ ਬੰਧੇਜ ਵਾਲੇ ਆਪਣੀ ਤਰ੍ਹਾਂ ਦੇ ਇਸ ਪਹਿਲੇ ਸਮਝੌਤੇ ਨੂੰ ਕੱਲ੍ਹ ਗਰਮਜੋਸ਼ੀ ਨਾਲ ਸਵੀਕਾਰ ਕੀਤਾ ਗਿਆ। ਇਸ ਸਮਝੌਤੇ ਦੇ ਪੱਖ ਵਿੱਚ 122 ਵੋਟਾਂ ਪਈਆਂ, ਜਦੋਂ ਕਿ ਨੀਦਰਲੈਂਡਜ਼ ਨੇ ਵਿਰੋਧ ਵਿੱਚ ਵੋਟ ਪਾਈ ਅਤੇ ਸਿੰਗਾਪੁਰ ਵੋਟਿੰਗ ਤੋਂ ਗ਼ੈਰਹਾਜ਼ਰ ਰਿਹਾ। ਭਾਰਤ, ਅਮਰੀਕਾ, ਰੂਸ, ਬਰਤਾਨੀਆ, ਚੀਨ, ਫਰਾਂਸ, ਪਾਕਿਸਤਾਨ, ਉੱਤਰੀ ਕੋਰੀਆ ਅਤੇ ਇਜ਼ਰਾਈਲ ਨੇ ਗੱਲਬਾਤ ਵਿੱਚ ਭਾਗ ਨਹੀਂ ਲਿਆ। ਇਸ ਸਮਝੌਤੇ ਦੇ ਬੁਨਿਆਦੀ ਪੱਖਾਂ ਬਾਰੇ ਇਸ ਸਾਲ ਮਾਰਚ ਵਿੱਚ ਚਰਚਾ ਹੋਈ ਸੀ। ਪਰਮਾਣੂ ਹਥਿਆਰਾਂ ਦੀ ਮਨਾਹੀ ਨੂੰ ਕਾਨੂੰਨੀ ਬੰਧੇਜ ਦਾ ਜਾਮਾ ਪਹਿਨਾਉਣ ਲਈ ਕਾਨਫਰੰਸ ਸੱਦਣ ਵਾਸਤੇ ਪਿਛਲੇ ਸਾਲ ਅਕਤੂਬਰ ਵਿੱਚ 120 ਤੋਂ ਵੱਧ ਮੁਲਕਾਂ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿੱਚ ਮਤਾ ਪਾਇਆ ਸੀ। ਮਤੇ ਉਤੇ ਵੋਟਿੰਗ ਵੇਲੇ ਭਾਰਤ ਗੈਰਹਾਜ਼ਰ ਰਿਹਾ ਸੀ। ਅਕਤੂਬਰ ਵਿੱਚ ਇਸ ਮਤੇ ਤੋਂ ਦੂਰ ਰਹਿਣ ਬਾਰੇ ਆਪਣੇ 'ਵੋਟਿੰਗ ਸਪੱਸ਼ਟੀਕਰਨ' ਵਿੱਚ ਭਾਰਤ ਨੇ ਕਿਹਾ ਸੀ ਕਿ ਉਸ ਨੂੰ ਇਹ ਭਰੋਸਾ ਨਹੀਂ ਹੈ ਕਿ ਪ੍ਰਸਤਾਵਿਤ ਕਾਨਫਰੰਸ, ਪਰਮਾਣੂ ਨਿਸ਼ਸਤਰੀਕਰਨ ਬਾਰੇ ਕੌਮਾਂਤਰੀ ਭਾਈਚਾਰੇ ਦੀ ਵਿਆਪਕ ਦਸਤਾਵੇਜ਼ ਲਈ ਤਾਂਘ ਨੂੰ ਪੂਰੀ ਕਰ ਸਕੇਗੀ। ਭਾਰਤ ਨੇ ਦੁਹਰਾਇਆ ਕਿ 'ਜੇਨੇਵਾ ਆਧਾਰਤ ਕਾਨਫਰੰਸ ਆਨ ਡਿਸਆਰਮਾਮੈਂਟ' ਹੀ ਇਕੋ ਇਕ ਬਹੁ-ਧਿਰੀ ਨਿਸ਼ਸਤਰੀਕਰਨ ਫੋਰਮ ਹੈ।

ਭਾਰਤ ਨੇ ਅੱਗੇ ਕਿਹਾ ਕਿ ਉਹ 'ਪਰਮਾਣੂ ਹਥਿਆਰਾਂ ਬਾਰੇ ਵਿਆਪਕ ਕਨਵੈਨਸ਼ਨ ਬਾਰੇ ਨਿਸ਼ਸਤਰੀਕਰਨ ਕਾਨਫਰੰਸ' ਵਿੱਚ ਗੱਲਬਾਤ ਸ਼ੁਰੂ ਕਰਨ ਦਾ ਹਮਾਇਤੀ ਹੈ, ਜਿਸ ਵਿੱਚ ਹਥਿਆਰਾਂ ਦੀ ਮਨਾਹੀ ਤੇ ਖ਼ਾਤਮੇ ਦੇ ਨਾਲ ਨਾਲ ਇਸ ਦੀ ਪੜਤਾਲ ਦੀ ਮਦ ਵੀ ਸ਼ਾਮਲ ਹੈ।

# City of Pittsburg's Teeyan da Celebration

**Sponsored by DESIROOT ORG & Punjabi Multi-cultural Society**
**Special Guest Dr. Neeta Bijoor & Author Manpreet Komal**



DESIROOT.ORG

Desi Plates $6.00
Special guest performances:
BRATs of Wilson's Dance Studio
Hip-Hop Natyam
Kariktan Dance Company



**August 26, 2017**

**Location: 2301 Range Rd. Pittsburg, CA 94565**

**Time: 1:00 - 4:00**



** DOORS OPEN @ 12:40 **SHOW STARTS ON TIME @ 1:00
Giddha Bhangra Hip-Hop and more
Raffle Prizes ... Dance floor opens up to Desi style dancing
Entry $5 Kids 5 and under Free
Ladies and children event only



Contact Organizer for additional informat on (booths/performance interest)

**Ruby Raju @ 925/550-1088 or Kashmir @ 925/329-9835**

# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

**BUFFET LUNCH 11:00 AM To 3:00 PM**

We are open seven days 11 AM to 10 PM

Contact Us:
**Ph. 510-885-1212**
**Fax. 510-885-1532**

# L.A. MERCHANDISE
## Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

**500 N. Palora Ave. Yuba City, CA 95991**

**530-671-0439, Fax 530-822-0439 Cell- 530-844-3250**


# ਫਰਿਜ਼ਨੋ ਏਰੀਏ ਦੀ ਸਿੱਖ ਸੰਗਤ ਦੀ ਗੋਰਿਆਂ ਦੇ ਸਮਾਗਮਾਂ "ਚ ਸਮੂਲੀਅਤ, ਸਿੱਖ ਪਹਿਚਾਣ ਲਈ ਮੀਲ ਪੱਥਰ ਸਾਬਤ ਹੋਈ


**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪਿਛਲੇ ਸਮੇਂ ਦੌਰਾਂਨ ਫਰਿਜਨੋ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਨਸਲੀ ਘਟਨਾਵਾਂ ਤਹਿਤ ਚਾਰ-ਪੰਜ ਸਿੱਖ ਬਜ਼ੁਰਗਾਂ ਨੂੰ ਨਫ਼ਰਤੀ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ ਸੀ, ਇਨ੍ਹਾਂ ਘਟਨਾਵਾਂ ਦੇ ਮੱਦੇਨਜ਼ਰ ਸਿੱਖ ਪਹਿਚਾਣ ਨੂੰ ਲੈਕੇ ਸਥਾਨਕ ਸਿੱਖ ਸੰਸਥਾਵਾਂ ਵੱਲੋਂ ਕਈ ਪ੍ਰੋਗ੍ਰਾਮ ਉਲੀਕੇ ਗਏ, "ਤਾਂ ਕਿ ਹੋਰ ਮੂਲ ਦੇ ਲੋਕਾਂ ਨੂੰ ਪੰਜਾਬੀ ਪਹਿਰਾਵੇ, ਦਸਤਾਰ ਅਤੇ ਸਿੱਖੀ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਇਆ ਜਾ ਸਕੇ। ਇਸੇ ਸੰਧਰਵ ਅਧੀਨ ਸਿੱਖ ਕੈਂਪੇਨ ਦੇ ਨਾਮ ਹੇਠ ਫਰਿਜਨੋ ਏਰੀਏ ਦੇ ਲੋਕਲ ਇੰਗਲਸ ਚੈਨਲਾਂ ਤੇ "ਵੂਈ ਆਰ ਸਿੱਖਸ" ਦੇ ਬੈਨਰ ਹੇਠ ਸਿੱਖ ਪਹਿਚਾਣ ਲਈ ਐਡ ਸੂਰੂ ਕੀਤੀ ਗਈ ਸੀ ਜਿਸਨੂੰ ਭਰਵਾ ਹੁੰਗਾਰਾ ਮਿਲਣ ਮਗਰੋਂ ਸਿੱਖ ਸੰਸਥਾਵਾਂ ਨੇ ਇਸ ਸਾਲ ਫੋਰਥ ਆਫ ਜੁਲਾਈ ਸਮਾਗਮਾਂ ਵਿੱਚ ਹਿੱਸਾ ਲੈਣ ਦਾ ਫੈਸਲਾ ਲਿਆ "ਤੇ ਸ਼ਾਇਦ ਪਹਿਲੀ ਵਾਰ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਪੰਜਾਬੀ ਸੂਟ ਪਹਿਨਕੇ ਤੇ ਦਸਤਾਰਾ ਸਜਾਕੇ ਫਰਿਜ਼ਨੋ ਸਹਿਰ ਦੇ ਚੱਕਚਾਂਸੀ ਪਾਰਕ ਵਿੱਚ ਨੈਸਨਲ ਗੇਂਮ ਬੇਸਬਾਲ ਵੇਖਣ ਲਈ ਹੁੰਮ੍ਹ ਹਭਾਕੇ ਪਹੁੰਚੀ ਤੇ ਪੂਰਾ ਗਰਿਜ਼ਲੀ ਸਟੇਡੀਅਮ ਖਾਲਸਾਈ ਰੰਗ ਵਿੱਚ ਰੰਗਿਆ ਪ੍ਰਤੀਤ ਹੋ ਰਿਹਾ ਸੀ। ਬੇਸਬਾਲ ਗੇਂਮ ਸੂਰੂ ਹੋਣ ਤੋਂ ਪਹਿਲਾਂ ਤਕਰੀਬਨ ਪੰਜਾਹ ਸਿੱਖਾਂ ਨੇ ਫਲੈਗ ਮਾਰਚ ਰਸਮ ਵਿੱਚ ਹਿੱਸਾ ਲਿਆ। ਇਸ ਮੌਕੇ ਗੱਲਬਾਤ ਕਰਦਿਆਂ ਸਾਬਕਾ ਕਰਮਨ ਸਿਟੀ ਕੌਂਸਲਰ ਬਿੱਲ ਨਿੱਝਰ ਨੇ ਕਿਹਾ ਕਿ ਉਹਨਾਂ ਪੀਸੀਏ ਅਤੇ ਹੋਰ ਸਿੱਖ ਸੰਸਥਾਵਾਂ ਨਾਲ ਰਲਕੇ ਗਰਿਜ਼ਲੀ ਬੇਸਬਾਲ ਦੀਆਂ ਤਿੰਨ ਸੌ ਦੇ ਕਰੀਬ ਟਿਕਟਾਂ ਖਰੀਦ ਲਈਆਂ ਸਨ ਤੇ ਮੁਫਤ ਵਿੱਚ ਸਿੱਖ ਸੰਗਤ ਨੂੰ ਇਸ ਗੇਮ ਦਾ ਨਜ਼ਾਰਾ ਵੇਖਣ ਲਈ ਸੱਦਾ ਦਿੱਤਾ ਗਿਆ ਸੀ ਤੇ ਫਰਿਜਨੋ ਏਰੀਏ ਦੀ ਸਿੱਖ ਸੰਗਤ ਨੇ ਵੱਡੀ ਗਿਣਤੀ ਵਿੱਚ ਦਸਤਖਤ ਦੇਕੇ ਸਾਡਾ ਮਾਣ ਰੱਖਿਆ।

ਇਸ ਮੌਕੇ ਬਹੁਤ ਸਾਰੇ ਗੋਰੇ ਲੋਕ ਸਿੱਖਾਂ ਦਾ ਗੇਂਮ ਤੇ ਸਵਾਗਤ ਕਰਦੇ ਵੀ ਵੇਖੇ ਗਏ। ਇਸ ਮੌਕੇ ਸ਼ਾਮ ਨੂੰ ਫਾਇਰ-ਵਕਰਸ ਵੇਖਣਯੋਗ ਸੀ। ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਜਿਸ ਮਕਸਦ ਲਈ ਅਸੀਂ ਉਪਰਾਲਾ ਅਰੰਭਿਆ ਸੀ ਓਹ ਕਾਂਮਯਾਬ ਰਿਹਾ "ਤੇ ਕਮਿਊਨਟੀ ਦੇ ਸਹਿਯੋਗ ਲਈ ਓਹਨਾਂ ਸਮੂਹ ਸਿੱਖ ਸੰਗਤ ਦਾ ਧੰਨਵਾਦ ਕੀਤਾ।

ਇਸੇ ਤਰਾਂ ਫੋਰਥ ਜੁਲਾਈ ਨੂੰ ਮੁੱਖ ਰੱਖਕੇ ਵਾਈਸਾਲੀਆ ਸਹਿਰ ਦਾ ਫਾਇਰਵਰਕਸ ਵੀ ਸਿੱਖ ਕਮਿਊਂਨਟੀ ਵੱਲੋਂ ਸਪਾਂਸਰ ਕੀਤਾ ਗਿਆ ਸੀ। ਪੰਜ ਜੁਲਾਈ ਨੂੰ ਸਿਲਮਾਂ ਸਿਟੀ ਦੇ ਸਹਿਯੋਗ ਨਾਲ ਸਥਾਨਿਕ ਪਾਰਕ ਵਿੱਚ ਸਿੱਖ ਸੰਗਤ ਵੱਲੋਂ ਸਭ ਜਾਤੀਆਂ-ਧਰਮਾਂ ਲਈ ਸਾਝਾਂ ਲੰਗਰ ਲਾਇਆ ਗਿਆ। ਇਸ ਮੌਕੇ ਬਿਲਕੁਲ ਮੁਫ਼ਤ ਅਮਰੀਕਨ, ਇੰਡੀਅਨ ਤੇ ਮੈਕਸੀਕਨ ਫੂਡ ਵਰਤਾਇਆ ਗਿਆ ਤੇ ਸਿੱਖ ਲਿਟਰੇਚਰ ਵੀ ਵੰਡਿਆ ਗਿਆ।

ਸਿੱਖ ਪਹਿਚਾਣ ਨੂੰ ਮੁੱਖ ਰੱਖਕੇ ਸੰਗਤ ਦਸਤਾਰਾ ਅਤੇ ਦੁਪੱਟੇ ਸਜਾਕੇ ਪਹੁੰਚੀਆਂ ਹੋਈਆਂ ਸਨ। ਇਸ ਮੌਕੇ ਪ੍ਰਬੰਧਕ ਵੀਰ ਜਿਨ੍ਹਾਂ ਵਿੱਚ ਜਸਵੰਤ ਸਿੰਘ ਬੱਲ, ਬੇਅੰਤ ਸੰਧੂ (ਹੈਂਨਫਰਡ), ਨਿੱਕ ਸਹੋਤਾ ( ਸਿਲਮਾਂ), ਸਮਰਵੀਰ ਸਿੰਘ ਵਿਰਕ, ਪ੍ਰਮੋਧ ਲੋਈ, ਸੁਖਬੀਰ ਸਿੰਘ ਭੰਡਾਲ, ਡਾ. ਸ਼ਰਨਜੀਤ ਸਿੰਘ ਪੁਰੇਵਾਲ, ਅੰਮ੍ਰਿਤਪਾਲ ਸਿੰਘ ਔਲਖ (ਵਾਈਸਾਲੀਆ) ਨੇ ਸਾਝੇ ਪ੍ਰੈਸ ਨੋਟ ਵਿੱਚ ਕਿਹਾ ਕਿ ਸਿੱਖ ਪਹਿਚਾਣ ਨੂੰ ਮੁੱਖ ਰੱਖਕੇ ਉਲੀਕੇ ਇਹ ਪ੍ਰੋਗ੍ਰਾਮ ਬੇਹੱਦ ਸਫ਼ਲ ਰਹੇ ਅਤੇ ਸਮੂਹ ਸੰਗਤ ਇਸ ਸੁਭ ਕਾਰਜ ਨੂੰ ਨੇਪਰੇ ਚਾੜਨ ਲਈ ਵਧਾਈ ਦੀ ਪਾਤਰ ਹੈ।


ਕੁਲਵੰਤ ਧਾਲੀਆਂ / ਨੀਟਾ ਮਾਛੀਕੇ


Photos by Neeta Machhike





